ਰਸ-ਧਾਰਾ

ਗਿ. ਸੰਤ ਸਿੰਘ ਮਸਕੀਨ

੧ੴ ਸਤਿਗੁਰ ਪ੍ਰਸਾਦਿ ॥

ਰਸ-ਧਾਰਾ

ਲੇਖਕ :

ਗਿ: ਸੰਤ ਸਿੰਘ 'ਮਸਕੀਨ'

ਗੁਰਮਤਿ ਸਮਾਗਮ ਅਸਥਾਨ
ਰੋਡ ਨੰ: 2,
ਅਲਵਰ - 301 001 (ਰਾਜਸਥਾਨ)
ਫ਼ੋਨ : 2331313

ਸੀਸ ਗਰਾਂ
ਅਲਵਰ - 301 001 (ਰਾਜਸਥਾਨ)
ਫ਼ੋਨ : 0144-2701123
ਮੋਬਾਇਲ : 98102-70140

RAS-DHARA

by

GIANI SANT SINGH "MASKEEN"

©

ਸਭ ਹੱਕ ਲੇਖਕ ਦੇ ਰਾਖਵੇਂ ਹਨ।

ਬਿਨਾਂ ਆਗਿਆ ਕੋਈ ਨਾ ਛਾਪੇ।

ਪਹਿਲੀ ਵਾਰ ਫ਼ਰਵਰੀ 2001

ਦੂਜੀ ਵਾਰ ਨਵੰਬਰ 2004

ਤੀਜੀ ਵਾਰ ਜਨਵਰੀ 2006

ਚੌਥੀ ਵਾਰ ਸਤੰਬਰ 2009

ਮੁੱਲ : 55-00 ਰੁਪਏ

ਮਿਲਣ ਦੇ ਪਤੇ :

ਗੁਰ ਜੋਤੀ ਐਂਟਰਪ੍ਰਾਈਜ਼ਜ਼

ਰੋਡ ਨੰ: 2, ਅਲਵਰ - 301 001

ਫ਼ੋਨ : 0144-2344312, 2331313

ਸਿੰਘ ਬ੍ਰਦਰਜ਼

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com

Website : www.singhbrothers.com

ਲੇਖਕ ਤੇ ਪ੍ਰਕਾਸ਼ਕ :

ਗਿ: ਸੰਤ ਸਿੰਘ ਮਸਕੀਨ

ਸੀਸ ਗਰਾਂ, ਅਲਵਰ - 301 001 (ਰਾਜਸਥਾਨ)

ਫ਼ੋਨ : 0144-2701123, 2335478 ਮੋਬਾਇਲ : 98102-70140

ਪ੍ਰਿੰਟਰਜ਼ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਤਤਕਰਾ

—ਭੂਮਿਕਾ 5

- ਜੋਗੀ 7
- ਧਰਮ ਕੀ ਗਤਿ ਰਹੀ 30
- ਗੁਣ-ਅਵਗੁਣ 42
- ਜੋਤਿਸ਼ ਵਿਗਿਆਨ 50
- ,ਨਿਰਾਸ਼ਾ 57
- ਬਿਰਹੀ 68
- ਨਿੰਦਾ-ਉਸਤਤ 76
- ਮਨ ਰੇ ਕਿਉ ਛੂਟਹਿ ਬਿਨੁ ਪਿਆਰ 87
- ਨੈਤਿਕਤਾ ਤੇ ਧਾਰਮਿਕਤਾ 95
- ਸੰਸਾਰੀ 104
- ਜਗਿਆਸੂ 113
- ਸਾਧੂ 122
- ਸੰਤ 129

ਭੂਮਿਕਾ

ਮਨੁੱਖ ਦੇ ਪ੍ਰਾਣਾਂ ਵਿਚ ਐਸੇ ਰਸ ਦੀ ਪਿਆਸ ਹੈ, ਜੋ ਕਦੇ ਵੀ ਬੇ-ਰਸ ਨਾ ਹੋਵੇ; ਐਸਾ ਜੀਵਨ ਜੋ ਮ੍ਰਿਤੂ ਤੋਂ ਰਹਿਤ ਹੋਵੇ; ਐਸੀ ਪ੍ਰਭੁਤਾ ਤੇ ਸੁਖ ਜੋ ਸਦੀਵੀ ਹੋਵੇ; ਔਰ ਐਸੇ ਮਹਾਂ ਰਸ ਦਾ ਨਾਮ ਹੀ ਪਰਮਾਤਮਾ ਹੈ; ਮਹਾਂ ਸੁਖ ਤੇ ਪ੍ਰਭੁਤਾ ਦਾ ਨਾਮ ਹੀ ਪ੍ਰਭੂ ਹੈ।

ਜੈਸੇ ਰੇਤ ਨੂੰ ਪੀੜਨ ਨਾਲ ਤੇਲ ਨਹੀਂ ਨਿਕਲਦਾ, ਬਲਕਿ ਤਿਲਾਂ ਨੂੰ ਪੀੜਨ ਨਾਲ ਨਿਕਲਦਾ ਹੈ, ਇਵੇਂ ਹੀ ਸੰਸਾਰ ਤੋਂ ਮਨੁੱਖ ਦੀਆਂ ਲੋੜਾਂ ਦੀ ਪੂਰਤੀ ਤਾਂ ਹੋ ਸਕਦੀ ਹੈ, ਪਰੰਤੂ ਮਹਾਂ ਸੁਖ ਤੇ ਮਹਾਂ ਰਸ ਆਤਮਿਕ ਚਿੰਤਨ ਦੇ ਨਾਲ ਹੀ ਪ੍ਰਾਪਤ ਹੁੰਦੇ ਹਨ। ਪਰਮਾਤਮਾ ਦਾ ਚਿੰਤਨ ਹੋ ਸਕੇ, ਪਰਮਾਤਮਾ ਦੀ ਵਿਚਾਰ ਲਾਜ਼ਮੀ ਹੈ। ਪਰਮਾਤਮਾ ਦੀ ਵਿਚਾਰ ਗੁਰਬਾਣੀ ਦੀ ਵਿਚਾਰਧਾਰਾ ਹੈ। ਵਿਚਾਰ ਦੀ ਇਹ ਧਾਰਾ ਆਤਮ-ਚਿੰਤਨ ਦੀ ਤਰਫ਼ ਪ੍ਰੇਰਦੀ ਹੈ ਤੇ ਪਰਮਾਤਮਾ ਦਾ ਚਿੰਤਨ ਜੀਵਨ ਨੂੰ ਰਸ-ਧਾਰ ਬਣਾ ਦਿੰਦਾ ਹੈ।

ਇਸ ਪੁਸਤਕ ਰਾਹੀਂ ਇਕ ਨਿਮਾਣਾ ਜਿਹਾ ਉੱਦਮ ਸਤਿਗੁਰਾਂ ਨੇ ਕਰਾਇਆ ਹੈ। ਦਾਸ ਨੇ ਤੁੱਛ ਬੁੱਧ ਦੇ ਸੀਮਿਤ ਪਿਆਲਿਆਂ ਨਾਲ ਰਸ ਦੇ ਸਾਗਰ ਵਿੱਚੋਂ ਰਸ ਕੱਢਣ ਦਾ ਉਪਰਾਲਾ ਕੀਤਾ ਹੈ। ਅਰਦਾਸ ਹੈ, ਪਾਠਕ ਜਨ ਸਤਿਗੁਰੂ ਜੀ ਦੀ ਬਖ਼ਸ਼ਿਸ਼ ਸਦਕਾ ਆਪਣਾ ਜੀਵਨ ਰਸ-ਧਾਰ ਬਣਾ ਸਕਣ।

ਇਸ ਪੁਸਤਕ ਨੂੰ ਸੋਧ ਕੇ ਲਿਖਣ ਵਿਚ ਗਿਆਨੀ ਬਲਵਿੰਦਰ ਸਿੰਘ ਵੈਨਕੂਵਰ (ਕੈਨੇਡਾ) ਨਿਵਾਸੀ ਦਾ ਖ਼ਾਸ ਸਹਿਯੋਗ ਰਿਹਾ ਹੈ, ਇਹ ਸਮਰੱਥਾ ਸਤਿਗੁਰੂ ਜੀ ਬਖ਼ਸ਼ੀ ਰੱਖਣ।

ਸੀਸ ਗਰਾਂ,
ਅਲਵਰ (ਰਾਜਸਥਾਨ)

ਗਿਆਨੀ ਸੰਤ ਸਿੰਘ ਮਸਕੀਨ

ਜੋਗੀ

ਜੋਗੀ ਅੰਦਰਿ ਜੋਗੀਆ॥
ਤੂੰ ਭੋਗੀ ਅੰਦਰਿ ਭੋਗੀਆ॥
ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇਆਲਿ ਜੀਉ॥

(ਸਿਰੀ ਰਾਗੁ ਮਹਲਾ ੧, ਪੰਨਾ 71)

ਜੋਗ ਮਤ ਵਿਚ 'ਜੋਗ' ਸਿਰਮੌਰ ਸ਼ਬਦ ਹੈ। ਜੋਗ ਦੇ ਅਰਥ ਨੇ ਜੋੜ। ਬ੍ਰਹਿਮੰਡ ਨੂੰ ਗ਼ੌਰ ਨਾਲ ਦੇਖੀਏ ਤਾਂ ਸਮੂਹ ਜੋੜ ਦਾ ਨਾਮ ਹੀ ਬ੍ਰਹਿਮੰਡ ਹੈ। ਪਿੰਡ (ਆਪਣਾ ਸਰੀਰ) ਨੂੰ ਦੇਖੀਏ ਤਾਂ ਸਮੂਹ ਸਰੀਰ ਦੇ ਜੋੜ ਦਾ ਨਾਮ ਪਿੰਡ ਹੈ, ਔਰ ਸਮੂਹ ਦੇ ਜੋੜ ਦਾ ਨਾਮ ਬ੍ਰਹਮ ਹੈ। ਤੋ ਬ੍ਰਹਮ, ਬ੍ਰਹਿਮੰਡ ਤੇ ਪਿੰਡ— ਧਰਮ ਦੀ ਯਾਤਰਾ ਪਿੰਡ ਤੋਂ ਸ਼ੁਰੂ ਕਰਨੀ ਪਏਗੀ, ਕਿਉਂਕਿ ਪਿੰਡ ਨੇੜੇ ਹੈ, ਕੋਲ ਹੈ; ਬ੍ਰਹਿਮੰਡ ਬਹੁਤ ਫੈਲਿਆ ਹੋਇਆ ਹੈ, ਉਥੋਂ ਤੱਕ ਸਾਡੇ ਹੱਥ ਨਹੀਂ ਜਾਂਦੇ, ਪੈਰ ਨਹੀਂ ਜਾਂਦੇ ਅਤੇ ਨਾ ਹੀ ਸਾਡੀ ਸੋਚਣੀ ਤੇ ਸਮਝ ਜਾਂਦੀ ਹੈ। ਇਹ ਠੀਕ ਹੈ, ਪਿੰਡ ਵੀ ਮਹਾਨ ਹੈ ਤੇ ਨੇੜੇ ਹੈ। ਚੂੰਕਿ ਨੇੜੇ ਹੈ, ਹੋ ਸਕਦਾ ਹੈ ਸਾਰੇ ਨੂੰ ਨਾ ਵੀ ਸਮਝ ਸਕੀਏ, ਪਰ ਥੋੜ੍ਹੀ ਜਿਹੀ ਸਮਝ ਤੋਂ ਵੀ ਸਾਰੀ ਪ੍ਰਾਪਤੀ ਹੋ ਸਕਦੀ ਹੈ। ਜਿਵੇਂ ਕਿਸੇ ਇਕ ਥਾਂ ਤੋਂ ਸਾਗਰ ਦਾ ਇਕ ਚੁਲ਼ੀ ਪਾਣੀ ਪੀਣ ਨ਼ਾਲ ਸਾਰੇ ਸਾਗਰ ਦੇ ਜ਼ਾਇਕੇ (ਸਵਾਦ) ਦਾ ਪਤਾ ਲੱਗ ਜਾਂਦਾ ਹੈ ਕਿ ਸਾਗਰ ਕੀ ਹੈ? ਇਕ ਦਾਣੇ ਦੇ ਟੋਹਣ ਨਾਲ ਪਤਾ ਚੱਲ ਜਾਂਦਾ ਹੈ ਕਿ ਦਾਣੇ ਪੱਕ ਗਏ ਨੇ ਕਿ ਨਹੀਂ। ਇਵੇਂ ਹੀ ਥੋੜ੍ਹੀ ਜਿਹੀ ਪਿੰਡ ਦੀ ਸਮਝ ਪੈ ਜਾਣ ਨਾਲ ਬ੍ਰਹਿਮੰਡ ਦੀ ਸਮਝ ਬਣ ਜਾਏਗੀ। ਹਾਂ, ਐਸਾ ਨਾ ਕਿਧਰੇ ਸਮਝ ਬੈਠੀਏ ਕਿ ਵਾਕਈ ਪਿੰਡ ਬ੍ਰਹਿਮੰਡ ਹੈ ਤੇ ਪਿੰਡ ਨੂੰ ਅਸੀਂ ਸਮਝ ਜਾਵਾਂਗੇ। ਨਹੀਂ, ਕਤਈ ਅਸੀਂ ਸਮਝ ਨਹੀਂ ਸਕਾਂਗੇ। ਲੇਕਿਨ ਸਮਝ ਸਮਝ ਕੇ ਇਕ ਸਮਝ ਜ਼ਰੂਰ ਮਿਲੇਗੀ ਕਿ ਮੈਂ ਨਹੀਂ ਸਮਝ ਸਕਿਆ ਔਰ ਇਹ ਹੀ ਸਮਝ ਸਭ ਤੋਂ ਵੱਡੀ ਸਮਝ ਹੈ। ਮਨੁੱਖ ਅਕਲ ਦਾ ਹਥਿਆਰ ਸੁੱਟ ਦੇਵੇਗਾ ਔਰ ਹਿਰਦੇ ਦੇ ਹਥਿਆਰ ਨੂੰ ਅੱਗੇ ਕਰੇਗਾ।

ਅਕਲ ਦਾ ਕੰਮ ਹੈ ਸਮਝਣਾ, ਹਿਰਦੇ ਦਾ ਕੰਮ ਹੈ ਜੁੜਨਾ। ਮਨੁੱਖ ਕੋਲ ਹਿਰਦਾ ਨਾ ਹੋਵੇ ਤਾਂ ਆਪਣੇ ਪਰਿਵਾਰ ਨਾਲ ਵੀ ਨਹੀਂ ਜੁੜ ਸਕਦਾ। ਕਿਸੇ

ਨਾਲ ਪਿਆਰ ਹੋਵੇ ਤਾਂ ਹੱਥ ਸੀਨੇ 'ਤੇ ਚਲਿਆ ਜਾਂਦਾ ਹੈ, ਜਿਸ ਦਾ ਭਾਵ ਇਹ ਹੈ ਕਿ ਇਹ ਮੇਰੇ ਹਿਰਦੇ ਵਿਚ ਹੈ। ਔਰ ਜੇ ਕਿਧਰੇ ਬਹੁਤ ਗਹਿਰਾਈ ਨਾਲ ਸਮਝਣਾ ਹੋਵੇ ਤਾਂ ਹੱਥ ਸਿਰ 'ਤੇ ਚਲਿਆ ਜਾਂਦਾ ਹੈ। ਹੱਥ ਬਾਰ ਬਾਰ ਮੱਥੇ 'ਤੇ ਜਾਵੇ ਤਾਂ ਸਮਝੋ ਕਿ ਇਹ ਮਨੁੱਖ ਕੁਛ ਗਹਿਰਾ ਸੋਚ ਰਿਹਾ ਹੈ। ਸੀਨੇ 'ਤੇ ਹੱਥ ਜਾਵੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਇਹ ਆਪਣੇ ਆਪ ਨੂੰ ਕਿਸੇ ਨਾਲ ਜੋੜ ਰਿਹਾ ਹੈ। ਪਰਿਪੂਰਨ ਪਰਮਾਤਮਾ ਨੇ ਸਾਨੂੰ ਗਿਆਨ-ਇੰਦਰੇ ਦਿੱਤੇ ਨੇ, ਕਰਮ-ਇੰਦਰੇ ਦਿੱਤੇ ਨੇ; ਪੈਰਾਂ ਨਾਲ ਅਸੀਂ ਚਲਦੇ ਹਾਂ, ਹੱਥਾਂ ਨਾਲ ਅਸੀਂ ਕੰਮ ਕਰਦੇ ਹਾਂ। ਹੱਥ ਨਾ ਹੋਵਣ ਤਾਂ ਅਸੀਂ ਕੰਮ ਨਹੀਂ ਕਰ ਸਕਾਂਗੇ; ਪੈਰ ਨਾ ਹੋਵਣ ਅਸੀਂ ਗਮਨ ਨਹੀਂ ਕਰ ਸਕਾਂਗੇ।

ਅੱਜ ਦੇ ਵਿਗਿਆਨ ਨੇ ਮਨੁੱਖਤਾ ਦੇ ਗਿਆਨ-ਇੰਦਰਿਆਂ ਅਤੇ ਕਰਮ-ਇੰਦਰਿਆਂ ਦੀ ਸ਼ਕਤੀ ਨੂੰ ਬਹੁਤ ਵਧਾਇਆ ਹੈ। ਮਨੁੱਖ ਕਿਤਨਾ ਵੀ ਲਗਾਤਾਰ ਚਲਦਾ ਰਹੇ, ਤਦ ਵੀ 30 ਮੀਲ ਦੀ ਵਾਟ ਤੋਂ ਜ਼ਿਆਦਾ ਤਹਿ ਨਹੀਂ ਕਰ ਸਕੇਗਾ। ਪਰ ਆਵਾਜ਼ ਤੋਂ ਵੀ ਤਿੱਖੇ ਚੱਲਣ ਵਾਲੇ ਜਹਾਜ਼ ਬਣਾ ਕੇ ਮਨੁੱਖ ਸਮੁੱਚੀ ਪ੍ਰਿਥਵੀ ਦਾ ਭ੍ਰਮਣ 24 ਘੰਟਿਆਂ ਵਿਚ ਕਰ ਲੈਂਦਾ ਹੈ; ਵਿਗਿਆਨ ਨੇ ਮਨੁੱਖ ਦੇ ਪੈਰਾਂ ਦੀ ਸ਼ਕਤੀ ਨੂੰ ਇਤਨਾ ਵਿਕਸਤ ਕਰ ਦਿੱਤਾ ਹੈ। ਆਟੋਮੈਟਿਕ ਮਸ਼ੀਨਾਂ, ਹਜ਼ਾਰਾਂ ਹੱਥਾਂ ਦਾ ਕੰਮ ਕਰ ਦੇਂਦੀਆਂ ਹਨ। ਇਨ੍ਹਾਂ ਦੋ ਹੱਥਾਂ ਨੂੰ ਮਸ਼ੀਨਾਂ ਨਾਲ ਬਹੁਤ ਸੱਤਿਆ ਮਿਲ ਗਈ ਹੈ। ਪ੍ਰਾਚੀਨ ਇਤਿਹਾਸ ਵਿਚ ਇਕ ਰਿਸ਼ੀ ਹੋਇਐ—ਸਹੰਸਰਬਾਹੂ (ਹਜ਼ਾਰਾਂ ਹੱਥਾਂ ਵਾਲਾ)। ਅੱਜ ਮਨੁੱਖ ਕੋਲ ਮਸ਼ੀਨਾਂ ਨਾਲ ਬਹੁਤ ਤਾਕਤ ਆ ਗਈ ਹੈ। ਜਦ ਕਦੀ ਮਨੁੱਖ ਆਪਣਾ ਪੂਰਾ ਜ਼ੋਰ ਲਾ ਕੇ ਵੀ ਬੋਲੇ ਤਾਂ ਵੀ ਆਪਣੀ ਆਵਾਜ਼ ਨੂੰ ਇਕ ਫਰਲਾਂਗ ਤੋਂ ਜ਼ਿਆਦਾ ਨਹੀਂ ਲਿਜਾ ਸਕਦਾ। ਪਰੰਤੂ ਰੇਡੀਓ, ਵਾਇਰਲੈੱਸ, ਟੀ.ਵੀ., ਟੈਲੀਫ਼ੋਨ, ਇਨ੍ਹਾਂ ਦੇ ਰਾਹੀਂ ਮਨੁੱਖ ਆਪਣੀ ਆਵਾਜ਼ ਨੂੰ ਹਜ਼ਾਰਾਂ ਮੀਲ ਦੀ ਦੂਰੀ 'ਤੇ ਪਹੁੰਚਾ ਸਕਦਾ ਹੈ, ਤੇ ਪਹੁੰਚਾ ਰਿਹਾ ਹੈ। ਮਨੁੱਖ ਦੀ ਆਵਾਜ਼ ਨੂੰ ਵੀ ਬੜੀ ਪ੍ਰਬਲਤਾ ਤੇ ਸ਼ਕਤੀ ਮਿਲ ਗਈ ਹੈ। ਇਕ ਮੁਲਕ ਵਿਚ ਕੋਈ ਬੋਲ ਰਿਹਾ ਹੈ, ਦੂਜੇ ਮੁਲਕ ਵਿਚ ਕੋਈ ਸੁਣ ਰਿਹਾ ਹੈ। ਇਸ ਤਰ੍ਹਾਂ ਵਿਗਿਆਨ ਨੇ ਸਰੋਤ-ਸ਼ਕਤੀ ਵੀ ਵਧਾ ਦਿੱਤੀ ਹੈ।

ਦੂਰ ਤੋਂ ਵੀ ਦੂਰ ਪਈਆਂ ਚੀਜ਼ਾਂ ਨੂੰ ਅੱਜ ਅਸੀਂ ਦੇਖ ਸਕਦੇ ਹਾਂ। ਧਰਤੀ 'ਤੇ ਬੈਠੇ ਹੀ ਅੱਜ ਅਸੀਂ ਚੰਦ, ਸੂਰਜ, ਗ੍ਰਹਿਆਂ, ਸਿਤਾਰਿਆਂ ਦੀ ਗਤੀ ਨੂੰ ਦੂਰਬੀਨਾਂ ਰਾਹੀਂ ਦੇਖ ਸਕਦੇ ਹਾਂ। ਖ਼ੁਰਦਬੀਨ ਨਾਲ, ਮਾਇਕ੍ਰੋਸਕੋਪ ਨਾਲ ਬਾਰੀਕ ਤੋਂ ਵੀ ਬਾਰੀਕ ਚੀਜ਼ ਅੱਜ ਅਸੀਂ ਦੇਖ ਸਕਦੇ ਹਾਂ। ਇਸ ਤਰੀਕੇ ਨਾਲ ਗਿਆਨ-ਇੰਦਰਿਆਂ ਅਤੇ ਕਰਮ-ਇੰਦਰਿਆਂ ਦੀ ਸ਼ਕਤੀ ਵਿਗਿਆਨ ਨੇ ਵਧਾ ਦਿੱਤੀ ਹੈ। ਪਰ ਅਜੇ ਕੋਈ ਐਸਾ ਆਲਾ (ਜੰਤਰ) ਵਿਕਸਤ ਨਹੀਂ ਹੋਇਆ

ਕਿ ਮਨੁੱਖ ਦੀ ਸਮਝ ਨੂੰ ਵਧਾ ਦਿੱਤਾ ਜਾਏ। ਅਗਰ ਮਨੁੱਖ ਦੀ ਸਮਝ ਵਿਚ ਸਾਰਾ ਬ੍ਰਹਿਮੰਡ ਵੀ ਆ ਜਾਏ, ਸ਼ਾਇਦ ਐਸਾ ਹੋ ਵੀ ਨਹੀਂ ਸਕੇਗਾ, ਕਿਉਂਕਿ ਸਮਝ ਵਧਦੀ ਏ ਅਭਿਆਸ ਦੇ ਨਾਲ, ਸਮਝ ਵਧਦੀ ਏ ਆਤਮ-ਚਿੰਤਨ ਦੇ ਨਾਲ, ਪਰ ਆਤਮ-ਚਿੰਤਨ ਉਹੀ ਕਰ ਸਕਦਾ ਹੈ, ਜਿਸ ਨੂੰ ਆਤਮਾ 'ਤੇ ਭਰੋਸਾ ਹੋਵੇ, ਪਰਮਾਤਮਾ 'ਤੇ ਵਿਸ਼ਵਾਸ ਹੋਏ। ਇਸੇ ਵਾਸਤੇ ਸਤਿਸੰਗ ਦੀ ਮਹਿਮਾ ਹੈ ਕਿ ਮਨੁੱਖ ਦਾ ਮਨ, ਪਰਮਾਤਮਾ ਨੂੰ ਪਰਮਾਤਮਾ ਕਰ ਕੇ ਮੰਨ ਲਵੇ ਔਰ ਇਸ ਦਾ ਭਰੋਸਾ ਬੱਝ ਜਾਵੇ। ਜੈਸੇ ਹੀ ਇਸਦਾ ਭਰੋਸਾ ਬੱਝਦਾ ਹੈ, ਬਸ ਇਸਦਾ ਬੇੜਾ ਪਾਰ ਹੋਇਆ ਜਾਣੋ। ਭਗਤ ਕਹਿੰਦੇ ਹਨ—ਜਗਤ ਵਿਚ ਗੋਬਿੰਦ ਤੋਂ ਬਿਨਾਂ ਕੁਛ ਵੀ ਨਹੀਂ ਹੈ, ਸਭੁ ਗੋਬਿੰਦ ਹੈ :

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥

(ਆਸਾ ਸ੍ਰੀ ਨਾਮਦੇਉ ਜੀ, ਪੰਨਾ 485)

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ,
ਹਰਿ ਰੂਪੁ ਨਦਰੀ ਆਇਆ॥ *(ਰਾਮਕਲੀ ਮ: ੩, ਪੰਨਾ 922)*

ਸਤਿਗੁਰਾਂ ਦੀ ਬਾਣੀ ਦਾ ਫ਼ੁਰਮਾਨ, ਇਹ ਸਭ ਹਰੀ ਦਾ ਰੂਪ ਹੈ, ਇਹ ਸਭ ਪ੍ਰਭੂ ਹੈ, ਇਹ ਸਭ ਪਰਮਾਤਮਾ ਹੈ। ਸੂਫ਼ੀ ਸੰਤ ਸ਼ਮਸ ਤਬਰੇਜ਼ ਕਹਿੰਦੇ ਨੇ :

ਦੂਈ ਰਾ ਚੂੰ ਬਦਰ ਕਰਦਮ ਦੋ ਆਲਮ ਰਾ ਯਕੇ ਦੀਦਮ।

ਜਿਸ ਦਿਨ ਦੀ ਦੁਬਿਧਾ ਮਿਟ ਗਈ ਹੈ, ਦੋ ਆਲਮ ਵਿਚ ਇੱਕੋ ਹੀ ਦਿਖਾਈ ਦੇ ਰਿਹਾ ਹੈ, ਕੋਈ ਦੂਜਾ ਨਹੀਂ ਹੈ। ਸਾਡੀਆਂ ਇਹ ਦੋ ਅੱਖਾਂ ਹੀ ਦੋ ਵੇਖਦੀਆਂ ਹਨ, ਛੋਟਾ ਵੱਡਾ ਵੇਖਦੀਆਂ ਨੇ, ਸੁੰਦਰਤਾ ਤੇ ਕੁਰੂਪਤਾ ਦੇਖਦੀਆਂ ਨੇ; ਮਨੁੱਖ ਨੂੰ ਵੇਖਦੀਆਂ ਨੇ, ਪਸ਼ੂ ਨੂੰ ਦੇਖਦੀਆਂ ਨੇ; ਇਸਤਰੀ ਤੇ ਪੁਰਸ਼ ਨੂੰ ਦੇਖਦੀਆਂ ਨੇ। ਇਹ ਦੋ ਅੱਖਾਂ ਜਗਤ ਨੂੰ ਵੰਡ ਦਿੰਦੀਆਂ ਨੇ। ਸਭ ਕੁਛ ਵੱਖ ਵੱਖ ਦਿਖਾਈ ਦਿੰਦਾ ਹੈ। ਭਗਤ ਕਹਿੰਦਾ ਹੈ—ਸਭ ਗੋਬਿੰਦ ਹੈ ਸਭ ਗੋਬਿੰਦ ਹੈ; ਪਰ ਇਕ ਨਾਸਤਕ ਕਹਿੰਦਾ ਹੈ, ਸਾਇੰਟਿਸਟ ਕਹਿੰਦਾ ਹੈ ਕਿ ਸਭ ਪਦਾਰਥ ਹੈ। ਜੇ ਪਦਾਰਥ ਨੂੰ ਦੇਖੀਏ ਤਾਂ ਭਾਗ ਦਿਖਾਈ ਦੇਵੇਗਾ ਤੇ ਜਿਸ ਨੂੰ ਭਾਗ ਦਿਖਾਈ ਦਿੰਦਾ ਹੈ, ਉਸ ਨੂੰ ਭੋਗੀ ਕਹਿੰਦੇ ਹਨ। ਪਰ ਜੇ ਦ੍ਰਿਸ਼ਟ ਹੋਵੇ, ਪਰਮਾਤਮਾ ਨੂੰ ਦੇਖੀਏ, ਤਾਂ ਸਭ ਕੁਛ ਇਕ ਦਿਖਾਈ ਦਿੰਦਾ ਹੈ। ਇਕ ਨੂੰ ਸਭ ਕੁਛ ਟੁਕੜੇ ਟੁਕੜੇ ਦਿਖਾਈ ਦਿੰਦਾ ਹੈ, ਵੱਖ ਵੱਖ ਦਿਖਾਈ ਦਿੰਦਾ ਹੈ; ਦੂਸਰੇ ਨੂੰ 'ਇਕ' ਦਿਖਾਈ ਦਿੰਦਾ ਹੈ। ਜਿਸ ਨੂੰ ਇਕ ਦਿਖਾਈ ਦਿੰਦਾ ਹੈ, ਉਸ ਨੂੰ ਸੰਤ ਕਹਿੰਦੇ ਨੇ, ਭਗਤ ਕਹਿੰਦੇ ਨੇ, ਔਰ ਜਿਸ ਨੂੰ ਅਨੇਕਤਾ ਦਿਖਾਈ ਦਿੰਦੀ ਹੈ, ਉਸ ਨੂੰ ਸੰਸਾਰੀ ਕਹਿੰਦੇ ਨੇ। ਸਾਗਰ ਦੇ ਤੱਟ 'ਤੇ ਦੋ ਮਨੁੱਖ

ਖੜ੍ਹੇ ਨੇ। ਇਕ ਕਹਿੰਦਾ ਹੈ ਕਿ ਇਨ੍ਹਾਂ ਲਹਿਰਾਂ ਦੇ ਇਕੱਠ ਤੋਂ ਇਲਾਵਾ ਕੀ ਹੈ, ਲਹਿਰਾਂ ਹੀ ਲਹਿਰਾਂ ਨੇ; ਛੋਟੀਆਂ ਲਹਿਰਾਂ ਨੇ, ਵੱਡੀਆਂ ਲਹਿਰਾਂ ਨੇ; ਬਹੁਤ ਵੱਡੀਆਂ ਅਥਾਹ ਲਹਿਰਾਂ ਨੇ। ਦੂਜਾ ਕਹਿੰਦਾ ਹੈ ਕਿ ਇਹ ਸਾਗਰ ਹੈ। (ਸੰਤ ਇਕ ਸਾਗਰ ਹੈ।) ਤੋ ਇਕ ਨੂੰ ਸਿਰਫ਼ ਇਕ ਸਾਗਰ ਦਿਖਾਈ ਦੇ ਰਿਹਾ ਹੈ ਔਰ ਦੂਸਰੇ ਨੂੰ ਅਨੇਕ ਲਹਿਰਾਂ ਦਿਖਾਈ ਦੇ ਰਹੀਆਂ ਨੇ। ਦੇਖਣ ਦੇਖਣ ਦਾ ਅੰਤਰ ਹੈ। ਪਰ ਇਹ ਵੀ ਸਹੀ ਹੈ ਕਿ ਜੋ ਲਹਿਰਾਂ ਨੂੰ ਦੇਖ ਰਿਹਾ ਹੈ, ਉਸ ਨੂੰ ਗ਼ਲਤ ਸਾਬਤ ਨਹੀਂ ਕੀਤਾ ਜਾ ਸਕਦਾ; ਔਰ ਜੋ ਸਾਗਰ ਦੇਖ ਰਿਹਾ ਹੈ, ਉਹ ਤਾਂ ਸਾਗਰ ਹੈ ਹੀ।

ਇਕ ਲਹਿਰਾਂ ਨੂੰ ਦੇਖ ਰਿਹਾ ਹੈ—ਲਹਿਰਾਂ ਬਣ ਰਹੀਆਂ ਨੇ, ਮਿਟ ਰਹੀਆਂ ਨੇ; ਇਕ ਸਾਗਰ ਨੂੰ ਦੇਖ ਰਿਹਾ ਹੈ, ਨਾ ਮਿਟਦਾ ਹੈ ਨਾ ਬਣਦਾ ਹੈ। ਇਕ ਸੰਸਾਰ ਨੂੰ ਦੇਖ ਰਿਹਾ ਹੈ—ਬਣ ਰਿਹਾ ਹੈ, ਮਿਟ ਰਿਹਾ ਹੈ; ਇਕ ਨਿਰੰਕਾਰ ਨੂੰ ਦੇਖ ਰਿਹਾ ਹੈ—ਨਾ ਬਣਦਾ ਹੈ ਨਾ ਮਿਟਦਾ ਹੈ, ਅਨਾਦੀ ਹੈ। ਅੱਜ ਤਕ ਇਹ ਦੋਵੇਂ ਗ਼ਲਤ ਨਹੀਂ ਸਾਬਤ ਹੋ ਸਕੇ। ਸੰਸਾਰੀ ਅੱਜ ਤਕ ਭਗਤ ਨੂੰ ਗ਼ਲਤ ਸਾਬਤ ਨਹੀਂ ਕਰ ਸਕੇ ਔਰ ਭਗਤ ਸੰਸਾਰੀ ਨੂੰ। ਇਸ ਵਾਸਤੇ ਆਦਿ ਕਾਲ ਤੋਂ ਇਹ ਦੋਵੇਂ ਚਲੇ ਆ ਰਹੇ ਨੇ। ਇਕ ਨਾਸਤਕ (ਸੰਸਾਰੀ) ਤੇ ਇਕ ਭਗਤ, ਚਲੇ ਆ ਰਹੇ ਨੇ। ਪਦਾਰਥਵਾਦੀ, ਪਰਮਾਤਮਵਾਦੀ ਆਦਿ ਕਾਲ ਤੋਂ ਹੀ ਚਲੇ ਆ ਰਹੇ ਨੇ।

ਇੰਜ ਕਿਹਾ ਜਾ ਸਕਦਾ ਹੈ ਕਿ ਪਦਾਰਥਵਾਦੀ ਦੀ ਬੁੱਧੀ ਅਜੇ ਤਕ ਪੂਰਨ ਤੌਰ 'ਤੇ ਵਿਗਸਤ ਨਹੀਂ ਹੋਈ, ਨਹੀਂ ਤਾਂ ਉਹ ਪਰਮਾਤਮਾ ਨੂੰ ਪੂਰਨ ਤੌਰ 'ਤੇ ਵੇਖਣ ਦੇ ਸਮਰੱਥ ਹੋ ਜਾਏ। ਅਗਰ ਇਕ ਐਲਾਨੀਆ ਕਹਿ ਰਿਹਾ ਹੈ ਕਿ ਕੋਈ ਪਰਮਾਤਮਾ ਨਹੀਂ ਹੈ, ਦਰਅਸਲ ਉਹ ਆਪਣਾ ਦ੍ਰਿਸ਼ਟੀਕੋਣ ਜਗਤ ਸਾਹਮਣੇ ਰੱਖ ਰਿਹਾ ਹੈ। ਉਸਦਾ ਆਈ-ਕਿਊ ਇਤਨਾ ਹੀ ਹੈ, ਉਸਦੀ ਦ੍ਰਿਸ਼ਟੀ ਦੀ ਸ਼ਕਤੀ ਇਤਨੀ ਹੀ ਹੈ, ਇਸ ਵਾਸਤੇ ਸੰਸਾਰੀ, ਭਗਤ ਨੂੰ ਗ਼ਲਤ ਸਾਬਤ ਨਹੀਂ ਕਰ ਸਕੇ, ਕਿਉਂਕਿ ਉਪਰ ਉਪਰ ਤਾਂ ਲਹਿਰਾਂ ਹੀ ਨੇ। ਪਰ ਇਕ ਕਹਿੰਦਾ ਹੈ ਕਿ ਸਾਗਰ ਹੀ ਸਾਗਰ ਹੈ। ਇਹ ਸੰਘਰਸ਼ ਆਦਿ ਕਾਲ ਤੋਂ ਚਲਿਆ ਆ ਰਿਹਾ ਹੈ। ਭਗਤ 'ਇਕ ਹੈ ਇਕ ਹੈ' ਕਹਿ ਕੇ ਚੁੱਪ ਕਰ ਜਾਂਦੇ ਨੇ, ਪਰ ਜਿਹੜੇ ਸੰਸਾਰੀ ਨੇ—'ਅਨੇਕ ਹੈ ਅਨੇਕ ਹੈ,' 'ਟੁਕੜੇ ਟੁਕੜੇ ਹੈ,' ਇਕ ਆਖਣ ਵਾਲੇ ਨੂੰ ਟੁਕੜੇ ਟੁਕੜੇ ਕਰਨ ਦੀ ਕੋਸ਼ਿਸ਼ ਕਰਦੇ ਨੇ। ਪਤਾ ਨਹੀਂ ਕਿਤਨੇ ਪੈਗੰਬਰੀ ਪੁਰਸ਼ਾਂ, ਅਵਤਾਰੀ ਪੁਰਸ਼ਾਂ ਨੂੰ ਸੰਸਾਰੀਆਂ ਨੇ ਕਬੂਲ ਨਹੀਂ ਕੀਤਾ। ਕਿਸੇ ਨੂੰ ਤੱਤੀ ਤਵੀ 'ਤੇ ਬਿਠਾਇਆ, ਕਿਸੇ ਨੂੰ ਚਾਂਦਨੀ ਚੌਕ ਵਿਚ ਸ਼ਹੀਦ ਕੀਤਾ, ਕਿਸੇ ਨੂੰ ਜੇਲ੍ਹਾਂ ਵਿਚ ਰੱਖਿਆ, ਕਿਸੇ ਨੂੰ ਸੂਲੀ 'ਤੇ ਚਾੜ੍ਹਿਆ, ਕਿਸੇ ਨੂੰ ਜ਼ਹਿਰ ਦਾ ਪਿਆਲਾ ਪਿਲਾ ਕੇ ਮਾਰਿਆ ਔਰ ਕਿਸੇ ਨੂੰ ਪੱਥਰ ਮਾਰੇ। ਗ਼ਰਜ਼ਿ ਕਿ ਜਿਥੇ ਸੰਸਾਰੀ ਪੁਰਖ ਪੱਥਰ ਮਾਰਦੇ ਰਹੇ, ਅਵਤਾਰੀ ਪੁਰਖ ਪੱਥਰ ਖਾਂਦੇ ਰਹੇ।

ਭਗਤ ਤਾਂ ਇਤਨਾ ਆਖ ਕੇ ਚੁੱਪ ਕਰ ਜਾਂਦੇ ਰਹੇ ਕਿ ਅਜੇ ਤੁਹਾਡੇ ਕੋਲ ਉਹ ਦ੍ਰਿਸ਼ਟੀ ਨਹੀਂ ਕਿ ਤੁਸੀਂ 'ਇਕ' ਨੂੰ ਵੇਖ ਸਕੋ। ਲੇਕਿਨ ਸੰਸਾਰੀ ਕਹਿਣ ਲੱਗੇ ਕਿ ਇਹ ਤੁਹਾਡਾ ਪਾਗਲਪਨ ਅਸੀਂ ਖ਼ਤਮ ਕਰ ਦੇਣਾ ਹੈ। ਜਿਹੜਾ ਤੁਹਾਨੂੰ ਇਕ ਦਿਖਾਈ ਦਿੰਦਾ ਹੈ, ਅਨੇਕਤਾ ਹੀ ਤਾਂ ਹੈ, ਹੋਰ ਕੀ ਹੈ। ਜਿਨ੍ਹਾਂ ਨੂੰ ਅਸੀਂ ਹਿੰਦੂ, ਮੁਸਲਮਾਨ, ਸਿਖ, ਈਸਾਈ, ਬੋਧੀ, ਜੈਨੀ ਕਹਿੰਦੇ ਹਾਂ, ਇਹ ਤਾਂ ਰਸਤਿਆਂ ਦੇ ਨਾਮ ਨੇ। ਕੋਈ ਯਹੂਦੀ ਹੈ, ਰਸਤੇ 'ਤੇ ਚੱਲ ਕੇ ਪਹੁੰਚ ਗਿਆ ਹੋਵੇ, ਕੋਈ ਜ਼ਰੂਰੀ ਨਹੀਂ ਹੈ। ਲੇਕਿਨ ਕੋਈ ਸਿਖ ਹੈ, ਗੁਰੂ ਦੇ ਮਾਰਗ 'ਤੇ ਚੱਲ ਕੇ ਪਰਮਾਤਮਾ ਤਕ ਪਹੁੰਚ ਗਿਆ ਹੋਵੇ, ਲਾਜ਼ਮੀ ਹੈ। ਇਹ ਮੁਸਲਮ, ਇਹ ਹਿੰਦੂ ਇਨ੍ਹਾਂ ਵਿੱਚੋਂ ਕੋਈ ਪਹੁੰਚਿਆ ਹੋਇਆ ਹੋਵੇ, ਐਸਾ ਦਿਖਾਈ ਨਹੀਂ ਦਿੰਦਾ। ਕਿਉਂਕਿ ਜਨਮ ਤੋਂ ਕੋਈ ਧਾਰਮਿਕ ਨਹੀਂ ਹੁੰਦਾ; ਸਾਧਨਾ ਤੋਂ, ਜੀਵਨ ਤੋਂ ਧਾਰਮਿਕ ਬਣੇਗਾ ਔਰ ਸੰਸਾਰ ਵਿਚ ਇਹ ਇਕ ਮਹਾਨ ਬਦਕਿਸਮਤੀ ਹੈ ਕਿ ਅਕਸਰ ਮਨੁੱਖ—ਹਿੰਦੂ, ਮੁਸਲਮ, ਸਿਖ, ਈਸਾਈ, ਬੋਧੀ, ਜੈਨੀ, ਆਪਣੇ ਆਪ ਨੂੰ ਜਨਮ ਤੋਂ ਹੀ ਧਾਰਮਿਕ ਮੰਨ ਲੈਂਦਾ ਹੈ, ਜਦ ਕਿ ਜਨਮ ਤੋਂ ਧਾਰਮਿਕ ਹੋਣ ਦਾ ਦੂਰ ਦਾ ਵੀ ਸੰਬੰਧ ਨਹੀਂ ਹੈ। ਇਹ ਤਾਂ ਜੀਵਨ ਤੋਂ ਬਣੇਗਾ, ਸਾਧਨਾ ਤੋਂ ਬਣੇਗਾ। ਤੇ ਜਦ ਕੋਈ ਜਨਮ ਤੋਂ ਹੀ ਧਾਰਮਿਕ ਹੈ ਤਾਂ ਫਿਰ ਸਾਧਨਾ ਕਰਨ ਦੀ ਲੋੜ ਨਹੀਂ ਹੈ, ਮਿਹਨਤ ਕਰਨ ਦੀ ਕੋਈ ਲੋੜ ਹੀ ਨਹੀਂ ਹੈ। ਇਸ ਵਾਸਤੇ ਅਧਾਰਮਿਕ ਮਨੁੱਖ ਧਰਮ ਦਾ ਲੇਬਲ ਲਗਾਈ ਬੈਠੇ ਨੇ। ਜਿਸ ਕਾਰਨ ਕਦੀ ਮੰਦਿਰ, ਕਦੀ ਮਸਜਿਦਾਂ ਟੁੱਟਦੀਆਂ ਨੇ, ਕਦੀ ਗੁਰਦੁਆਰਿਆਂ ਨੂੰ ਅੱਗ ਲਾਈ ਜਾਂਦੀ ਹੈ, ਕਿਧਰੇ ਚਰਚ (ਗਿਰਜੇ) ਟੁੱਟਦੇ ਨੇ, ਕਿਧਰੇ ਜਨੇਊ ਜਲਾਇਆ ਜਾਂਦਾ ਹੈ, ਕਿਧਰੇ ਸੁੰਨਤ ਦੀ ਵਿਰੋਧਤਾ ਹੁੰਦੀ ਹੈ। ਇਹ ਧਰਮ ਦੇ ਨਾਮ 'ਤੇ ਆਦਿ ਕਾਲ ਤੋਂ ਝਗੜੇ ਹੁੰਦੇ ਦੇਖਦੇ ਪਏ ਹਾਂ; ਜਦ ਕਿ ਧਰਮ ਸ਼ਾਂਤੀ ਦਾ ਨਾਮ ਹੈ, ਭਾਈਚਾਰੇ ਦਾ ਨਾਮ ਹੈ, ਧਰਮ ਪਰਮਾਤਮ-ਰਸ ਦਾ ਨਾਮ ਹੈ, ਧਰਮ ਦਇਆ ਦਾ ਨਾਮ ਹੈ, ਧਰਮ ਸਮਦ੍ਰਿਸ਼ਟੀ ਦਾ ਨਾਮ ਹੈ। ਜੇ ਕਿਸੇ ਧਰਮੀ ਕੋਲ ਇਹ ਗੁਣ ਹੀ ਨਹੀਂ ਹਨ ਤਾਂ ਉਸ ਨੂੰ ਧਾਰਮਿਕ ਕਹਿਣ ਦੀ ਲੋੜ ਹੀ ਕੀ ਹੈ। ਪਰ ਬੜਾ ਹੀ ਪ੍ਰਬਲ ਅੰਧਕਾਰ ਹੈ, ਮਨੁੱਖੀ ਜਗਤ ਵਿਚ ਅੰਧਕਾਰ ਹੀ ਅੰਧਕਾਰ ਹੈ।

ਜਨਮ ਤੋਂ ਅੰਧੇ ਮਨੁੱਖ ਨੂੰ ਚਾਨਣੇ ਦਾ ਕੋਈ ਗਿਆਨ ਨਹੀਂ ਹੁੰਦਾ, ਕੁਛ ਬੋਧ ਨਹੀਂ ਹੁੰਦਾ। ਉਸ ਨੂੰ ਕਿਤਨਾ ਵੀ ਆਖੀਏ ਕਿ ਬੜੀ ਰੌਸ਼ਨੀ ਹੈ, ਬੜਾ ਚਾਨਣਾ ਹੈ, ਪਰ ਜੋ ਜਨਮ ਤੋਂ ਹੀ ਨਹੀਂ ਜਾਣਦਾ, ਉਸ ਨੂੰ ਕਿਸ ਤਰ੍ਹਾਂ ਸਮਝਾਇਆ ਜਾਏ। ਸਮਝਾਵਿਆਂ ਨਾਲ ਤਾਂ ਨਹੀਂ ਸਮਝਾਇਆ ਜਾਇਗਾ, ਉਸਦੀਆਂ ਅੱਖਾਂ ਦਾ ਸਹੀ ਢੰਗ ਨਾਲ ਇਲਾਜ ਕਰਾਇਆ ਜਾਏ ਔਰ ਜਦ ਉਹ ਦੇਖਣ ਵਿਚ ਸਮਰੱਥ ਹੋ ਜਾਏ ਤਾਂ ਫਿਰ ਉਹ ਵੀ ਕਹਿ ਉਠੇਗਾ—ਚਾਨਣਾ ਹੈ ਚਾਨਣਾ ਹੈ।

ਕੋਈ ਕਹਿ ਰਿਹਾ ਹੈ—'ਪਦਾਰਥ ਹੈ ਪਦਾਰਥ' ਹੈ, ਦਰਅਸਲ ਉਹ ਦੱਸ ਰਿਹਾ ਹੈ ਕਿ ਅੰਧਾ ਹੈ। ਧੰਨ ਗੁਰੂ ਨਾਨਕ ਦੇਵ ਜੀ ਨੇ ਬੜਾ ਸੁੰਦਰ ਫ਼ੁਰਮਾਨ ਕੀਤਾ ਹੈ:

ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥ *(ਰਾਮਕਲੀ ਮਹਲਾ ੨, ਪੰਨਾ 954)*

ਜਿਨ੍ਹਾਂ ਨੂੰ ਅਨੇਕਤਾ ਦਿਖਾਈ ਦਿੰਦੀ ਹੈ, ਇਨ੍ਹਾਂ ਦੋ ਅੱਖਾਂ ਕਰਕੇ ਅਨੇਕਤਾ ਦੋ ਦੋ ਦਿਖਾਈ ਦਿੰਦੀ ਹੈ; ਉਨ੍ਹਾਂ ਦੀ ਇਕ ਤੀਸਰੀ ਅੱਖ ਵੀ ਹੈ, ਜੋ ਜਨਮ ਤੋਂ ਹੀ ਬੰਦ ਪਈ ਹੈ; ਇਨ੍ਹਾਂ ਦੋ ਨੇਤਰਾਂ ਦੇ ਵਿਚਕਾਰ ਹੈ, ਜਿਥੇ ਸਾਡੇ ਹਿੰਦੂ ਵੀਰ ਟਿੱਕਾ ਲਗਾਉਂਦੇ ਨੇ, ਉਹ ਅੱਖ ਇਥੇ ਹੀ ਹੈ। ਵਾਹਿਗੁਰੂ ਵਾਹਿਗੁਰੂ ਦੇ ਜਪੁ ਨਾਲ ਉਸ ਅੱਖ ਨੂੰ ਖੋਲ੍ਹਣਾ ਹੈ, ਕਿਉਂਕਿ ਉਹ ਬੰਦ ਪਈ ਹੈ, ਉਹ ਚੇਤਨਾ ਸੁੱਤੀ ਪਈ ਹੈ:

ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ ॥
(ਸੂਹੀ ਮਹਲਾ ੪, ਪੰਨਾ 758)

ਔਰ ਜਿਸ ਦਿਨ ਜਪ ਕਰਦਿਆਂ ਕਰਦਿਆਂ ਜਿਸ ਦੀ ਇਹ ਤੀਜੀ ਅੱਖ ਖੁਲ੍ਹ ਜਾਂਦੀ ਹੈ, ਉਹ ਬੋਲ ਉਠਦਾ ਹੈ:

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥

ਪਰਮਾਤਮਾ ਤੋਂ ਬਿਨਾਂ ਕੁਛ ਵੀ ਨਹੀਂ। ਜਿਤਨੇ ਚਿਰ ਤਕ ਇਹ ਤੀਜੀ ਅੱਖ ਨਹੀਂ ਖੁਲ੍ਹੇਗੀ, ਇਹ ਦੋ ਅੱਖਾਂ ਵਾਲਾ ਕਹਿ ਦੇਵੇਗਾ—'ਪਦਾਰਥ ਤੋਂ ਬਿਨਾਂ ਕੁਛ ਵੀ ਨਹੀਂ ਹੈ;' ਔਰ ਪਦਾਰਥ ਦੇ ਤਲ 'ਤੇ ਭਿੰਨ ਭਿੰਨ ਹੈ, ਭਾਗ ਭਾਗ ਹੈ, ਟੁਕੜੇ ਟੁਕੜੇ ਹੈ, ਸਭ ਕੁਛ ਅਲੱਗ ਅਲੱਗ ਹੈ। ਪਿੱਤਲ ਜੈਸਾ ਸੋਨਾ ਨਹੀਂ ਹੈ, ਸੋਨੇ ਜੈਸਾ ਲੋਹਾ ਨਹੀਂ ਹੈ; ਲੋਹੇ ਜੈਸੀ ਚਾਂਦੀ ਨਹੀਂ ਹੈ ਔਰ ਚਾਂਦੀ ਜੈਸਾ ਤਾਂਬਾ ਨਹੀਂ ਹੈ; ਸ਼ੇਰ ਜੈਸੀ ਗਊ ਨਹੀਂ ਹੈ, ਗਊ ਜੈਸਾ ਗਿੱਦੜ ਨਹੀਂ ਹੈ; ਗਿੱਦੜ ਜੈਸਾ ਘੋੜਾ ਨਹੀਂ ਹੈ, ਘੋੜੇ ਜੈਸਾ ਖੋਤਾ ਨਹੀਂ ਹੈ ਔਰ ਗਧੇ ਜੈਸਾ ਸੂਅਰ ਨਹੀਂ ਹੈ; ਬਨਸਪਤੀ ਵੱਲ ਹੀ ਦੇਖ ਲਵੋ, ਸਭ ਕਿਛ ਭਿੰਨ ਭਿੰਨ ਹੈ। ਮਨੁੱਖ ਵੱਲ ਹੀ ਦੇਖ ਲਵੋ, ਇਕ ਮਨੁੱਖ ਜੈਸਾ ਦੂਜਾ ਮਨੁੱਖ ਨਹੀਂ ਮਿਲਦਾ। ਸਭ ਵੱਖ ਵੱਖ ਦਿਖਾਈ ਦੇਵੇਗਾ ਔਰ ਜਿਸ ਨੂੰ ਐਸਾ ਦਿਖਾਈ ਦੇ ਰਿਹਾ ਹੈ, ਉਸ ਨੂੰ ਵੀ ਗ਼ਲਤ ਸਾਬਤ ਕਰਨਾ ਮੁਸ਼ਕਲ ਹੋ ਜਾਏਗਾ। ਔਖਾ ਹੈ, ਕਿਉਂਕਿ ਲਹਿਰਾਂ ਉਪਰ ਉਪਰ ਦਿਖਾਈ ਦਿੰਦੀਆਂ ਹਨ। ਸਿਰਫ਼ ਇਹ ਸਬੂਤ ਮੁਹੱਈਆ ਕਰ ਰਿਹਾ ਹੈ ਕਿ ਅਜੇ ਪਾਰ ਦੇਖਣ ਦਾ ਇਸ ਦੇ ਕੋਲ ਹੀਲਾ ਨਹੀਂ ਹੈ, ਅਜੇ ਇਹ ਪਾਰਦਰਸ਼ੀ ਨਹੀਂ ਹੈ, ਅਜੇ ਅਨੇਕਤਾ ਵਿੱਚੋਂ ਇਕ ਨੂੰ ਦੇਖਣ ਦੀ ਇਸ ਦੇ

ਪਾਸ ਸਮਰੱਥਾ ਨਹੀਂ ਹੈ। ਔਰ ਜਿਸ ਕੋਲ ਉਸ ਇਕ ਨੂੰ ਦੇਖਣ ਦੀ ਸਮਰੱਥਾ ਆ ਜਾਂਦੀ ਹੈ, ਉਸ ਨੂੰ ਸੰਤ ਆਖਿਆ ਜਾਂਦਾ ਹੈ, ਭਗਤ ਕਹਿੰਦੇ ਨੇ। ਔਰ ਜੋ ਅਨੇਕਤਾ ਨੂੰ ਦੇਖ ਰਿਹਾ ਹੈ, ਉਸ ਨੂੰ ਸੰਸਾਰੀ ਕਹਿੰਦੇ ਨੇ। ਸਮੁੱਚੇ ਮਨੁੱਖੀ ਜਗਤ ਨੂੰ ਰੰਗ, ਰੂਪ, ਨਸਲ ਕਰਕੇ ਨਹੀਂ, ਸਿਰਫ਼ ਉਪਰਲੀ ਦ੍ਰਿਸ਼ਟੀ ਕਰਕੇ ਦੋ ਹਿੱਸਿਆਂ ਵਿਚ ਵੰਡ ਸਕਦੇ ਹਾਂ—ਸੰਸਾਰੀ ਤੇ ਭਗਤ, ਸੰਤ ਤੇ ਸੰਸਾਰੀ।

ਸੰਸਾਰੀ ਤਾਂ ਹਰ ਸ਼ਹਿਰ ਵਿਚ ਨੇ, ਹਰ ਮੁਲਕ ਵਿਚ ਨੇ, ਹਰ ਕਸਬੇ ਵਿਚ ਨੇ, ਪਰ ਭਗਤ ਕਿਧਰੇ ਕਿਧਰੇ ਹੈ; ਜੈਸੇ :

ਚੰਦਨ ਤਰ ਨਾ ਬਨੁ ਬਨੁ, ਸਾਧ ਨ ਪੁਰ ਪੁਰ ਮਾਹਿ।

ਚੰਦਨ ਦਾ ਬਿਰਖ ਹਰ ਜੰਗਲ ਵਿਚ ਨਹੀਂ ਹੈ। ਕੇਸਰ ਹਰ ਧਰਤੀ ਪੈਦਾ ਨਹੀਂ ਕਰਦੀ। ਹਰ ਪਹਾੜ ਦੀ ਕੁੱਖ 'ਚੋਂ ਹੀਰੇ ਨਹੀਂ ਨਿਕਲਦੇ। ਹਰ ਜਗ੍ਹਾ ਸਾਗਰ ਵਿੱਚੋਂ ਮੋਤੀ ਨਹੀਂ ਨਿਕਲਦੇ, ਇਸ ਵਾਸਤੇ ਹਰ ਸ਼ਹਿਰ, ਹਰ ਮੁਲਕ, ਹਰ ਕਸਬੇ ਵਿਚ ਸੰਤ ਨਹੀਂ ਹੁੰਦੇ। ਇਹ ਬਹੁਤ ਥੋੜ੍ਹੇ ਨੇ, ਟਾਵੇਂ ਟਾਵੇਂ। ਕਿਉਂ ? ਕਿਉਂਕਿ ਇਹ ਦੋ ਅੱਖਾਂ ਤਾਂ ਜਨਮ ਨਾਲ ਖੁੱਲ੍ਹ ਜਾਂਦੀਆਂ ਨੇ, ਪਰ ਉਹ ਤੀਸਰੀ ਅੱਖ, ਜਿਸ ਨਾਲ ਇਕ ਦਿਖਾਈ ਦੇਵੇ, ਉਹ ਤਾਂ ਸਾਧਨਾ ਨਾਲ ਖੁਲ੍ਹੇਗੀ, ਉਹ ਤਾਂ ਜਪ, ਤਪ ਨਾਲ ਖੁਲ੍ਹੇਗੀ, ਉਹ ਤਾਂ ਸਤਿਸੰਗ ਨਾਲ ਖੁਲ੍ਹੇਗੀ; ਇਹ ਤਾਂ ਗੁਰਬਾਣੀ ਦੇ ਜਪ ਨਾਲ ਖੁਲ੍ਹੇਗੀ, ਔਰ ਬੜੀ ਕਠਿਨ ਸਾਧਨਾ ਕਰਨੀ ਪਏਗੀ।

ਕੁਦਰਤ ਨੇ ਇਕ ਨਿਯਮ ਬਣਾ ਦਿੱਤਾ ਹੈ ਕਿ ਜੋ ਮਹਾਨ ਹੈ, ਉਹ ਬਿਨਾਂ ਮਿਹਨਤ ਦੇ, ਬਿਨਾਂ ਸਾਧਨਾ ਦੇ ਪ੍ਰਾਪਤ ਨਹੀਂ ਹੁੰਦਾ। ਗੀਟੀਆਂ ਤੇ ਪੱਥਰ ਤਾਂ ਥਾਂ ਥਾਂ ਤੋਂ ਲੱਭ ਜਾਂਦੇ ਨੇ, ਪਰ ਹੀਰੇ ਤਾਂ ਪਹਾੜਾਂ ਦੇ ਸੀਨੇ ਚੀਰ ਕੇ ਲੱਭਣੇ ਪੈਂਦੇ ਨੇ। ਪਰਸੂਤ ਦੀ ਪੀੜਾ ਤੋਂ ਲੰਘੇ ਬਿਨਾਂ ਕੋਈ ਇਸਤਰੀ ਮਾਂ ਨਹੀਂ ਬਣ ਸਕਦੀ, ਬੱਚੇ ਨੂੰ ਜਨਮ ਨਹੀਂ ਦੇ ਸਕਦੀ। ਇਸ ਵਾਸਤੇ ਭਗਤ ਜਨ, ਸੰਤ ਜਨ, ਉਸ ਤੀਸਰੀ ਅੱਖ ਨੂੰ ਖੋਲ੍ਹਣ ਦੀ ਸਾਧਨਾ ਲਈ ਬੜੀ ਪੀੜਾ ਵਿੱਚੋਂ ਲੰਘਦੇ ਨੇ, ਬਿਰਹਾ ਦੀ ਅਗਨ 'ਚੋਂ ਲੰਘਦੇ ਨੇ, ਔਰ ਭਗਤਾਂ ਨੇ ਇਹ ਰੋਣਾ ਰੋਇਆ ਹੈ। ਰੋਇਆ ਸੰਸਾਰੀ ਵੀ ਹੈ, ਪਰ ਸੰਸਾਰ ਲਈ; ਰੋਇਆ ਭਗਤ ਵੀ, ਪਰ ਨਿਰੰਕਾਰ ਲਈ। ਦੋਵੇਂ ਰੋਏ ਨੇ। ਇਕ ਦੇ ਰੋਣੇ ਦਾ ਕਾਰਨ ਸੰਸਾਰ ਹੈ, ਇਕ ਦੇ ਰੋਣੇ ਦਾ ਕਾਰਣ ਨਿਰੰਕਾਰ ਹੈ ਔਰ ਨਿਰੰਕਾਰ ਆਨੰਦ ਹੈ; ਤੋ ਭਗਤ ਦਾ ਰੋਣਾ ਵੀ ਮਹਾਨ ਹੈ, ਉਸਦਾ ਇਕ ਹੰਝੂ ਵੀ ਮਾਨੋਂ ਗੰਗਾ ਦੀਆਂ ਕ੍ਰੋੜਾਂ ਲਹਿਰਾਂ ਨੇ, ਹਿਰਦੇ ਦੇ ਪਾਪ ਧੋ ਦਿੰਦਾ ਹੈ।

ਕਿਸੇ ਵੀ ਤੀਰਥ ਦਾ ਜਲ ਮਨੁੱਖ ਦੇ ਗੁਨਾਹ ਨੂੰ ਧੋਣ ਦੇ ਸਮਰੱਥ ਨਹੀਂ ਹੈ, ਪਰ ਰੱਬੀ ਵਿਛੋੜੇ ਦੀ ਬਿਰਹਾ ਦੀ ਅਗਨ ਵਿਚ ਤੜਪੇ ਹਿਰਦੇ ਵਿੱਚੋਂ ਜਦ ਹੂਕ ਨਿਕਲਦੀ ਹੈ, ਔਰ ਅੱਖਾਂ ਵਿੱਚੋਂ ਦੋ ਹੰਝੂ ਨਿਕਲਦੇ ਨੇ,

ਜਨਮਾਂ- ਜਨਮਾਂਤਰਾਂ ਦੇ ਪਾਪ ਧੁਲ ਜਾਂਦੇ ਨੇ, ਦਾਗ਼ ਧੁਲ ਜਾਂਦੇ ਨੇ। ਸ਼ਾਇਦ ਇਸੇ ਵਾਸਤੇ ਭਾਈ ਸਾਹਿਬ ਨੰਦ ਲਾਲ ਸਾਹਿਬ ਨੇ ਕਹਿ ਦਿੱਤਾ ਹੈ:

ਦੋ ਚਸ਼ਮਿ ਮਨ ਕਿ ਦਰਿਆਇ ਅਜ਼ੀਮੁਸ਼ਸ਼ਾਨ ਬਵਦ ਗੋਇਆ।
ਜ਼ਿ ਹਰ ਅਸ਼ਕਮ ਬਵਦ ਸ਼ਾਦਾਬੀਏ ਸਦ ਬਾਗ਼ ਬਾਗ਼ਿ ਈਂ ਜਾ।

(ਦੀਵਾਨਿ ਗੋਇਆ, ਭਾਈ ਨੰਦ ਲਾਲ ਜੀ)

ਮੇਰੀਆਂ ਦੋ ਅੱਖਾਂ ਦੇ ਇਹ ਦੋ ਹੰਝੂ ਬੜੇ ਅਜ਼ੀਮ ਦਰਿਆ ਨੇ। ਪਤਾ ਨਹੀਂ ਕਿਤਨੇ ਹਿਰਦੇ ਸੈਰਾਬ ਕੀਤੇ ਜਾ ਸਕਦੇ ਨੇ, ਸਰਸਬਜ਼ ਕੀਤੇ ਜਾ ਸਕਦੇ ਨੇ। ਜਦ ਕੋਈ ਬਿਰਹਾ ਦੀ ਅਗਨ ਵਿਚ ਤੜਪਦਾ ਹੈ ਔਰ ਉਸ ਦੀਆਂ ਅੱਖਾਂ ਵਿੱਚੋਂ ਹੰਝੂ ਨਿਕਲਦੇ ਨੇ ਤਾਂ ਉਸਦਾ ਹਿਰਦਾ ਪਾਕ ਹੋ ਜਾਂਦਾ ਹੈ, ਉਸਦੀ ਸੰਗਤ ਕਰ ਕੇ ਪਤਾ ਨਹੀਂ ਕਿਤਨਿਆਂ ਦੀਆਂ ਅੱਖਾਂ ਵਿੱਚੋਂ ਇਹ ਪ੍ਰੇਮ ਦੇ ਦੋ ਦਰਿਆ ਚੱਲ ਪੈਂਦੇ ਨੇ; ਕਈਆਂ ਦੇ ਦਾਗ਼ ਧੁਲ ਜਾਂਦੇ ਨੇ। ਦੋ ਹੰਝੂਆਂ ਦੀ ਇਹ ਕੀਮਤ ਹੈ। ਇਹ ਠੀਕ ਹੈ ਕਿ ਸੰਸਾਰ ਵਿਚ ਮਨੁੱਖ ਰੋਂਦੇ ਨੇ, ਔਰ ਇਕ ਆਲਮ ਦਾ ਤਾਂ ਕਹਿਣਾ ਹੈ ਕਿ ਸੱਤਾਂ ਸਮੁੰਦਰਾਂ ਵਿਚ ਇਤਨਾ ਪਾਣੀ ਨਹੀਂ ਹੈ, ਜਿਤਨਾ ਪਾਣੀ ਮਨੁੱਖ ਦੀਆਂ ਅੱਖਾਂ ਵਿੱਚੋਂ ਨਿਕਲ ਚੁੱਕਾ ਹੈ, ਅੱਜ ਤਕ ਇਤਨਾ ਰੋਇਆ ਹੈ। ਬਸ ਉਨ੍ਹਾਂ ਹੰਝੂਆਂ ਦੇ ਨਾਲ ਦਾਗ਼ ਧੁਲੇ ਨੇ। ਇਸ ਵਾਸਤੇ ਰੋਣਾ ਵੀ ਜਾਰੀ ਹੈ, ਦੁਖ ਸੰਤਾਪ ਵੀ ਜਾਰੀ ਹੈ, ਪਾਪ ਵੀ ਜਾਰੀ ਹੈ। ਕਦੀ ਰੱਬੀ ਵਿਛੋੜੇ ਵਿਚ ਉਹ ਦੋ ਹੰਝੂ, ਜੋ ਵਾਕਈ ਗੰਗਾ ਦੀ ਧਾਰਾ ਨੇ, ਨਿਕਲ ਪਏ ਨੇ, ਤੇ ਹਿਰਦਾ ਗੰਗਾ ਦੇ ਸਮਾਨ ਪਵਿੱਤਰ ਪਾਵਨ ਹੋ ਜਾਂਦਾ ਹੈ:

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥

(ਸਲੋਕ ਕਬੀਰ ਜੀ, ਪੰਨਾ 1367)

ਤੋ ਇਸ ਤਰੀਕੇ ਨਾਲ ਮੂਲ ਰੂਪ ਵਿਚ ਸੰਸਾਰੀ ਉਸ ਨੂੰ ਕਹਾਂਗੇ, ਜਿਸ ਨੂੰ ਵੱਖ ਵੱਖ ਦਿਖਾਈ ਦਿੰਦਾ ਹੈ, ਔਰ ਧਾਰਮਿਕ ਸੰਤ ਅਸੀਂ ਉਸ ਨੂੰ ਕਹਾਂਗੇ, ਜਿਸ ਨੂੰ ਬ੍ਰਹਿਮੰਡ ਦੀ ਅਨੇਕਤਾ ਵਿਚ ਇਕ ਹੀ ਦਿਖਾਈ ਦਿੰਦਾ ਹੈ। ਜਿਸ ਨੂੰ ਅਨੇਕਤਾ ਦਿਖਾਈ ਦਿੰਦੀ ਹੈ, ਭਾਗ ਭਾਗ ਦਿਖਾਈ ਦਿੰਦਾ ਹੈ, ਉਹ ਭੋਗੀ ਹੈ। ਜਿਸ ਨੂੰ ਸਭ ਕੁਛ ਜੁੜਿਆ ਹੋਇਆ ਤੇ ਇਕ ਦਿਖਾਈ ਦਿੰਦਾ ਹੈ, ਸੰਤ ਹੈ, ਜੋਗੀ ਹੈ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗੰਮੀ ਬਾਣੀ, ਉਹ ਪਰਮਾਤਮਾ ਨੂੰ ਵੀ ਇਨ੍ਹਾਂ ਦੋ ਰੂਪਾਂ ਵਿਚ ਬਿਆਨ ਕਰਦੀ ਹੈ:

ਜੋਗੀ ਅੰਦਰਿ ਜੋਗੀਆ॥
ਤੂੰ ਭੋਗੀ ਅੰਦਰਿ ਭੋਗੀਆ॥
ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇਆਲਿ ਜੀਉ॥

ਹੇ ਪ੍ਰਭੂ ! ਤੂੰ ਸਭਨਾਂ ਅੰਦਰ ਜੁੜਿਆ ਹੋਇਆ ਹੈਂ, ਜੋਗੀ ਹੈ; ਤੂੰ ਜੁੜਿਆ ਹੋਇਆ ਹੈਂ। ਔਰ ਹਰ ਵਸਤੂ, ਵਸਤੂ ਨਾਲੋਂ ਟੁੱਟੀ ਹੋਈ ਹੈ; ਪਦਾਰਥ, ਪਦਾਰਥ ਨਾਲੋਂ ਟੁੱਟਿਆ ਹੋਇਆ ਹੈ। ਜੈਸੀ ਬਨਸਪਤੀ ਹੈ ਐਸੇ ਪਸ਼ੂ ਨਹੀਂ ਨੇ; ਜੈਸੇ ਪਸ਼ੂ ਨੇ ਐਸੇ ਮਨੁੱਖ ਨਹੀਂ ਨੇ। ਵੱਖ ਵੱਖ ਧਾਤੂਆਂ ਨੇ, ਵੱਖ ਵੱਖ ਬਨਸਪਤੀ ਹੈ, ਵੱਖ ਵੱਖ ਪਸ਼ੂ ਪਕਸ਼ੀ ਨੇ, ਵੱਖ ਵੱਖ ਸੂਰਜ, ਚੰਦ, ਸਿਤਾਰੇ ਨੇ; ਵੱਖ ਵੱਖ ਤੱਤ ਨੇ। ਇਤਨਾ ਵੱਡਾ ਅਨੇਕਤਾ ਦਾ ਪਸਾਰਾ ਔਰ ਅਨੰਤ ਪਸਾਰਾ ! ਹੇ ਪ੍ਰਭੂ ! ਤੂੰ ਤਾਂ ਭਾਗ ਭਾਗ ਹੈਂ, ਭੋਗੀ ਹੈਂ, ਇਤਨਾ ਵੱਡਾ ਭੋਗੀ ! ਪਰ ਫਿਰ ਵੀ ਹੇ ਪ੍ਰਭੂ ! ਤੂੰ ਇਨ੍ਹਾਂ ਸਾਰਿਆਂ ਵਿਚ ਜੁੜਿਆ ਹੋਇਆ ਹੈਂ। ਭਾਵੇਂ ਮਾਲਾ ਦੇ ਸਾਰੇ ਮਣਕੇ ਵੱਖ ਵੱਖ ਨੇ, ਪਰ ਇਨ੍ਹਾਂ ਸਾਰਿਆਂ ਮਣਕਿਆਂ ਵਿਚ ਧਾਗਾ ਤਾਂ ਇੱਕੋ ਹੈ :

> **ਏਕੈ ਸੂਤਿ ਪਰੋਏ ਮਣੀਏ ॥**
> **ਗਾਠੀ ਭਿਨਿ ਭਿਨਿ ਭਿਨਿ ਭਿਨਿ ਤਣੀਏ ॥** *(ਰਾਮਕਲੀ ਮ: ੫, ਪੰਨਾ 886)*

ਇਸ ਸਾਰੀ ਅਨੇਕਤਾ ਵਿਚ ਇਕ ਦੀ ਰੌ ਚਲਦੀ ਹੈ। ਜੈਸੇ ਸਾਰੇ ਮਣਕਿਆਂ ਵਿਚ ਇੱਕੋ ਧਾਗਾ ਹੈ, ਫਿਰ ਰਹੇ ਨੇ ਮਣਕੇ :

> **ਫਿਰਤੀ ਮਾਲਾ ਬਹੁ ਬਿਧਿ ਭਾਇ ॥**
> **ਖਿੰਚਿਆ ਸੂਤੁ ਤ ਆਈ ਥਾਇ ॥** *(ਰਾਮਕਲੀ ਮ: ੫, ਪੰਨਾ 886)*

ਦੇਖ ਰਹੇ ਹਾਂ ਅਸੀਂ ਸਭ ਵੱਖ ਵੱਖ, ਪਰ ਇਸ ਵਖੇਵੇਂ ਦੇ ਵਿਚ, ਇਸ ਵੱਖ ਵੱਖ ਦੇ ਵਿਚ ਧਾਗਾ ਇੱਕੋ ਹੀ ਚੱਲ ਰਿਹਾ ਹੈ। ਨਿਰੰਕਾਰ ਇਕ ਹੈ, ਸੰਸਾਰ ਅਨੇਕਤਾ ਹੈ। ਪਰਮਾਤਮਾ ਇਕ ਹੈ, ਪਦਾਰਥ ਅਨੇਕਾਂ ਨੇ। ਅਨੇਕਤਾ ਦੇ ਤਲ 'ਤੇ ਉਹ ਭੋਗੀ ਹੈ, ਏਕਤਾ ਦੇ ਤਲ 'ਤੇ ਉਹ ਜੋਗੀ ਹੈ। ਧਾਗੇ ਦੇ ਤਲ 'ਤੇ ਪਰਮ-ਆਤਮਾ ਹੈ, ਮਣਕਿਆਂ ਦੇ ਤਲ 'ਤੇ ਉਹ ਪਦਾਰਥ ਹੈ। ਧਾਗਿਆਂ ਦੇ ਤਲ 'ਤੇ ਉਹ ਨਿਰੰਕਾਰੀ ਹੈ, ਪਰ ਮਣਕਿਆਂ ਦੇ ਤਲ 'ਤੇ ਉਹ ਸੰਸਾਰੀ ਹੈ।

ਜਿਸ ਨੂੰ ਮਣਕਿਆਂ ਦੇ ਤਲ 'ਤੇ ਮਣਕੇ ਦਿਖਾਈ ਦੇ ਰਹੇ ਨੇ, ਉਹ ਸੰਸਾਰੀ ਹੈ, ਪਰ ਜਿਸਦੀ ਦ੍ਰਿਸ਼ਟੀ ਗਹਿਰੀ ਹੈ, ਮਣਕਿਆਂ ਵਿਚ ਉਸ ਨੂੰ ਇਕ ਸੂਤ ਵੀ ਦਿਖਾਈ ਦੇ ਰਿਹਾ ਹੈ, ਜਿਸ ਵਿਚ ਮਣਕੇ ਪਰੋਏ ਹੋਏ ਨੇ, ਬਸ ਉਹ ਹੀ ਭਗਤ ਹੈ, ਉਹ ਹੀ ਸੰਤ ਹੈ, ਜੋਗੀ ਹੈ। ਇਹੀ ਕਾਰਨ ਹੈ ਕਿ ਧਾਰਮਿਕ ਜਗਤ ਵਿਚ ਜੋਗੀ, ਭਗਤ ਤੇ ਸੰਤ ਦੀ ਉਪਮਾ ਹੈ, ਭੋਗੀ ਦੀ ਨਿੰਦਾ ਹੈ। ਪਰ ਸਾਹਿਬ ਕਹਿੰਦੇ ਨੇ—ਹੇ ਪ੍ਰਭੂ ! ਜਿਸ ਦੀ ਇਹ ਦ੍ਰਿਸ਼ਟੀ ਹੋ ਜਾਏ, ਉਸ ਨੂੰ ਇਹ ਸਾਰੇ ਪਦਾਰਥ ਪਰਮਾਤਮਾ ਦਾ ਰੂਪ ਦਿਖਾਈ ਦੇਣ ਲੱਗ ਪੈਂਦੇ ਨੇ। ਪਦਾਰਥ ਤੋਂ ਯਾਤਰਾ ਆਰੰਭ ਕਰ ਕੇ ਜਿਸ ਨੂੰ ਪਰਮਾਤਮਾ ਦਿਖਾਈ ਦੇਣ ਲੱਗ ਪਵੇ, ਉਹ

ਮਹਾਨ ਹੈ। ਪਿੰਡ ਤੋਂ ਯਾਤਰਾ ਆਰੰਭ ਕਰ ਕੇ ਜਿਸ ਨੂੰ ਬ੍ਰਹਮ ਦਿਖਾਈ ਦੇਣ ਲੱਗ ਪਵੇ :

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ॥

(ਧਨਾਸਰੀ ਪੀਪਾ ਜੀ, ਪੰਨਾ 695)

ਬਸ, ਉਹ ਮਹਾਨ ਹੋ ਗਿਆ।

ਜਿਸ ਨੂੰ ਭਾਗ ਭਾਗ ਦਿਖਾਈ ਦੇਵੇ, ਉਹ ਜਗਤ ਨੂੰ ਟੁਕੜੇ ਟੁਕੜੇ ਕਰਦਾ ਹੈ। ਅੱਜ ਮਨੁੱਖ ਦੇ ਬਹੁਤ ਟੁਕੜੇ ਹੋਏ ਪਏ ਨੇ। ਮੁਲਕ ਦੇ ਨਾਮ 'ਤੇ ਮਨੁੱਖ ਵੰਡਿਆ ਪਿਆ ਹੈ, ਮਜ਼ਹਬ ਦੇ ਨਾਮ 'ਤੇ, ਜ਼ਾਤ-ਪਾਤ, ਵਰਣ ਭੇਖ 'ਤੇ ਮਨੁੱਖ ਵੰਡਿਆ ਹੋਇਆ ਹੈ। ਮਨੁੱਖ ਨੇ ਇਤਨੀਆਂ ਦੀਵਾਰਾਂ ਉਸਾਰ ਦਿੱਤੀਆਂ ਹਨ ਕਿ ਮਨੁੱਖ ਦਾ ਮਨੁੱਖ ਨਾਲ ਮਿਲਣਾ ਕਠਿਨ ਹੈ। ਮਜ਼ਹਬ ਦੀ ਦੀਵਾਰ ਖੜ੍ਹੀ ਹੋ ਜਾਂਦੀ ਹੈ, ਇਕ ਹੋਣਾ ਔਖਾ ਹੋ ਜਾਂਦਾ ਹੈ; ਦੀਵਾਰ ਖੜ੍ਹੀ ਹੋ ਜਾਂਦੀ ਹੈ ਭਾਸ਼ਾ ਦੀ, ਮੁਲਕ ਦੀ, ਰੂਪ-ਰੰਗ ਦੀ, ਜ਼ਾਤ-ਪਾਤ ਦੀ। ਜਿਹੜਾ ਆਪਣੇ ਜੀਵਨ ਵਿਚ ਇਨ੍ਹਾਂ ਦੀਵਾਰਾਂ ਨੂੰ (ਵੰਡੀਆਂ ਨੂੰ) ਗਿਰਾ ਕੇ ਮਨੁੱਖਤਾ ਦੇ ਨੇੜੇ ਚਲਿਆ ਜਾਂਦਾ ਹੈ, ਬਸ ਉਸੇ ਨੂੰ ਜੋਗੀ ਕਹਿੰਦੇ ਨੇ, ਔਰ ਜੋ ਭਾਗ ਭਾਗ ਕਰ ਕੇ ਤੋੜਨ ਵਿਚ ਜੁਟਿਆ ਹੋਇਆ ਹੈ, ਉਸ ਨੂੰ ਭੋਗੀ ਕਹਿੰਦੇ ਨੇ।

ਸੰਸਾਰ ਵਿਚ ਉਨ੍ਹਾਂ ਮਨੁੱਖਾਂ ਕਰਕੇ ਬਹੁਤ ਵੱਡਾ ਅਹਿਤ ਹੋਇਆ, ਜੋ ਭੋਗੀ ਸਨ। ਔਰ ਸੰਸਾਰ ਵਿਚ ਜੇ ਕਿਧਰੇ ਕਿਸੇ ਨੇ ਥੋੜ੍ਹਾ ਜਿਹਾ ਅਹਿਤ ਸਾਧਿਆ ਹੈ ਤਾਂ ਉਹ ਕੇਵਲ ਸੰਤ ਹੈ, ਭਗਤ ਹੈ। ਚੂੰਕਿ ਭੋਗੀ ਬਹੁਤ ਜ਼ਿਆਦਾ ਨੇ, ਇਸ ਵਾਸਤੇ ਖ਼ੂਨ-ਖ਼ਰਾਬਾ, ਦੁਖ-ਸੰਤਾਪ ਸੰਸਾਰ ਵਿਚ ਬਹੁਤ ਜ਼ਿਆਦਾ ਹੈ।

ਮਨੁੱਖਤਾ, ਮਨੁੱਖਤਾ ਦੇ ਹੱਥੋਂ; ਇਕ ਕੌਮ ਦੂਸਰੀ ਕੌਮ ਦੇ ਹੱਥੋਂ; ਇਕ ਮੁਲਕ ਦੂਸਰੇ ਮੁਲਕ ਦੇ ਹੱਥੋਂ ਦੁਖੀ ਹੈ। ਇਕ ਵਿਅਕਤੀ ਦੂਸਰੇ ਵਿਅਕਤੀ ਦੇ ਹੱਥੋਂ ਦੁਖੀ ਹੈ ਔਰ ਦੂਜੇ ਨੂੰ ਚੋਟ ਪਹੁੰਚਾਉਣ ਤੋਂ ਬਾਜ਼ ਨਹੀਂ ਆ ਰਿਹਾ। ਕਾਰਨ ? ਉਹ ਜਦ ਖ਼ੁਦ ਆਪਣੇ ਆਪ ਨੂੰ ਟੁੱਟਿਆ ਹੋਇਆ, ਭਾਗ ਭਾਗ ਹੋਇਆ ਵੇਖਦਾ ਹੈ, ਤਾਂ ਭਾਗ ਭਾਗ ਕਰਨ ਵਿਚ ਉਸਦੀ ਦਿਲਚਸਪੀ ਹੁੰਦੀ ਹੈ। ਅਗਰ ਐਸੇ ਮਨੁੱਖ ਕੋਲ ਤਾਕਤ ਹੋਵੇ, ਸ਼ਕਤੀ ਹੋਵੇ ਤਾਂ ਉਹ ਟੁਕੜੇ ਟੁਕੜੇ ਕਰਨ ਤੋਂ ਬਾਜ਼ ਨਹੀਂ ਆਏਗਾ। ਸੰਸਾਰ ਦੇ ਸ਼ਕਤੀਸ਼ਾਲੀ ਮਨੁੱਖਾਂ ਨੇ ਮਨੁੱਖਤਾ ਨੂੰ ਜਿਤਨਾ ਟੁਕੜੇ ਟੁਕੜੇ ਕੀਤਾ ਹੈ, ਉਤਨਾ ਮਨੁੱਖ ਨੇ ਮਨੁੱਖ ਨੂੰ ਨਹੀਂ ਕੀਤਾ। ਮੌਲਾਨਾ ਰੂਮ ਇਕ ਸੂਫ਼ੀ ਸੰਤ ਦਾ ਕਹਿਣਾ ਹੈ :

ਤੋ ਬਰਾਏ ਵਸਲ ਕਰਦਨ ਆਮਦੀ।
ਨ ਬਰਾਏ ਫਸਲ ਕਰਦਨ ਆਮਦੀ।

ਤੂੰ ਇਸ ਦੁਨੀਆ ਵਿਚ ਜੋੜਨ ਲਈ ਆਇਆ ਹੈਂ, ਤੋੜਨ ਲਈ ਨਹੀਂ। ਤੂੰ ਜੋਗੀ ਹੋਣ ਲਈ ਆਇਆ ਹੈਂ, ਭੋਗੀ ਹੋਣ ਲਈ ਨਹੀਂ। ਭੋਗੀਆਂ ਨੇ ਸੰਸਾਰ ਨੂੰ ਬਹੁਤ ਦੁਖ ਦਿੱਤਾ ਹੈ, ਅਹਿਤ ਕੀਤਾ ਹੈ ਔਰ ਇਨ੍ਹਾਂ ਨੇ ਸੰਸਾਰ ਨੂੰ ਨਰਕ ਬਣਾ ਕੇ ਰੱਖ ਦਿੱਤਾ ਹੈ। ਜੋਗੀਆਂ ਨੇ ਸਵਰਗ ਬਣਾਉਣ ਦਾ ਯਤਨ ਕੀਤਾ ਹੈ, ਪਰ ਜੋਗੀਆਂ ਦੀ ਕੀਤੀ ਹੋਈ ਮਿਹਨਤ ਨੂੰ, ਇਨ੍ਹਾਂ ਭੋਗੀਆਂ ਨੇ ਨਸ਼ਟ ਕਰੀ ਰੱਖਿਆ ਹੈ। ਇਕ ਆਲਮ ਦਾ ਕਹਿਣਾ ਹੈ :

ਮਾਨਾ ਕਿ ਇਸ ਜ਼ਮੀਨ ਕੋ ਨ ਗੁਲਜ਼ਾਰ ਕਰ ਸਕੇ,
ਕੁਛ ਖ਼ਾਰ ਕਮ ਹੀ ਕਰ ਗਏ ਗੁਜ਼ਰੇ ਜਿਧਰ ਸੇ ਹਮ।

ਇਹ ਠੀਕ ਹੈ ਕਿ ਮੈਂ ਸੰਸਾਰ ਨੂੰ ਗ਼ੁਲਿਸਤਾਨ ਨਹੀਂ ਬਣਾ ਸਕਿਆ, ਚਮਨ ਨਹੀਂ ਬਣਾ ਸਕਿਆ, ਪਰ ਕੰਡੇ ਤਾਂ ਜ਼ਰੂਰ ਹੂੰਜੇ ਨੇ, ਰੋੜਿਆਂ ਨੂੰ ਤਾਂ ਜ਼ਰੂਰ ਇਕ ਪਾਸੇ ਕੀਤਾ ਹੈ। ਬੇਸ਼ਤਰ ਅਵਤਾਰੀ ਪੁਰਸ਼ਾਂ ਦਾ ਸਮਾਂ ਬਸ ਕੰਡੇ ਚੁਣਨ ਅਤੇ ਰੋੜੇ ਇਕ ਪਾਸੇ ਕਰਨ ਵਿਚ ਲੰਘ ਜਾਂਦਾ ਰਿਹਾ ਹੈ। ਚਮਨ, ਗ਼ੁਲਿਸਤਾਂ ਬਣਾਨ ਲਈ ਉਨ੍ਹਾਂ ਪਾਸ ਸਮਾਂ ਹੀ ਨਹੀਂ ਬਚਿਆ। ਇਹੀ ਕਾਰਨ ਹੈ ਕਿ ਸੰਸਾਰ ਵਿਚ ਇਤਨੇ ਅਵਤਾਰੀ ਪੁਰਸ਼ ਆਉਣ ਦੇ ਬਾਵਜੂਦ ਕੰਡੇ ਬਹੁਤ ਜ਼ਿਆਦਾ ਨੇ, ਰੋੜੇ ਹੀ ਰੋੜੇ ਨੇ। ਇਸ ਵਾਸਤੇ ਇਕ ਹੋਰ ਸ਼ਾਇਰ ਨੂੰ ਕਹਿਣਾ ਪਿਆ :

ਹਜ਼ਾਰੋਂ ਖ਼ਿਜ਼ਰ ਪੈਦਾ ਕਰ ਚੁਕੀ ਹੈ ਨਸਲ ਆਦਮ ਕੀ,
ਯਿਹ ਸਭ ਤਸਲੀਮ ਲੇਕਿਨ ਆਦਮੀ ਅਬ ਤਕ ਭਟਕਤਾ ਹੈ।

ਮੰਨਦੇ ਹਾਂ, ਇਕ ਨਹੀਂ ਹਜ਼ਾਰਾਂ ਪੈਗ਼ੰਬਰ ਆਏ ਨੇ, ਪਰ ਕੀ ਹੋਇਆ! ਹਜ਼ਾਰਾਂ ਗੁਰੂ, ਹਜ਼ਾਰਾਂ ਅਵਤਾਰ ਹੋਏ, ਮਨੁੱਖ ਅੱਜ ਵੀ ਜ਼ਾਲਮ ਹੈ, ਮਨੁੱਖ ਅੱਜ ਵੀ ਮਹਾਂ ਲੋਭੀ ਹੈ, ਮਹਾਂ ਕ੍ਰੋਧੀ ਹੈ ਅਤੇ ਅੱਜ ਵੀ ਮਨੁੱਖ, ਮਨੁੱਖ ਨਾਲ ਨਫ਼ਰਤ ਕਰ ਰਿਹਾ ਹੈ; ਅੱਜ ਵੀ ਵਿਤਕਰੇ ਨੇ, ਸੰਤਾਪ ਨੇ; ਅੱਜ ਵੀ ਮਨੁੱਖਤਾ, ਮਨੁੱਖ ਦੇ ਹੱਥੋਂ ਦੁਖੀ ਹੋ ਰਹੀ ਹੈ। ਕਾਰਨ ਕੀ ਹੈ ? ਭੀੜ ਭੋਗੀਆਂ ਦੀ ਹੈ, ਯੋਗੀਆਂ ਦੀ ਨਹੀਂ। ਕਿਉਂਕਿ ਭੀੜ ਭੋਗੀਆਂ ਦੀ ਹੈ ਤੇ ਫਿਰ ਬਾਹਰ ਦੀ ਤਾਕਤ ਵੀ ਭੋਗੀਆਂ ਕੋਲ ਹੈ। ਔਰ ਇਹ ਭੋਗੀ, ਭਾਗ ਭਾਗ ਕਰਨ ਵਿਚ ਸਫਲ ਹੋ ਰਹੇ ਨੇ। ਦੋ ਮਨੁੱਖ ਆਹਮਣੇ-ਸਾਹਮਣੇ ਬੈਠੇ ਨੇ, ਫ਼ਾਸਲਾ ਤਾਂ ਕੁਛ ਵੀ ਨਹੀਂ ਹੈ, ਪਰ ਬੜੀਆਂ ਵੱਡੀਆਂ ਦੀਵਾਰਾਂ—ਮਜ਼ਹਬ ਦੀਆਂ, ਭਾਸ਼ਾ ਦੀਆਂ, ਰੂਪ-ਰੇਖ, ਜ਼ਾਤ-ਪਾਤ ਦੀਆਂ ਖੜ੍ਹੀਆਂ ਨੇ। ਕੋਲ ਬੈਠੇ ਦੋ ਮਨੁੱਖਾਂ ਦਾ ਵੀ ਆਪਸੀ ਬੋਲ ਕਠਿਨ ਹੋ ਰਿਹਾ ਹੈ। ਇਸ ਵਾਸਤੇ ਜੋਗੀ ਦੀ ਪੂਜਾ ਹੈ, ਜੋਗੀ ਦੀ ਮਹਾਨਤਾ ਹੈ। ਕਿਉਂਕਿ ਜੋਗੀ ਇਨ੍ਹਾਂ ਦੀਵਾਰਾਂ ਨੂੰ ਤੋੜਨ ਦਾ ਯਤਨ ਕਰਦਾ ਹੈ, ਤਾਂਕਿ ਇਕ ਮਨੁੱਖ ਦੂਜੇ ਮਨੁੱਖ ਦੇ ਨੇੜੇ ਆ ਸਕੇ; ਜਿਹੜੇ ਵਿਚਾਰ

ਮਨੁੱਖ ਨੂੰ ਮਨੁੱਖ ਨਾਲੋਂ ਤੋੜਨ, ਉਹ ਵਿਚਾਰ ਪਰਮਾਤਮਾ ਨਾਲ ਨਹੀਂ ਜੋੜ ਸਕਣਗੇ। ਉਹ ਵਿਚਾਰ ਹੀ ਨਿਰੰਕਾਰ ਹੈ, ਜਿਹੜਾ ਮਨੁੱਖ ਨੂੰ ਮਨੁੱਖ ਨਾਲ ਜੋੜੇ :

ਉਰ ਧਾਰਿ ਬੀਚਾਰਿ ਮੁਰਾਰਿ ਰਮੋ ਰਮੁ ਮਨਮੋਹਨ ਨਾਮੁ ਜਪੀਨੇ ॥
ਅਦ੍ਰਿਸਟੁ ਅਗੋਚਰੁ ਅਪਰੰਪਰ ਸੁਆਮੀ ਗੁਰਿ ਪੂਰੈ ਪ੍ਰਗਟ ਕਰਿ ਦੀਨੇ ॥

(ਧਨਾਸਰੀ ਮਹਲਾ 4, ਪੰਨਾ 668)

ਐਸਾ ਬੀਚਾਰ ਕਰ ਜੋ ਰਮਿਆ ਹੋਇਆ ਹੈ, ਐਸਾ ਬੀਚਾਰ ਕਰ ਜੋ ਵਿਆਪਕ ਹੈ, ਐਸਾ ਬੀਚਾਰ ਕਰ ਜੋ ਮਨਮੋਹਨ ਹੈ, ਆਪਣੇ ਹਿਰਦੇ ਵਿਚ ਧਾਰਨ ਕਰ, ਤਾਂਕਿ ਸਮੁੱਚਾ ਸੰਸਾਰ ਤੈਨੂੰ ਇਕ ਜੋੜ ਦਿਖਾਈ ਦੇਵੇ, ਜੋਗ ਦਿਖਾਈ ਦੇਵੇ, ਭੋਗ ਨਹੀਂ। ਭੋਗੀ ਦ੍ਰਿਸ਼ਟੀ ਹਾਨੀਕਾਰਕ ਹੈ, ਅਹਿਤ ਕਰਦੀ ਹੈ, ਆਹਤ ਪਹੁੰਚਾਉਂਦੀ ਹੈ। ਜੋਗੀ ਆਪਣੀ ਦ੍ਰਿਸ਼ਟੀ ਦੇ ਰਾਹੀਂ ਅੰਮ੍ਰਿਤ ਵਰਸਾਉਂਦਾ ਹੈ, ਰਹਿਮਤ ਵਰਸਾਉਂਦਾ ਹੈ। ਉਹ ਆਪਣੇ ਨਜ਼ਦੀਕ ਦੇ ਵਾਤਾਵਰਣ ਨੂੰ ਪਾਵਨ ਕਰਦਾ ਹੈ, ਪਵਿੱਤਰ ਕਰਦਾ ਹੈ। ਜਿਹੜੀ ਦ੍ਰਿਸ਼ਟੀ ਮੈਲੀ ਹੈ ਔਰ ਲੋਕਾਂ ਦੀ ਬਹੁ-ਗਿਣਤੀ ਵਿਚ ਮੈਲੀ ਹੈ, ਇਹੀ ਕਾਰਨ ਹੈ ਕਿ ਮਨੁੱਖੀ ਸੰਸਾਰ ਮੈਲਾ ਹੈ :

ਮੈਲਾ ਮਲਤਾ ਇਹੁ ਸੰਸਾਰੁ ॥
ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥

(ਭੈਰਉ ਕਬੀਰ ਜੀਉ, ਪੰਨਾ 1158)

ਮੈਲੀ ਦ੍ਰਿਸ਼ਟੀ ਦੇ ਰਾਹੀਂ ਮਨੁੱਖ ਦੂਰ ਦੂਰ ਤਕ ਮੈਲ ਫੈਲਾ ਸਕਦਾ ਹੈ। ਇਨ੍ਹਾਂ ਦੋ ਅੱਖਾਂ ਨਾਲ ਜਿਧਰ ਵੀ ਮਨੁੱਖ ਦੇਖਦਾ ਹੈ, ਦੋ ਹੀ ਦਿਖਾਈ ਦਿੰਦੇ ਹਨ, ਟੁਕੜੇ ਟੁਕੜੇ ਦਿਖਾਈ ਦਿੰਦਾ ਹੈ, ਇਕ ਨਹੀਂ। ਇਕ ਦੇਖਣ ਲਈ ਹੋਰ ਅੱਖ ਹੈ, ਜਿਸ ਨੂੰ ਤੀਜਾ ਨੇਤਰ ਕਹਿੰਦੇ ਨੇ। ਪਰ ਉਹ ਅੱਖ ਬੰਦ ਪਈ ਹੈ, ਜੋ ਕੇਵਲ ਜਪ ਨਾਲ ਖੁਲ੍ਹੇਗੀ।

ਸਾਇੰਟਿਸਟ (ਵਿਗਿਆਨਕ) ਇਨ੍ਹਾਂ ਦੋ ਅੱਖਾਂ ਨਾਲ ਦੋ ਦੋ ਦੇਖਦਾ ਹੈ ਔਰ ਦੋ ਦੋ ਕਰਦਾ ਹੈ ਔਰ ਦੋ ਨੂੰ ਫਿਰ ਅਗਾਂਹ ਦੋ ਦੋ ਕਰਦਾ ਹੈ। ਵਿਗਿਆਨਕ ਇਬਾਰਤ ਨੂੰ ਤੋੜਦਿਆਂ ਤੋੜਦਿਆਂ ਪਹੁੰਚਿਆ ਪਰਮਾਣੂ ਤਕ। ਪਰਮਾਣੂ ਦਿਖਾਈ ਤਾਂ ਨਹੀਂ ਦਿੰਦਾ, ਪਰ ਨਾਮ ਤੋਂ ਪਤਾ ਚਲਦਾ ਹੈ। ਵਿਗਿਆਨਕ ਕਹਿੰਦਾ ਹੈ ਕਿ ਪਰਮਾਣੂ ਇਕ ਸ਼ਕਤੀ ਹੈ। ਪਦਾਰਥ ਨੂੰ ਤੋੜਦਿਆਂ ਤੋੜਦਿਆਂ ਵਿਗਿਆਨਕ ਪਹੁੰਚਿਆ ਪਰਮਾਣੂ ਤਕ ਔਰ ਜੋੜਦਿਆਂ ਜੋੜਦਿਆਂ ਸੰਤ ਪਹੁੰਚਿਆ ਪਰਮਾਤਮਾ ਤਕ।

ਤੋ ਤੋੜ ਤੋੜ ਕੇ ਵਿਗਿਆਨਕ ਦੇ ਹੱਥ ਪਰਮਾਣੂ ਆਇਆ। ਫਿਰ

ਜਦ ਪਰਮਾਣੂਆਂ ਦੇ ਸੰਗ੍ਰਹਿ ਨਾਲ ਉਸ ਨੇ ਐਟਮ ਬੰਬ (Atom Bomb) ਬਣਾਇਆ ਤਾਂ ਇਹ ਬੰਬ ਗ਼ਲਤ ਹੱਥਾਂ ਵਿਚ ਚਲਾ ਗਿਆ। ਨਾਗਾਸਾਕੀ (Nagasaki), ਹੀਰੋਸ਼ੀਮਾ (Heroshima) ਦੀ ਤਬਾਹੀ ਅਸੀਂ ਦੇਖ ਸਕਦੇ ਹਾਂ, ਲੱਖਾਂ ਪ੍ਰਾਣੀ ਚੰਦ ਸਕਿੰਟਾਂ ਵਿਚ ਹਮੇਸ਼ਾ ਦੀ ਨੀਂਦ ਸੌਂ ਗਏ (ਜਲ ਕੇ ਖ਼ਾਕ ਹੋ ਗਏ), ਘੋਰ ਵਿਨਾਸ਼ ਹੋਇਆ। ਹਰ ਸਾਇੰਟਿਸਟ ਇਸ ਪਸ਼ਚਾਤਾਪ ਵਿਚ ਰਿਹਾ ਕਿ ਇਹ ਸ਼ਕਤੀ ਗ਼ਲਤ ਹੱਥਾਂ ਵਿਚ ਗਈ ਤਾਂ ਤਬਾਹੀ ਮਚਾਏਗੀ, ਬਰਬਾਦੀ ਕਰੇਗੀ। ਲੇਕਿਨ ਪਰਮਾਤਮਾ ਤਕ ਪਹੁੰਚਦਾ ਹੀ ਉਹੋ ਹੈ, ਜੋ ਸਹੀ ਹੋਵੇ। ਸੰਤ ਤੋਂ ਕਦੀ ਵੀ ਸੰਸਾਰ ਦਾ ਅਹਿਤ ਨਹੀਂ ਹੋਇਆ। ਜਦ ਕੋਈ ਜੋੜਦਿਆਂ ਜੋੜਦਿਆਂ ਪਰਮਾਤਮਾ ਤਕ ਪਹੁੰਚਦਾ ਹੈ, ਔਰ ਸਭ ਕੁਛ ਜੁੜਿਆ ਹੋਇਆ ਦਿਖਾਈ ਦਿੰਦਾ ਹੈ, ਕੁਛ ਵੀ ਟੁੱਟਿਆ ਹੋਇਆ ਨਹੀਂ ਤਾਂ ਉਹ ਸਾਰਿਆਂ ਨਾਲ ਪਿਆਰ ਪਾਉਂਦਾ ਹੈ ਅਤੇ ਪਿਆਰ ਦੇ ਨਾਮ 'ਤੇ ਸਾਰਿਆਂ ਦਾ ਭਲਾ ਮੰਗਦਾ ਹੈ:

ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬੱਤ ਦਾ ਭਲਾ।

ਗੱਲ ਸਪੱਸ਼ਟ ਹੋ ਗਈ, ਦੂਜੇ ਦਾ ਭਲਾ ਮੰਗਣ ਵਾਲਾ ਜੋਗੀ ਹੈ, ਸੰਤ ਹੈ। ਦੂਜੇ ਦਾ ਬੁਰਾ ਕਰਨ ਵਾਲਾ ਭੋਗੀ ਹੈ, ਟੁੱਟਿਆ ਹੋਇਆ ਹੈ। ਭੋਗੀਆਂ ਤੋਂ ਕਦੀ ਵੀ ਸੰਸਾਰੀਆਂ ਦਾ ਭਲਾ ਨਹੀਂ ਹੋਇਆ। ਇਹ ਭੋਗੀ ਰਾਜਨੀਤਿਕ ਜਗਤ ਵਿਚ ਬਹੁਤ ਮਿਲਦੇ ਨੇ ਤੇ ਇਹ ਜੋਗੀ ਕੇਵਲ ਧਾਰਮਿਕ ਜਗਤ ਵਿਚ ਹੀ ਮਿਲਦੇ ਨੇ।

ਇਕ ਜਾਇਦਾਦ ਦੇ ਨਾਮ 'ਤੇ, ਪਦਾਰਥ, ਜ਼ਮੀਨ ਮਾਲ ਦੇ ਨਾਮ 'ਤੇ ਖ਼ੂਨ-ਖ਼ਰਾਬਾ ਕਰਦਾ ਹੈ, ਦੂਜਾ ਧਰਮ ਦੇ ਨਾਮ 'ਤੇ, ਮਜ਼ਹਬ ਦੇ ਨਾਮ 'ਤੇ ਖ਼ੂਨ-ਖ਼ਰਾਬਾ ਕਰਦਾ ਹੈ। ਇਨ੍ਹਾਂ ਦੋ ਤਰ੍ਹਾਂ ਦੇ ਭੋਗੀਆਂ ਨੂੰ ਅਸੀਂ ਦੇਖ ਸਕਦੇ ਹਾਂ, ਇਕ ਦੇ ਉਪਰ ਰਾਜਨੀਤੀ ਦਾ ਲੇਬਲ ਲੱਗਿਆ ਹੋਇਆ ਹੈ ਔਰ ਦੂਸਰੇ 'ਤੇ ਧਰਮ ਦਾ। ਬਸ ਲੇਬਲ ਵੱਖ ਵੱਖ ਨੇ, ਵਰਨਾ ਹਨ ਇਹ ਦੋਵੇਂ ਭੋਗੀ, ਜੋਗੀ ਨਹੀਂ।

ਅੱਜ ਮਨੁੱਖ ਵਿਗਿਆਨ ਦੇ ਪ੍ਰਵਾਹ ਹੇਠ ਜੀਅ ਰਿਹਾ ਹੈ। ਇਹੀ ਕਾਰਨ ਹੈ ਕਿ ਸਾਰਾ ਸੰਸਾਰ ਮਨੁੱਖੀ ਭੋਗੀਆਂ ਨਾਲ ਭਰਿਆ ਪਿਆ ਹੈ। ਜੋਗੀ ਤਾਂ ਕਿਧਰੇ ਟਾਂਵਾਂ ਟਾਂਵਾਂ ਹੈ। ਵਿਗਿਆਨ ਭਾਗ ਭਾਗ 'ਤੇ ਖੜ੍ਹਾ ਹੈ; ਵਿਗਿਆਨਕ ਭੋਗੀ ਹੈ। ਵਿਗਿਆਨ ਤੋਂ ਜਿਸ ਦਿਨ ਦੀ ਸਾਰੀ ਮਨੁੱਖਤਾ ਪ੍ਰਭਾਵਿਤ ਹੋਈ ਹੈ, ਯੌਰਪ (Europe) ਵਿਚ ਬੜੇ ਬੜੇ ਚਰਚ ਉਜੜ ਗਏ ਨੇ, ਤਾਲੇ ਲੱਗ ਗਏ ਨੇ। ਚਾਈਨਾ, ਭਾਰਤ, ਈਰਾਨ ਬੜੇ ਧਾਰਮਿਕ ਦੇਸ਼ ਮੰਨੇ ਜਾਂਦੇ ਸਨ, ਪਰ ਚਾਈਨਾ ਵਿਚ ਬੋਧ ਮੱਠ ਉਜੜੇ ਪਏ ਨੇ। ਭਾਰਤ ਦੇ ਬੇਸ਼ਤਰ ਮੰਦਿਰਾਂ

ਵਿਚ ਕੋਈ ਘੜਿਆਲ ਵਜਾਉਣ ਵਾਲਾ ਵੀ ਨਹੀਂ ਦਿਖਾਈ ਦਿੰਦਾ। ਅੱਠ-ਅੱਠ ਮੰਜ਼ਿਲਾਂ ਦੇ ਗੁਰਦੁਆਰਿਆਂ ਵਿਚ ਅੰਮ੍ਰਿਤ ਵੇਲੇ ਅੱਠ ਮਨੁੱਖ ਵੀ ਦੇਖਣ ਨੂੰ ਨਹੀਂ ਮਿਲਦੇ। ਈਰਾਨ ਵਿਚ ਬੇਸ਼ਤਰ ਮਸਜਿਦਾਂ ਸੁਞੀਆਂ ਪਈਆਂ ਨੇ। ਮਨੁੱਖ ਜਦ ਦਾ ਵਿਗਿਆਨ ਦੇ ਪ੍ਰਭਾਵ ਹੇਠ ਆਇਆ ਹੈ, ਭੋਗੀ ਹੋ ਗਿਆ ਹੈ ਔਰ ਵਿਗਿਆਨ ਨੇ ਬਹੁਤਾ ਭੋਗ ਉਪਲਬਧ ਕਰਾ ਵੀ ਦਿੱਤਾ ਹੈ।

ਵਿਗਿਆਨ ਤੋਂ ਪ੍ਰਭਾਵਿਤ ਹੋਣ ਦਾ ਕਾਰਨ ਕੀ ਹੈ? ਇਹ ਕਿ ਵਿਗਿਆਨ ਜੋ ਕੁਛ ਵੀ ਕਹਿੰਦਾ ਹੈ, ਉਸ ਨੂੰ ਪ੍ਰਤੱਖ ਰੂਪ ਵਿਚ, ਸਬੂਤ ਦੇ ਵਿਚ ਪੇਸ਼ ਕਰਦਾ ਹੈ। ਵਿਗਿਆਨਕ ਜੋ ਵੀ ਖੋਜ ਕਰ ਲੈਂਦਾ ਹੈ, ਉਹ ਆਮ ਮਨੁੱਖਾਂ ਦੇ ਹੱਥ ਵਿਚ ਦੇ ਦਿੰਦਾ ਹੈ।

ਖੋਜੀ ਵਿਗਿਆਨਕ ਨੇ ਬਿਜਲੀ, ਮਨੁੱਖਤਾ ਦੇ ਹੱਥ ਵਿਚ ਦਿੱਤੀ। ਇਸੇ ਤਰੀਕੇ ਨਾਲ ਵਿਗਿਆਨ ਨੇ ਜੋ ਜੋ ਉਪਲਬਧ ਕੀਤਾ, ਉਹ ਮਨੁੱਖਾਂ ਦੇ ਹੱਥ ਆ ਗਿਆ—ਟੈਲੀਫ਼ੋਨ ਹੈ, ਟੈਲੀਵਿਯਨ ਹੈ, ਰੇਡੀਓ, ਰੇਲਾਂ, ਮੋਟਰਾਂ, ਗੱਡੀਆਂ, ਹਵਾਈ ਜਹਾਜ਼ ਵਿਗਿਆਨ ਦੀ ਦੇਣ ਨੇ, ਔਰ ਮਨੁੱਖ ਇਸ ਤੋਂ ਕਾਫ਼ੀ ਲਾਭ ਉਠਾ ਰਿਹਾ ਹੈ। ਇਹ ਤਾਂ ਠੀਕ ਹੈ, ਵਿਗਿਆਨ ਦੀ ਲੋੜ ਵੀ ਹੈ, ਲੇਕਿਨ ਵਿਗਿਆਨ ਸਾਧਨ ਹੋ ਸਕਦਾ ਹੈ, ਮਨੋਰਥ ਨਹੀਂ। ਵਿਗਿਆਨ ਦੀਆਂ ਸਾਰੀਆਂ ਉਪਲਬਧੀਆਂ ਜੀਵਨ ਨੂੰ ਸੌਖੇ ਢੰਗ ਨਾਲ ਬਤੀਤ ਕਰਨ ਲਈ ਤਾਂ ਹੋ ਸਕਦੀਆਂ ਨੇ, ਸਹੂਲਤਾਂ ਮੁਹੱਈਆ ਤਾਂ ਹੋ ਸਕਦੀਆਂ ਨੇ, ਪਰੰਤੂ ਜੀਵਨ ਸਫਲ ਨਹੀਂ ਕਰ ਸਕਦੀਆਂ। ਜੀਵਨ ਸਫਲ ਹੋਵੇਗਾ ਧਰਮ ਦੇ ਨਾਲ। ਔਰ ਬਦਕਿਸਮਤੀ ਹੈ ਕਿ ਬੇਸ਼ਤਰ ਧਾਰਮਿਕ ਜਗਤ, ਧਾਰਮਿਕ ਨਹੀਂ ਹੈ, ਬਲਕਿ ਭੋਗੀਆਂ ਦਾ ਸਮੂਹ ਹੈ। ਬਾਜ਼ਾਰ ਵਿਚ ਤਾਂ ਭੋਗੀ ਮਿਲਦੇ ਹੀ ਨੇ, ਪਰ ਧਾਰਮਿਕ ਮੰਦਿਰਾਂ ਵਿਚ ਵੀ ਮਿਲਦੇ ਨੇ। ਜਿਨ੍ਹਾਂ ਮਨੋ-ਕਾਮਨਾਵਾਂ ਨੂੰ ਲੈ ਕੇ ਮਨੁੱਖ ਮੰਦਿਰ, ਮਸਜਿਦ, ਗੁਰਦੁਆਰਿਆਂ, ਤੀਰਥਾਂ 'ਤੇ ਜਾਂਦੇ ਨੇ, ਉਹ ਸਭ ਭੌਤਿਕ ਪਦਾਰਥਾਂ ਦੀ ਕਾਮਨਾ ਹੈ। ਇਸ ਤਰ੍ਹਾਂ ਮੰਦਿਰ ਜਦੋਂ ਪਦਾਰਥਾਂ ਦੀ ਭੌਤਿਕ ਕਾਮਨਾ ਦੇ ਬਾਜ਼ਾਰ ਬਣ ਗਏ ਤੋ ਬਾਜ਼ਾਰ ਦੀ ਸਾਰੀ ਹਲਚਲ ਧਾਰਮਿਕ ਮੰਦਿਰਾਂ ਵਿਚ ਆ ਗਈ। ਬਾਜ਼ਾਰ ਦੀ ਸਾਰੀ ਬੇਈਮਾਨੀ ਧਾਰਮਿਕ ਮੰਦਿਰਾਂ ਵਿਚ ਆ ਗਈ। ਬਾਜ਼ਾਰ ਦਾ ਉਤਾਰ-ਚੜ੍ਹਾਉ ਮੰਦਿਰਾਂ ਵਿਚ ਆ ਗਿਆ। ਕੋਈ ਇਕ ਅੱਧ ਵਸਤੂ, ਕੋਈ ਇਕ ਅੱਧ ਦੁਕਾਨ ਮਸ਼ਹੂਰ ਹੋ ਜਾਂਦੀ ਹੈ, ਬਹੁਤ ਚਲਦੀ ਹੈ, ਬਹੁਤ ਹੀ ਚਲਦੀ ਹੈ। ਉਸ ਮੰਦਿਰ ਦੀ ਮਨੋਕਾਮਨਾ ਦੀ ਪੂਰਤੀ ਹੋ ਜਾਏਗੀ, ਭੀੜ ਲੱਗ ਜਾਏਗੀ। ਬਾਕੀ ਮੰਦਿਰ ਉੱਜੜ ਜਾਣਗੇ ਔਰ ਇਹ ਭੀੜ ਹੋਰ ਵੱਡੀ ਹੋ ਜਾਏਗੀ। ਤੋ ਮੰਦਿਰਾਂ ਨੂੰ ਛੱਡ ਕੇ ਭੀੜ ਜਾ ਰਹੀ ਹੈ, ਦੁਨਿਆਵੀ ਮਨੋਕਾਮਨਾਵਾਂ ਦੀ ਭੀੜ।

ਮਨੁੱਖ ਦੀਆਂ ਮਨੋਕਾਮਨਾਵਾਂ ਨੇ ਪਤਾ ਨਹੀਂ ਕਿਤਨੇ ਸੁੰਦਰ ਮੰਦਿਰਾਂ ਨੂੰ ਬਾਜ਼ਾਰ ਬਣਾ ਦਿੱਤਾ ਹੈ, ਮਾਰਕੀਟ ਬਣਾ ਦਿੱਤਾ ਹੈ। ਉਹ ਦੁਨੀਆ ਦਾ ਸਭ ਤੋਂ ਖ਼ੁਸ਼ਕਿਸਮਤ ਦਿਹਾੜਾ ਸੀ, ਜਦ ਕਿਸੇ ਅਵਤਾਰੀ ਪੁਰਸ਼ ਦਾ ਜ਼ਮੀਨ 'ਤੇ ਆਵਣਾ ਹੋਇਆ। ਔਰ ਸੰਸਾਰ ਦਾ ਬਦਕਿਸਮਤ ਦਿਹਾੜਾ ਉਹ ਸਮਝ ਲਵੋ, ਜਦ ਧਰਮ ਧੰਧਾ ਬਣ ਗਿਆ; ਧਰਮ ਨਾਲ ਦੁਨਿਆਵੀ ਮਨੋਕਾਮਨਾਵਾਂ ਜੁੜ ਗਈਆਂ। ਇਹ ਸੰਸਾਰ ਦਾ ਸਭ ਤੋਂ ਵੱਡਾ ਬਦਕਿਸਮਤ ਦਿਹਾੜਾ ਸੀ, ਜਦ ਧਰਮ ਧੰਧਾ ਬਣ ਗਿਆ, ਵਾਪਾਰ ਬਣ ਗਿਆ ਔਰ ਇਨ੍ਹਾਂ ਬਿਰਤੀਆਂ ਨੇ ਬੜੇ ਸੁੰਦਰ ਸੁੰਦਰ ਮੰਦਿਰਾਂ ਨੂੰ ਬਾਜ਼ਾਰਾਂ, ਮਾਰਕੀਟਾਂ ਵਿਚ ਬਦਲ ਦਿੱਤਾ।

ਇਹ ਠੀਕ ਹੈ ਕਿ ਉਪਜੀਵਕਾ ਤਾਂ ਹਰ ਇਕ ਨੇ ਚਲਾਉਣੀ ਹੈ, ਲੇਕਿਨ ਧਾਰਮਿਕ ਦੁਨੀਆ ਵਿਚ ਦੇਖਣ ਵਿਚ ਆਇਆ ਹੈ ਕਿ ਪੁਜਾਰੀ ਤਬਕਾ 99 ਪ੍ਰਤਿਸ਼ਤ ਧਾਰਮਿਕ ਨਹੀਂ ਰਹਿ ਜਾਂਦਾ। ਇਨ੍ਹਾਂ ਦੀ ਦ੍ਰਿਸ਼ਟੀ ਵਿਚ ਧਰਮ ਧੰਧਾ ਬਣ ਕੇ ਰਹਿ ਜਾਂਦਾ ਹੈ। ਹਾਂ, ਮਹਾਨ ਹੈ ਉਹ ਪੁਜਾਰੀ ਜੋ ਧਰਮ ਦੇ ਨਾਮ 'ਤੇ ਉਪਜੀਵਕਾ ਚਲਾ ਰਿਹਾ ਹੈ, ਲੇਕਿਨ ਸ਼ਰਧਾ ਹੈ, ਭਾਵਨਾ ਹੈ, ਭਗਤੀ ਹੈ, ਔਰ ਉਸਦੀ ਦ੍ਰਿਸ਼ਟੀ ਵਿਚ ਧਰਮ ਜੀਵਨ ਦਾ ਲਕਸ਼ ਹੈ, ਉਪਜੀਵਕਾ ਤਾਂ ਸੁਤੇ-ਸਿਧ ਹੋ ਰਹੀ ਹੈ। ਜੈਸੇ ਕਣਕ ਬੋਈਏ, ਭੂਸਾ ਤਾਂ ਆਪਣੇ ਆਪ ਮਿਲ ਹੀ ਜਾਂਦਾ ਹੈ; ਭੂਸਾ ਬੋਈਏ ਤਾਂ ਕਣਕ ਨਹੀਂ ਮਿਲਦੀ। ਨਾਮ ਜਪਣ ਵਾਲੇ ਅਤੇ ਜਗਤ ਨੂੰ ਨਾਮ ਜਪਣ ਦੀ ਪ੍ਰੇਰਣਾ ਦੇਣ ਵਾਲੇ ਅਗਰ ਭਾਵਨਾ ਨਾਲ ਭਰਿਆ ਪਵਿੱਤਰ ਹਿਰਦਾ ਰਖਦੇ ਨੇ, ਉਪਜੀਵਕਾ ਤਾਂ ਉਨ੍ਹਾਂ ਦੀ ਚਲੇਗੀ ਹੀ, ਭੂਸਾ ਤਾਂ ਮਿਲੇਗਾ, ਪਰ ਕਣਕ ਨਾਲ ਵੀ ਆਪਣਾ ਦਾਮਨ ਭਰ ਲੈਣਗੇ, ਪਰਮਾਤਮ-ਰਸ ਨਾਲ ਵੀ ਉਹ ਆਪਣਾ ਦਾਮਨ ਭਰ ਲੈਣਗੇ, ਪਰ ਇਸ ਤਰ੍ਹਾਂ ਦੇ ਪੁਜਾਰੀ ਹੈਨ ਟਾਂਵੇਂ ਟਾਂਵੇਂ।

ਸਿਖ ਜਗਤ ਵਿਚ, ਸ੍ਰੀ ਦਰਬਾਰ ਸਾਹਿਬ ਜੀ ਦੇ ਮੁੱਢਲੇ ਪੁਜਾਰੀ ਬਾਬਾ ਬੁੱਢਾ ਜੀ, ਫਿਰ ਉਸ ਤੋਂ ਬਾਦ ਭਾਈ ਮਨੀ ਸਿੰਘ ਇਹ ਛਾਪ ਰੱਖਦੇ ਨੇ, ਕਣਕ ਨਾਲ ਉਨ੍ਹਾਂ ਦਾ ਦਾਮਨ ਭਰਿਆ ਹੋਇਆ ਹੈ। ਭੂਸਾ ਵੀ ਮਿਲ ਗਿਆ, ਉਪਜੀਵਕਾ ਵੀ ਚਲੀ।

ਹਿੰਦੂ ਜਗਤ ਵਿਚ ਸਵਾਮੀ ਰਾਮ ਕ੍ਰਿਸ਼ਨ ਜੀ ਹੋਏ ਨੇ। ਬੰਗਾਲ ਦਾ ਇਹ ਪ੍ਰਸਿੱਧ ਸੰਤ ਮੰਦਿਰ ਦਾ ਪੁਜਾਰੀ ਸੀ। 18 ਰੁਪਏ ਉਸ ਜ਼ਮਾਨੇ ਵਿਚ ਉਨ੍ਹਾਂ ਨੂੰ ਤਨਖ਼ਾਹ, ਔਰ ਪੂਜਾ ਕਰਨੀ, ਮੰਦਿਰ ਦੀ ਸੇਵਾ ਕਰਨੀ, ਪਰ ਕਿਰਤ ਨੂੰ ਉਨ੍ਹਾਂ ਨੇ ਮੁੱਦਾ ਨਹੀਂ ਸੀ ਰੱਖਿਆ। ਉਹ ਭੂਸਾ ਨਹੀਂ ਪਾਉਂਦੇ ਰਹੇ। ਜਿਸ ਮੰਦਿਰ ਵਿਚ ਮੁਲਾਜ਼ਮ ਸਨ, ਟ੍ਰਸਟੀਆਂ ਤਕ ਖ਼ਬਰ ਪੁੱਜੀ ਕਿ ਇਹ ਕੈਸਾ ਪੁਜਾਰੀ ਰੱਖਿਆ ਹੋਇਆ ਹੈ, ਠਾਕਰਾਂ ਨੂੰ ਭੋਗ ਲਗਾਉਣ ਤੋਂ ਪਹਿਲਾਂ ਆਪ ਚੱਖ ਲੈਂਦੈ ਔਰ ਜੋ ਫੁੱਲ ਠਾਕਰਾਂ ਨੂੰ ਦੇਣੇ ਹੁੰਦੇ ਹਨ, ਇਕ ਫੁੱਲ ਕੱਢ ਕੇ ਸੁੰਘ ਲੈਂਦੈ ਤੇ

ਫਿਰ ਭੇਟ ਕਰਦਾ ਹੈ। ਟ੍ਰਸਟੀਆਂ ਨੇ ਬੁਲਾਇਆ। ਕਿਉਂਕਿ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਉਹ ਮੁਲਾਜ਼ਮ ਹੈ। ਐਸਾ ਹੀ ਮੈਂ ਦੇਖਦਾ ਹਾਂ ਗੁਰਦੁਆਰਿਆਂ ਵਿਚ ਵੀ, ਗ੍ਰੰਥੀ ਪ੍ਰਬੰਧਕਾਂ ਦੀ ਦ੍ਰਿਸ਼ਟੀ ਵਿਚ ਮੁਲਾਜ਼ਮ ਹੈ। ਸ਼ਾਇਦ ਕਿਸੇ ਫ਼ੋਰਥ ਕਲਾਸ ਮੁਲਾਜ਼ਮ ਨਾਲ ਵੀ ਉਹ ਵਿਵਹਾਰ ਨਾ ਹੋਵੇ, ਜੋ ਇਨ੍ਹਾਂ ਗ੍ਰੰਥੀਆਂ ਨਾਲ ਹੁੰਦਾ ਹੈ ਔਰ ਕਿਸੇ ਹੱਦ ਤਕ ਇਹ ਜਾਇਜ਼ ਵੀ ਹੈ, ਕਿਉਂਕਿ 99 ਫ਼ੀਸਦੀ ਭੂਸਾ ਹੀ ਬੋ ਰਹੇ ਨੇ, ਕਣਕ ਨਹੀਂ ਬੋ ਰਹੇ। ਸਿਰਫ਼ ਕੀਰਤਨ ਕਰਨਾ, ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕਰਨੀ ਕਿਰਤ ਹੈ, ਕੀਰਤੀ ਨਹੀਂ ਹੈ; ਧੰਧਾ ਹੈ, ਧਰਮ ਨਹੀਂ ਹੈ। ਇਹੀ ਕਾਰਨ ਹੈ ਕਿ ਇਕ ਫ਼ੋਰਥ ਕਲਾਸ ਦੇ ਮੁਲਾਜ਼ਮ ਨਾਲ ਜੋ ਵਿਵਹਾਰ ਹੁੰਦਾ ਹੈ, ਉਹੀ ਵਿਵਹਾਰ ਗ੍ਰੰਥੀਆਂ ਨਾਲ, ਰਾਗੀਆਂ ਨਾਲ ਮੈਂ ਹੁੰਦਾ ਵੇਖਦਾ ਹਾਂ। ਅਣਖ ਤੇ ਗ਼ੈਰਤ ਤਾਂ ਚਿੰਤਨ ਨਾਲ ਹੋਣੀ ਸੀ, ਉਹ ਹੈ ਹੀ ਨਹੀਂ। ਇਸ ਵਾਸਤੇ ਕਿਸੇ ਵੀ ਕੁਰੀਤੀ ਨੂੰ ਜੋ ਪ੍ਰਬੰਧਕਾਂ ਦੇ ਤਲ 'ਤੇ ਹੁੰਦੀ ਹੈ, ਨਾ ਗ੍ਰੰਥੀ ਤੇ ਨਾ ਹੀ ਕੀਰਤਨੀਆ ਕੁਛ ਕਹਿ ਸਕਦੇ ਹਨ, ਕਿਉਂਕਿ ਉਹ ਉਸਦੀ ਕਿਰਤ ਹੈ। ਪ੍ਰਬੰਧਕ ਮਾਲਕ ਬਣੇ ਹੋਏ ਨੇ, ਬੌਸ (Boss) ਨੇ। ਇਸ ਮਨੋਬਿਰਤੀ ਨੇ ਪ੍ਰਬੰਧਕਾਂ ਦੀ ਜ਼ਹਿਨੀਅਤ ਨੂੰ ਥੱਲੇ ਗਿਰਾਇਆ ਹੈ, ਭ੍ਰਿਸ਼ਟ ਹੋਏ ਨੇ ਤੇ ਕੋਰੇ ਰਾਜਨੀਤਿਕ ਹੋ ਗਏ ਨੇ। ਲੇਕਿਨ ਕੀਰਤਨੀਏ ਤੇ ਗ੍ਰੰਥੀ ਵੀ ਜ਼ਮੀਰ ਫ਼ਰੋਸ਼ ਹੋ ਗਏ ਨੇ, ਔਰ ਆਪਣੀ ਰੂਹ ਮੈਲੀ ਕਰ ਬੈਠੇ ਨੇ।

ਮੰਦਿਰ ਦੇ ਟ੍ਰਸਟੀਆਂ ਨੇ ਸਵਾਮੀ ਰਾਮ ਕ੍ਰਿਸ਼ਨ ਨੂੰ ਬੁਲਾਇਆ ਤੇ ਆਖਿਆ ਕਿ ਸੁਣਿਐ, ਤੂੰ ਪ੍ਰਸਾਦ ਪਹਿਲੇ ਆਪ ਚੱਖਦਾ ਹੈਂ, ਫਿਰ ਠਾਕਰਾਂ ਨੂੰ ਭੋਗ ਲਗਾਉਂਦਾ ਹੈਂ। ਇਕ ਫੁੱਲ ਕੱਢ ਕੇ ਤੂੰ ਪਹਿਲਾਂ ਆਪ ਸੁੰਘਦਾ ਹੈਂ, ਫਿਰ ਠਾਕਰਾਂ ਨੂੰ ਭੇਟ ਕਰਦਾ ਹੈਂ। ਰਾਮ ਕ੍ਰਿਸ਼ਨ ਕਹਿਣ ਲੱਗਾ ਕਿ ਮੇਰੀ ਮਾਂ ਬੜੇ ਪਿਆਰ ਨਾਲ ਭੋਜਨ ਤਿਆਰ ਕਰਦੀ ਸੀ। ਮੈਨੂੰ ਦੇਣ ਤੋਂ ਪਹਿਲੋਂ ਆਪ ਚੱਖ ਲੈਂਦੀ ਸੀ ਕਿ ਮੇਰੇ ਖਾਣ ਜੋਗਾ ਹੈ ਵੀ ਕਿ ਨਹੀਂ। ਦੇਖ ਲੈਂਦੀ ਸੀ ਕਿ ਨਮਕ ਘੱਟ ਹੈ ਯਾ ਬੇਸਵਾਦੀ ਹੈ, ਦੇਖ ਲੈਂਦੀ ਸੀ। ਮੈਨੂੰ ਦੇਂਦੀ ਵੀ ਨਹੀਂ ਸੀ, ਪਹਿਲਾਂ ਚੱਖ ਲੈਂਦੀ ਸੀ ਕਿ ਸਵਾਦੀ ਹੈ ? ਮਸਾਲੇ ਠੀਕ ਨੇ ? ਤੇ ਫਿਰ ਪਿਆਰ ਨਾਲ ਮੇਰੇ ਅੱਗੇ ਰੱਖਦੀ ਸੀ। ਤੋ ਮੈਂ ਵੀ ਪ੍ਰਸਾਦ ਪਹਿਲਾਂ ਚੱਖ ਲੈਂਦਾ ਹਾਂ ਕਿ ਠਾਕਰਾਂ ਦੇ ਭੋਗ ਲਗਾਉਣ ਜੋਗਾ ਹੈ ਵੀ ਕਿ ਨਹੀਂ ?

ਇਹ ਰਾਮ ਕ੍ਰਿਸ਼ਨ ਜੀ ਕਾਲੀ ਮਾਤਾ ਦੇ ਮੰਦਿਰ ਦੇ ਪੁਜਾਰੀ ਸਨ। ਪ੍ਰਸਾਦ ਮਾਤਾ ਦੇ ਭੋਗ ਲਗਾਉਣ ਦੇ ਯੋਗ ਹੈ ਵੀ ਕਿ ਨਹੀਂ, ਇਸ ਵਾਸਤੇ ਚੱਖ ਲੈਂਦੇ ਸਨ। ਟ੍ਰਸਟੀ ਹੈਰਾਨ ਕਿ ਐਸਾ ਪੁਜਾਰੀ ਤਾਂ ਅਸੀਂ ਕਦੀ ਨਹੀਂ ਦੇਖਿਆ। ਉਸ ਵਕਤ ਤਾਂ ਥੋੜ੍ਹਾ ਜਿਹਾ ਡਾਂਟ ਕੇ ਸਮਝਾਇਆ ਕਿ ਆਇੰਦਾ ਐਸਾ ਨਹੀਂ ਕਰਨਾ। ਫਿਰ ਐਸਾ ਵੀ ਦੇਖਿਆ ਗਿਆ ਕਿ ਕਿਸੇ ਦਿਨ ਉਹ ਪੂਜਾ ਕਰਦਾ ਹੈ, ਆਰਤੀ ਉਤਾਰਦਾ ਹੈ, ਸਾਰਾ ਸਾਰਾ ਦਿਨ ਘੰਟੀ ਵਜਾਈ ਜਾ ਰਿਹਾ ਹੈ, ਗਾਈ ਜਾ ਰਿਹਾ

ਹੈ ਗੀਤ ਤੇ ਕਿਸੇ ਦਿਨ ਐਸਾ ਵੀ ਹੁੰਦਾ ਹੈ ਪੂਜਾ ਪੂਰੀ ਨਹੀਂ ਹੁੰਦੀ, ਆਰਤੀ ਪੂਰੀ ਨਹੀਂ ਹੁੰਦੀ ਔਰ ਇਕ ਪਾਸੇ ਬੈਠ ਜਾਂਦਾ ਹੈ। ਇਹ ਸ਼ਿਕਾਇਤ ਵੀ ਟ੍ਰਸਟੀਆਂ ਤਕ ਪਹੁੰਚੀ ਤੇ ਬੁਲਾ ਕੇ ਕਿਹਾ—ਸੁਣਿਐ ਕਿ ਪੂਜਾ ਕਿਸੇ ਕਿਸੇ ਦਿਨ ਅਧੂਰੀ ਛੱਡ ਦਿੰਦੇ ਹੋ, ਔਰ ਕਿਸੇ ਦਿਨ ਸਾਰਾ ਸਾਰਾ ਦਿਨ ਹੀ ਪੂਜਾ ਕਰਦੇ ਰਹਿੰਦੇ ਹੋ। ਤੇ ਸਵਾਮੀ ਰਾਮ ਕ੍ਰਿਸ਼ਨ ਕਹਿਣ ਲੱਗੇ—ਜਦ ਪੂਜਾ ਹੁੰਦੀ ਹੈ ਤੇ ਫਿਰ ਹੁੰਦੀ ਹੈ ਤੇ ਜਦ ਫਿਰ ਨਹੀਂ ਹੁੰਦੀ ਤਾਂ ਮੈਂ ਬੈਠ ਜਾਂਦਾ ਹਾਂ।

ਬਾਬਾ ਬੁੱਢਾ ਜੀ ਜੈਸੇ ਧੰਨ ਸ੍ਰੀ ਦਰਬਾਰ ਸਾਹਿਬ ਜੀ ਦੇ ਪਹਿਲੇ ਗ੍ਰੰਥੀ, ਭਾਈ ਮਨੀ ਸਿੰਘ ਜੈਸੇ ਗ੍ਰੰਥੀ ਔਰ ਸਵਾਮੀ ਰਾਮ ਕ੍ਰਿਸ਼ਨ ਜੈਸੇ ਪੁਜਾਰੀ, ਮੰਦਿਰਾਂ ਦੀ ਸ਼ੋਭਾ ਹੁੰਦੇ ਨੇ, ਗੁਰਦੁਆਰਿਆਂ ਦੀ ਸ਼ੋਭਾ ਹੁੰਦੇ ਨੇ। ਇਨ੍ਹਾਂ ਦਾ ਸਦਕਾ, ਲੋਕ ਪ੍ਰਭੂ ਨਾਲ ਜੁੜਦੇ ਨੇ, ਗੁਰੂ ਨਾਲ ਜੁੜਦੇ ਨੇ। ਕਦੀ ਕਦਾਈਂ ਕੋਈ ਫ਼ਕੀਰ-ਤਬੀਅਤ-ਮਨੁੱਖ ਜਦ ਮਸਜਿਦ ਦਾ ਮੌਲਵੀ ਬਣ ਜਾਂਦਾ ਹੈ ਤਾਂ ਮਸਜਿਦ ਵਾਕਈ ਖ਼ੁਦਾ ਦਾ ਘਰ ਬਣ ਜਾਂਦੀ ਹੈ ਔਰ ਉਸ ਤੋਂ ਲੋਕਾਂ ਨੂੰ ਖ਼ੁਦਾ ਦਾ ਦਰਸ ਮਿਲਦਾ ਹੈ। ਪੰਡਿਤ ਪੁਜਾਰੀ ਕੈਸਾ ਹੋਣਾ ਚਾਹੀਦਾ ਹੈ, ਮੇਰੇ ਪਾਤਿਸ਼ਾਹ ਕਹਿੰਦੇ ਨੇ:

ਸੋ ਪੰਡਿਤੁ ਜੋ ਮਨੁ ਪਰਬੋਧੈ॥
ਰਾਮ ਨਾਮੁ ਆਤਮ ਮਹਿ ਸੋਧੈ॥ *(ਗਉੜੀ ਸੁਖਮਨੀ ਮ: ੫, ਪੰਨਾ 274)*

ਪਹਿਲੇ ਆਪਣੇ ਮਨ ਨੂੰ ਪ੍ਰਬੋਧ ਕਰਾਵੇ; ਪਹਿਲੇ ਆਪਣੇ ਮਨ ਨੂੰ ਸੁਣਾਵੇ, ਸਮਝਾਵੇ।

ਰਾਮ ਨਾਮ ਸਾਰੁ ਰਸੁ ਪੀਵੈ॥
ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ॥
ਹਰਿ ਕੀ ਕਥਾ ਹਿਰਦੈ ਬਸਾਵੈ॥
ਸੋ ਪੰਡਿਤੁ ਫਿਰਿ ਜੋਨਿ ਨ ਆਵੈ॥ *(ਗਉੜੀ ਸੁਖਮਨੀ ਮ: ੫, ਪੰਨਾ 274)*

ਉਸ ਪ੍ਰਭੂ ਦੇ ਨਾਮ ਦਾ ਰਸ ਪੀਣ ਵਾਲਾ ਹੋਵੇ। ਉਸਦੇ ਉਪਦੇਸ਼ ਨੂੰ ਲੋਕ ਸੁਣ ਕੇ ਜੀਵਣ। ਉਸ ਪ੍ਰਭੂ ਦੀ ਕਥਾ ਨੂੰ ਮਨ ਵਿਚ ਵਸਾਉਣ ਵਾਲਾ ਹੋਵੇ। ਐਸਾ ਪੰਡਿਤ ਗੁਰੂ ਜੀ ਫ਼ੁਰਮਾਨ ਕਰਦੇ ਨੇ, ਜਨਮ-ਮਰਨ ਦੇ ਗੇੜ ਤੋਂ ਛੁਟ ਜਾਂਦਾ ਹੈ; ਮੁਕਤ ਹੋ ਜਾਂਦਾ ਹੈ।

ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ॥
ਸੂਖਮ ਮਹਿ ਜਾਨੈ ਅਸਥੂਲੁ॥
ਚਹੁ ਵਰਨਾ ਕਉ ਦੇ ਉਪਦੇਸੁ॥
ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ॥

(ਗਉੜੀ ਸੁਖਮਨੀ ਮ: ੫, ਪੰਨਾ 274)

ਵੇਦ ਪੁਰਾਨ ਤੇ ਧਰਮ ਗ੍ਰੰਥਾਂ ਦੇ ਮੂਲ (ਪ੍ਰਭੂ) ਨੂੰ ਸਮਝੇ, ਜੋ ਇਹ ਜਾਣਦਾ ਹੈ ਕਿ ਇਹ ਸਾਰਾ ਦਿਸਦਾ ਜਗਤ ਉਸ ਅਦ੍ਰਿਸ਼ਟ ਪਰਮਾਤਮਾ ਦੇ ਆਸਰੇ ਹੈ ਜੋ ਚਾਰੇ ਹੀ ਜਾਤੀਆਂ (ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ) ਨੂੰ ਉਪਦੇਸ਼ ਦਿੰਦਾ ਹੈ।

ਫਿਰ ਸਾਹਿਬ ਕਹਿੰਦੇ ਨੇ ਕਿ ਸੇਵਕ ਤੇ ਪੁਜਾਰੀ ਉਹ ਹੈ ਜੋ ਸਦਾ ਪ੍ਰਭੂ ਦੀ ਆਗਿਆ ਵਿਚ ਰਹੇ। ਜੋ ਪਰਮਾਤਮਾ ਨੂੰ ਨੇੜੇ ਕਰ ਕੇ ਜਾਣੇ। ਜਿਸ ਦੀ ਪੂਜਾ ਕਰ ਰਿਹਾ ਹੈ, ਉਸ ਨੂੰ ਪ੍ਰਤੱਕਸ਼ ਜਾਣੇ। ਜਿਸਦਾ ਉਪਦੇਸ਼ ਦੇ ਰਿਹਾ ਹੋਵੇ ਉਸ ਨੂੰ ਵੇਖਣ ਵਾਲਾ ਤੇ ਉਸ 'ਤੇ ਭਰੋਸਾ ਰੱਖਣ ਵਾਲਾ ਹੋਵੇ:

ਠਾਕੁਰ ਕਾ ਸੇਵਕੁ ਆਗਿਆਕਾਰੀ॥
ਠਾਕੁਰ ਕਾ ਸੇਵਕੁ ਸਦਾ ਪੂਜਾਰੀ॥
ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ॥
ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ॥
ਠਾਕੁਰ ਕਉ ਸੇਵਕੁ ਜਾਨੈ ਸੰਗਿ॥
ਪ੍ਰਭ ਕਾ ਸੇਵਕੁ ਨਾਮ ਕੈ ਰੰਗਿ॥ *(ਗਉੜੀ ਸੁਖਮਨੀ ਮ: ੫, ਪੰਨਾ 285)*

ਐਸਾ ਨਾਮ ਦੇ ਰੰਗ ਵਿਚ ਰੰਗਿਆ ਹੋਇਆ ਪੁਜਾਰੀ ਮੰਦਿਰ ਦੀ ਸ਼ੋਭਾ ਹੁੰਦਾ ਹੈ, ਮੰਦਿਰ ਦੀ ਜਾਨ ਹੁੰਦਾ ਹੈ, ਸਬਰ-ਸੰਤੋਖ ਉਸਦੀ ਤਰਜ਼ੇ ਜ਼ਿੰਦਗੀ ਹੁੰਦੀ ਹੈ। ਕਾਸ਼! ਮੰਦਿਰ, ਮਸਜਿਦ, ਗੁਰਦੁਆਰਿਆਂ ਦੇ ਵਿਚ ਅਗਰ ਇਸ ਤਰ੍ਹਾਂ ਦੇ ਮਨੁੱਖ ਆ ਜਾਣ ਤਾਂ ਸਾਰਾ ਜਗਤ ਧਾਰਮਿਕ ਹੋ ਸਕਦਾ ਹੈ; ਧਾਰਮਿਕ ਮੰਦਿਰ, ਧਾਰਮਿਕ ਮੰਦਿਰ ਹੋ ਸਕਦੇ ਨੇ। ਜੋ ਸਿਰਫ਼ ਕਿਰਤ ਨੂੰ, ਸਿਰਫ਼ ਧੰਧੇ ਨੂੰ ਮੁਖ ਰੱਖ ਕੇ ਗ੍ਰੰਥੀ ਨੇ, ਰਾਗੀ ਨੇ, ਪ੍ਰਚਾਰਕ ਨੇ, ਪੁਜਾਰੀ ਨੇ, ਮੌਲਵੀ ਨੇ, ਇਨ੍ਹਾਂ ਨੇ ਧਰਮ ਮੰਦਿਰਾਂ ਨੂੰ ਬਾਜ਼ਾਰ ਬਣਾ ਦਿੱਤਾ ਹੈ, ਮਾਰਕੀਟ ਬਣਾ ਦਿੱਤਾ ਹੈ। ਆਖ਼ਿਰ ਪ੍ਰਬੰਧਕ, ਪੁਜਾਰੀ ਏਹੀ ਇਕ ਤਬਕਾ ਹੈ, ਜਿਨ੍ਹਾਂ ਨੇ ਜਗਤ ਨੂੰ ਪਰਮਾਤਮਾ ਦੇ ਨਾਲ ਜੋੜਨਾ ਹੈ। ਪ੍ਰਬੰਧਕ ਧਾਰਮਿਕ ਅਸਥਾਨਾਂ ਤੋਂ ਆਪਣਾ ਨਿੱਜੀ ਲਾਭ ਉਠਾਉਂਦੇ ਨੇ, ਯਾ ਫਿਰ ਇਹ ਦੇਖਦੇ ਨੇ ਕਿ ਗੋਲਕ ਕਿਤਨੀ ਹੈ, ਆਮਦਨ ਕਿਤਨੀ ਹੈ, ਬੈਲੈਂਸ ਕਿਤਨਾ ਹੈ; ਸਮਾਗਮ ਕੀਤਾ ਸੀ, ਕਿਤਨੀ ਮਾਇਆ ਬਚੀ ਹੈ, ਇਹ ਨਹੀਂ ਸਮਝਦੇ ਕਿ ਪ੍ਰਭੂ ਦੇ ਮਾਰਗ 'ਤੇ ਚਲਿਆਂ ਕਿਸੇ ਨੂੰ ਰੂਹਾਨੀ ਲਾਭ ਵੀ ਹੋਇਆ ਹੈ ਕਿ ਨਹੀਂ, ਇਹ ਤਾਂ ਉਨ੍ਹਾਂ ਦੀ ਸੋਚਣੀ ਵੀ ਨਹੀਂ ਹੈ। ਭਾਈ ਗੁਰਦਾਸ ਜੀ ਨੇ ਇਕ ਬੜਾ ਸੁੰਦਰ ਖ਼ਿਆਲ ਦਿੱਤਾ ਹੈ:

ਇਕ ਕਿਸਾਨ ਚੰਦਨ ਦੀ ਲੱਕੜ ਦੀ ਵਾੜ ਲਾ ਰਿਹਾ ਸੀ। ਪੁੱਛਿਆ— ਕੀ ਇਸ ਖੇਤ ਦੇ ਵਿਚ ਕੇਸਰ ਬੀਜਿਆ ਹੈ? ਕਹਿੰਦਾ ਕਿ ਨਹੀਂ, ਕਿੱਕਰਾਂ ਬੀਜੀਆਂ ਨੇ! ਘਰ ਵਿਚ ਦੇਖਿਆ, ਇਕ ਸੋਨੇ ਦਾ ਬਕਸਾ ਪਿਆ ਹੈ। ਪੁੱਛਿਆ

ਕਿ ਇਸ ਵਿਚ ਹੀਰੇ ਰੱਖੇ ਨੇ ? ਉਤਰ ਮਿਲਿਆ ਕਿ ਨਹੀਂ, ਕੱਚ ਤੇ ਪੱਥਰ ਨੇ !

ਚੰਦਨ ਕੀ ਬਾਰਿ ਜੈਸੇ ਦੀਜੀਅਤ ਬਬੂਰ ਦ੍ਰੂਮ,
ਕੰਚਨ ਸੰਪਟ ਮਧਿ ਕਾਚੁ ਗਹਿ ਰਾਖੀਐ ॥

(ਕਬਿੱਤ ਸਵੈਯੇ, ਭਾਈ ਗੁਰਦਾਸ ਜੀ)

ਐਸਾ ਹੀ ਪੁਜਾਰੀ ਹੈ, ਕੀਰਤਨੀਆ ਹੈ, ਗ੍ਰੰਥੀ ਹੈ, ਧਰਮ ਦਾ ਪ੍ਰਚਾਰਕ ਹੈ, ਮੌਲਵੀ ਹੈ—ਧਾਰਮਿਕ ਹੈ, ਵਾੜ ਚੰਦਨ ਦੀ ਹੈ, ਬਕਸਾ ਸੋਨੇ ਦਾ ਲੇਕਿਨ ਸਿਵਾਏ ਕਿੱਕਰਾਂ ਦੇ, ਕੱਚ ਤੇ ਪੱਥਰ ਨੇ। ਜਿਸ ਦਿਨ ਦੀ ਧਰਮ-ਸਾਧਨਾ ਕਿਰਤ ਬਣ ਕੇ ਰਹਿ ਗਈ ਏ, ਪੁਜਾਰੀਆਂ ਦੀ ਅਤੇ ਪ੍ਰਬੰਧਕਾਂ ਦੀ ਦ੍ਰਿਸ਼ਟੀ ਵਿਚ ਰਾਜਨੀਤਿਕ ਸੁਆਰਥ ਤੇ ਆਰਥਿਕ ਲਾਭ ਹੀ ਮਨੋਰਥ ਰਹਿ ਗਿਐ, ਧਾਰਮਿਕ ਮੰਦਿਰ ਬਾਜ਼ਾਰ ਬਣ ਕੇ ਰਹਿ ਗਏ ਨੇ।

ਤੋ ਇਸ ਤਰ੍ਹਾਂ ਭੋਗੀਆਂ ਦੀ ਲਿਸਟ ਵਧਦੀ ਗਈ। ਵਿਗਿਆਨਕ, ਸੰਸਾਰ ਨੂੰ ਕੋਈ ਧਰਮ ਦੀ ਛਾਪ ਨਾ ਦੇ ਸਕਿਆ ਔਰ ਪੁਜਾਰੀ ਤਬਕਾ, ਪ੍ਰਬੰਧਕ ਤਬਕਾ ਕੋਈ ਧਰਮ ਦੀ ਛਾਪ ਦਾ ਸਬੂਤ ਨਾ ਪੇਸ਼ ਕਰ ਸਕਿਆ। ਜਗਤ ਭੋਗੀਆਂ ਨਾਲ ਭਰ ਗਿਆ। ਅੱਜ ਕਿਸੇ ਦੁਕਾਨ ਨੂੰ ਯਾ ਧਰਮ ਮੰਦਿਰ ਨੂੰ ਦੇਖੀਏ, ਕੋਈ ਫ਼ਰਕ ਨਹੀਂ ਦਿਖਾਈ ਦਿੰਦਾ। ਲੋੜਾਂ ਦੀ ਪੂਰਤੀ ਲਈ, ਸੌਦਾ ਖ਼ਰੀਦਣ ਲਈ ਕੋਈ ਮਾਰਕੀਟ ਜਾ ਰਿਹਾ ਹੈ, ਕੋਈ ਬਾਜ਼ਾਰ ਜਾ ਰਿਹਾ ਹੈ, ਕੋਈ ਧਰਮ ਮੰਦਿਰ ਜਾ ਰਿਹਾ ਹੈ। ਆਪਣੀਆਂ ਕਾਮਨਾਵਾਂ ਦੀ ਪੂਰਤੀ ਲਈ ਥੋੜ੍ਹੇ ਜਿਹੇ ਫੁੱਲ ਭੇਟ ਕੀਤੇ ਨੇ, ਥੋੜ੍ਹੀ ਜਿਹੀ ਮਾਇਆ ਭੇਟ ਕੀਤੀ ਹੈ ਤੇ ਇਕ ਲੰਬੀ ਚੌੜੀ ਲਿਸਟ ਕਾਮਨਾ ਦੀ ਅੱਗੇ ਰੱਖ ਦਿੱਤੀ ਹੈ। ਪੁਜਾਰੀ ਤਬਕੇ ਨੂੰ, ਭੋਗੀ ਤਬਕੇ ਦੇ ਲੋਕ ਲਾਲਚ ਵੀ ਦਿੰਦੇ ਹਨ। ਜੈਸੇ ਧਨ ਦੇ ਆਸਰੇ ਮਨੁੱਖ ਬਾਜ਼ਾਰ ਵਿੱਚੋਂ ਭੋਜਨ ਹਾਸਲ ਕਰ ਸਕਦਾ ਹੈ, ਬਣਿਆ ਬਣਾਇਆ ਮਕਾਨ ਹਾਸਲ ਕਰ ਸਕਦਾ ਹੈ, ਆਪਣੇ ਮੈਲੇ ਕਪੜੇ ਧੁਲਾ ਸਕਦਾ ਹੈ, ਘਰ ਸਾਫ਼ ਕਰਾ ਸਕਦਾ ਹੈ, ਬਰਤਨ ਸਾਫ਼ ਕਰਵਾ ਸਕਦਾ ਹੈ; ਤੋ ਧਨ ਦੇ ਆਸਰੇ 'ਤੇ ਬਹੁਤ ਸਾਰੇ ਧਨਾਢਾਂ ਦੀ ਐਸੀ ਸੋਚਣੀ ਬਣ ਗਈ ਹੈ ਕਿ ਮਾਨੋ ਅਸੀਂ ਆਪਣਾ ਮਨ ਸਾਫ਼ ਕਰਵਾ ਲਿਆ, ਜੇ ਕੋਈ ਸਾਡੀ ਥਾਂ 'ਤੇ ਪਾਠ ਕਰ ਦੇਵੇਗਾ, ਕੋਈ ਜਪ ਤਪ ਕਰ ਦਏਗਾ। ਔਰ ਬਹੁਤ ਮੌਜੂਦ ਨੇ ਇਸ ਤਰ੍ਹਾਂ ਦੇ ਜਪ ਤਪ ਕਰਨ ਵਾਲੇ ਕਿਰਤੀ। ਇਸ ਤਰ੍ਹਾਂ ਕਰਮ-ਧਰਮ ਸਭ ਧੰਧਾ ਬਣ ਗਿਆ ਹੈ, ਔਰ ਇਹ ਵੀ ਭੋਗ ਨੂੰ ਜਨਮ ਦੇ ਰਿਹਾ ਹੈ।

ਪ੍ਰਭੂ-ਚਿੰਤਨ ਦੇ ਨਾਲ ਜੈਸੇ ਜੈਸੇ ਦਵੈਤ ਮਨ ਇਕ ਹੈ ਤਾਂ ਸਾਰਾ ਜਗਤ ਇਕ ਦਿਖਾਈ ਦਿੰਦਾ ਹੈ। ਜੇ ਅਸੀਂ ਆਪਣੇ ਸਰੀਰ ਨੂੰ ਦੇਖੀਏ, ਪੰਜ ਤੱਤਾਂ ਦਾ ਜੋੜ ਹੈ। 400 ਮੀਲ ਦੀ ਬੁਲੰਦੀ ਤਕ ਫ਼ਿਜ਼ਾ (ਹਵਾ) ਹੈ, ਤੋ ਕਿਆ ਅਸੀਂ

ਆਪਣੀ ਹੋਂਦ 400 ਮੀਲ ਤਕ ਮੰਨ ਲਈਏ। ਪਰ ਜੇ ਸੂਰਜ ਵੀ ਨਾ ਹੋਵੇ ਤਾਂ ਅਸੀਂ ਨਹੀਂ ਹੋ ਸਕਦੇ, ਤੇ ਕਿਆ ਇਕ ਕ੍ਰੋੜ ਅਸੀਂ ਆਪਣੀ ਹੋਂਦ ਮੰਨ ਲਈਏ। ਪਰ ਇਹ ਸੂਰਜ ਕਿਸੇ ਹੋਰ ਮਹਾਂ ਸੂਰਜ ਦੇ ਆਸਰੇ 'ਤੇ ਖੜ੍ਹਾ ਹੈ, ਉਹ ਸੂਰਜ ਕਿਸੇ ਹੋਰ ਮਹਾਂ ਸੂਰਜ ਦੇ ਆਸਰੇ 'ਤੇ ਖੜ੍ਹਾ ਹੈ ਤੇ ਇਵੇਂ ਅੱਗੋਂ ਉਹ ਸੂਰਜ ਕਿਸੇ ਹੋਰ ਮਹਾਂ ਸੂਰਜ ਦੇ ਆਸਰੇ 'ਤੇ ਖੜ੍ਹਾ ਹੈ; ਤੋ ਆਪਣੇ ਆਪ ਦੀ ਸਮਾਪਤੀ ਕਿਥੇ ਕਰੀਏ। ਅਸੀਂ ਸਮੇਂ ਨੂੰ ਬ੍ਰਹਿਮੰਡ ਨਾਲ ਜੋੜਿਆ ਹੋਇਆ ਹੈ, ਇਕ ਇਕ ਜ਼ੱਰਾ ਸਮੂਹ ਬ੍ਰਹਿਮੰਡ ਨਾਲ ਜੁੜਿਆ ਹੋਇਆ ਹੈ:

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥

ਜਿਸ ਨੂੰ ਇਸ ਜੋੜ ਦਾ ਪਤਾ ਚਲ ਜਾਂਦਾ ਹੈ ਔਰ ਜਿਸ ਨੂੰ ਸਾਰਾ ਜੁੜਿਆ ਹੋਇਆ ਦਿਖਾਈ ਦਿੰਦਾ ਹੈ, ਉਹੋ ਜੋਗੀ ਹੈ; ਔਰ ਜਿਸ ਨੂੰ ਸਾਰਾ ਟੁੱਟਿਆ ਹੋਇਆ ਦਿਖਾਈ ਦਿੰਦਾ ਹੈ, ਭੋਗੀ ਹੈ। ਜਿਹੜਾ ਜੋਗੀ ਹੈ ਉਸ ਨੂੰ ਜੁੜਿਆ ਹੋਇਆ ਦਿਖਾਈ ਦਿੰਦਾ ਹੈ, ਮਹਾਂ ਆਨੰਦ ਦੇ ਵਿਚ ਹੁੰਦਾ ਹੈ, ਔਰ ਜੋ ਭੋਗੀ ਹੈ, ਮਹਾਂ ਦੁਖ ਵਿਚ ਹੈ, ਕਲੇਸ਼ ਵਿਚ ਹੈ। ਜੋ ਜੋਗੀ ਹੈ, ਉਹ ਕਦਮ ਕਦਮ 'ਤੇ ਜੋੜਦਾ ਹੈ, ਔਰ ਜੋ ਭੋਗੀ ਹੈ ਉਹ ਤੋੜੇਗਾ, ਉਸ ਨੂੰ ਤੋੜਨ ਵਿਚ ਰਸ ਪ੍ਰਾਪਤ ਹੁੰਦਾ ਹੈ। ਉਹ ਦੋ ਦਿਲਾਂ ਨੂੰ ਤੋੜਦਾ ਹੈ, ਦੋ ਪਰਿਵਾਰਾਂ ਨੂੰ ਤੋੜਦਾ ਹੈ, ਦੋ ਕੌਮਾਂ ਨੂੰ ਤੋੜਦਾ ਹੈ। ਜਿਥੇ ਜਿਥੇ ਜਾਂਦਾ ਹੈ, ਤੋੜਨ ਦਾ ਹੀ ਕੰਮ ਕਰਦਾ ਹੈ, ਜੋੜਨ ਦਾ ਨਹੀਂ।

ਇਕ ਬੜੀ ਸੁੰਦਰ ਪ੍ਰਾਚੀਨ ਗਾਥਾ ਹੈ। ਹਜ਼ਰਤ ਮੂਸਾ ਦੇ ਜ਼ਮਾਨੇ ਇਕ ਇਆਲੀ (ਆਜੜੀ, ਚਰਵਾਹਾ), ਚੰਦ ਭੇਡਾਂ ਉਸ ਦੀ ਜ਼ਿੰਦਗੀ ਦਾ ਸਰਮਾਇਆ ਸਨ। ਦਿਨ ਭਰ ਉਨ੍ਹਾਂ ਨੂੰ ਚਰਾਂਦਾ ਸੀ। ਉਨ੍ਹਾਂ ਦਾ ਦੁੱਧ ਪੀ ਕੇ ਗੁਜ਼ਾਰਾ ਕਰਦਾ, ਭੇਡਾਂ ਦੀ ਉੱਨ ਵੇਚ ਕੇ ਆਪਣੀਆਂ ਦੂਜੀਆਂ ਲੋੜਾਂ ਦੀ ਪੂਰਤੀ ਕਰਦਾ। ਰਾਤ ਪੈ ਜਾਂਦੀ ਤਾਂ ਰੁੱਖਾਂ ਥੱਲੇ ਚਾਦਰ ਕੰਬਲੀ ਜਿਹੀ ਵਿਛਾ ਕੇ ਸੌਂ ਜਾਂਦਾ। ਭੇਡਾਂ ਵੀ ਕੋਲ ਪਈਆਂ ਸੌਂ ਰਹਿੰਦੀਆਂ। ਇਵੇਂ ਹੀ ਰਾਤ ਕੱਟ ਲੈਂਦਾ। ਇਸ ਤਰ੍ਹਾਂ ਦਿਨ ਨੂੰ ਭੇਡਾਂ ਚਰਾਂਦਾ ਤੇ ਰਾਤ ਨੂੰ ਉਥੇ ਪਿਆ ਜੰਗਲ ਵਿਚ ਸੌਂ ਰਹਿੰਦਾ। ਇਹ ਚੰਦ ਭੇਡਾਂ ਹੀ ਉਸ ਦਾ ਪਰਿਵਾਰ ਸਨ, ਉਸ ਦਾ ਸੰਸਾਰ ਸਨ, ਉਸਦੀ ਉਪਜੀਵਿਕਾ ਦਾ ਸਾਧਨ ਸਨ। ਇਕੱਲਾ ਸੀ, ਤਨਹਾ ਸੀ, ਇਸ ਵਾਸਤੇ ਕਦੀ ਸ਼ਹਿਰ ਦੀ ਤਰਫ਼ ਰੁਖ਼ ਨਹੀਂ ਸੀ ਕੀਤਾ, ਪਿੱਛੋਂ ਭੇਡਾਂ ਦੀ ਰਖਵਾਲੀ ਕੌਣ ਕਰਦਾ।

ਪਰ ਇਕ ਦਿਨ ਉਸ ਨੂੰ ਬੜੀ ਪ੍ਰਬਲ ਲਾਲਸਾ ਜਾਗੀ, ਸ਼ਹਿਰ ਜਾਣ ਦੀ। ਭੇਡਾਂ ਨੂੰ ਇਕੱਲਿਆਂ ਛੱਡਣਾ ਵੀ ਮੁਨਾਸਬ ਨਾ ਸਮਝਿਆ ਤੇ ਭੇਡਾਂ ਨੂੰ ਵੀ ਸ਼ਹਿਰ ਵੱਲ ਮੋੜ ਲਿਆ। ਸ਼ਹਿਰ ਦੀ ਨੁੱਕਰ 'ਤੇ ਇਬਾਦਤਗਾਹ ਸੀ। ਬਹੁਤ

ਸਾਰੇ ਲੋਕ ਖੜ੍ਹੇ ਸਨ, ਕੋਈ ਧਾਰਮਿਕ ਪੇਸ਼ਵਾ, ਕੋਈ ਉਪਦੇਸ਼ ਦੇ ਰਿਹਾ ਸੀ, ਔਰ ਸਾਰੇ ਬੜੇ ਗ਼ੌਰ ਨਾਲ ਸੁਣ ਰਹੇ ਸਨ। ਉਪਦੇਸ਼ਕ ਕਹਿ ਰਿਹਾ ਸੀ—ਖ਼ੁਦਾ ਇਕ ਹੈ। ਇਕੱਲਾ ਹੈ, ਲਾ-ਸ਼ਰੀਕ ਹੈ, ਲਾ-ਮਕਾਨ ਹੈ। ਉਹ ਲਾ-ਸ਼ਰੀਕ, ਲਾ-ਮਕਾਨ, ਇਕੱਲਾ ਹੈ, ਏਹੀ ਵਿਆਖਿਆ ਕਰੀ ਜਾ ਰਿਹਾ ਸੀ, ਇਸੇ ਦਾ ਹੀ ਖੁਲਾਸਾ ਕਰੀ ਜਾ ਰਿਹਾ ਸੀ। ਇਹ ਇਆਲੀ, ਇਹ ਆਜੜੀ ਬੜਾ ਖ਼ੁਸ਼ ਹੋਇਆ, ਕਹਿਣ ਲੱਗਾ, "ਐ ਖ਼ੁਦਾ! ਹੱਦ ਹੋ ਗਈ, ਤੂੰ ਵੀ ਮੇਰੇ ਵਰਗਾ ਹੈਂ, ਮੈਂ ਵੀ ਇਕੱਲਾ, ਮੇਰਾ ਕੋਈ ਨਹੀਂ ਹੈ, ਮੈਂ ਵੀ ਲਾ-ਸ਼ਰੀਕ, ਕੋਈ ਵੀ ਮੇਰਾ ਸ਼ਰੀਕ ਨਹੀਂ ਹੈ। ਦੇਖ, ਮੈਂ ਵੀ ਲਾ-ਮਕਾਨ ਹਾਂ, ਮੇਰਾ ਕੋਈ ਘਰ-ਘਾਟ ਨਹੀਂ ਹੈ। ਮੈਂ ਜਿਥੇ ਚਾਹਿਆ ਸੌਂ ਰਹਿੰਦਾ ਹਾਂ।" ਤੇ ਇਤਨਾ ਖ਼ੁਸ਼ੀ ਨਾਲ ਭਰਿਆ, ਇਤਨਾ ਆਨੰਦ ਨਾਲ ਭਰਿਆ ਕਿ ਬਸ ਉਸੇ ਨੁੱਕੜ ਤੋਂ ਭੇਡਾਂ ਨੂੰ ਵਾਪਸ ਲੈ ਕੇ ਜੰਗਲ ਵਿਚ ਆ ਗਿਆ। ਬੜਾ ਪ੍ਰਸੰਨ!

ਭੇਡਾਂ ਦਾ ਦੁੱਧ ਚੋਇਆ। ਬਾਜਰੇ ਦੇ ਆਟੇ ਦੀਆਂ ਦੋ ਰੋਟੀਆਂ ਬਣਾਈਆਂ, ਰੱਖ ਕੇ ਬੈਠ ਗਿਆ—ਖ਼ੁਦਾ! ਅੱਜ ਪਤਾ ਚਲਿਐ ਕਿ ਤੂੰ ਵੀ ਮੇਰੇ ਵਰਗਾ ਹੈਂ। ਆ ਆਪਾਂ ਮਿਲ ਕੇ ਰੋਟੀ ਖਾਈਏ। ਪਰ ਪਹਿਲੇ ਤੂੰ ਖਾਏਂਗਾ, ਫਿਰ ਮੈਂ ਖਾਵਾਂਗਾ। ਮੈਂ ਦੋ ਰੋਟੀਆਂ ਬਣਾਈਆਂ ਨੇ, ਹੋਰ ਵੀ ਬਣਾ ਲਵਾਂਗੇ। ਮੋਟੀਆਂ ਰੋਟੀਆਂ ਬਣਾਈਆਂ ਨੇ, ਇਕ ਮੇਰੀ ਇਕ ਤੇਰੀ। ਦੇਖ ਮੇਰੇ ਕੋਲ ਬਹੁਤ ਸਾਰਾ ਭੇਡਾਂ ਦਾ ਦੁੱਧ ਵੀ ਹੈ, ਰੱਜ ਕੇ ਪੀ।

—ਐ ਖ਼ੁਦਾ! ਮੈਨੂੰ ਇਹ ਤਾਂ ਪਤਾ ਨਹੀਂ ਕਿ ਤੇਰੇ ਵਿਚ ਕੀ ਖ਼ੂਬੀਆਂ ਨੇ, ਪਰ ਮੈਂ ਆਪਣੀਆਂ ਖ਼ੂਬੀਆਂ ਪਹਿਲੇ ਦੱਸ ਲਵਾਂ। ਤੇਰੇ ਕਪੜੇ ਕਿਧਰੇ ਪਾਟ ਜਾਣ ਤਾਂ ਮੈਨੂੰ ਸੀਉਣੇ ਵੀ ਆਉਂਦੇ ਨੇ। ਜੁੱਤੀ ਤੇਰੀ ਪਾਟੀ ਹੋਵੇ, ਮੈਂ ਉਹ ਵੀ ਗੰਢ ਸਕਦਾ ਹਾਂ। ਸਿਰ ਦੇ ਵਾਲਾਂ ਵਿਚ ਕਿਧਰੇ ਜੂੰਆਂ ਪੈ ਗਈਆਂ ਹੋਵਣ, ਮੈਂ ਕੱਢ ਦਿਆਂਗਾ। ਐ ਖ਼ੁਦਾ! ਇਕ ਗੱਲ ਹੋਰ ਸੁਣ, ਮੈਨੂੰ ਜੜ੍ਹੀ-ਬੂਟੀਆਂ ਦਾ ਵੀ ਥੋੜ੍ਹਾ ਜਿਹਾ ਗਿਆਨ ਹੈ। ਕਿਧਰੇ ਤੈਨੂੰ ਤਾਪ ਚੜ੍ਹੇ, ਲਾਹ ਦਿਆਂਗਾ, ਦਵਾਈ ਦੇ ਦਿਆਂਗਾ। ਮੇਰੇ ਨਾਲ ਥੱਕ ਜਾਵੇਂਗਾ ਤਾਂ ਮੁੱਠੀ ਚਾਪੀ ਕਰ ਦਿਆਂਗਾ। ਤੇਲ ਦੀ ਮਾਲਿਸ਼ ਵੀ ਕਰ ਦਿਆਂਗਾ। ਤੈਨੂੰ ਆਰਾਮ ਨਾਲ ਸੁਲਾਵਾਂਗਾ। ਦੇਖ! ਤੂੰ ਮੇਰੇ ਵਰਗਾ ਹੀ ਤਾਂ ਹੈਂ, ਮੈਂ ਤੈਨੂੰ ਕਦੇ ਭੁੱਖਾ ਨਹੀਂ ਰਹਿਣ ਦਿਆਂਗਾ। ਮੈਂ ਉੱਨ ਵੇਚ ਕੇ ਆਟਾ ਲੈ ਆਉਂਦਾ ਹਾਂ। ਰੋਟੀ ਪਕਾ ਕੇ ਪਹਿਲੇ ਤੈਨੂੰ ਖਵਾਇਆ ਕਰਾਂਗਾ, ਫਿਰ ਆਪ ਖਾਇਆ ਕਰਾਂਗਾ।

ਇਸ ਤਰ੍ਹਾਂ ਉਹ ਇਆਲੀ ਜੋਦੜੀ ਕਰ ਰਿਹਾ ਸੀ ਕਿ ਹਜ਼ਰਤ ਮੂਸਾ ਕੋਲੋਂ ਦੀ ਲੰਘੇ। ਖਿੱਚ ਕੇ ਦੋ ਥੱਪੜ ਮਾਰੇ।—ਖ਼ੁਦਾ ਨੂੰ ਭੁੱਖ ਲਗਦੀ ਹੈ, ਤੂੰ ਰੋਟੀ ਖਵਾਏਂਗਾ। ਤੂੰ ਜੂੰਆਂ ਕੱਢੇਂਗਾ, ਖ਼ੁਦਾ ਦਾ ਤਾਪ ਉਤਾਰਨ ਲਈ ਜੜ੍ਹੀ

ਬੂਟੀ ਪਿਲਾਏਂਗਾ, ਬੁਖ਼ਾਰ ਉਤਾਰੇਂਗਾ, ਮੂਰਖ, ਨਾਦਾਨ, ਅਗਿਆਨੀ! ਇਹ ਕਹਿ ਕੇ ਮੂਸਾ ਚਲਾ ਗਿਆ ਤੇ ਰੋਂਦਾ ਰਹਿ ਗਿਆ ਉਹ ਇਆਲੀ।

—ਐ ਖ਼ੁਦਾ! ਉਹ ਮਜ਼ਹਬੀ ਪੇਸ਼ਵਾ ਤਾਂ ਕਹਿ ਰਿਹਾ ਸੀ ਕਿ ਤੂੰ ਮੇਰੇ ਵਰਗਾ ਹੈਂ, ਪਰ ਇਹ ਪੈਗ਼ੰਬਰ ਤਾਂ ਕਹਿੰਦਾ ਹੈ ਕਿ ਨਹੀਂ।—ਜ਼ਾਰੋ ਜ਼ਾਰ ਰੋਂਦਾ ਹੈ।—ਐ ਖ਼ੁਦਾ! ਇਕ ਤੂੰ ਹੀ ਤਾਂ ਸੀ ਮੇਰੇ ਵਰਗਾ, ਮੇਰੀ ਢਾਰਸ ਬੱਝੀ ਸੀ। ਪਰ ਇਹ ਪੈਗ਼ੰਬਰ ਤਾਂ ਕੁਛ ਹੋਰ ਹੀ ਕਹਿੰਦਾ ਹੈ।—ਇਸ ਤਰ੍ਹਾਂ ਜ਼ਾਰੋ ਜ਼ਾਰ ਰੋਂਦਾ ਹੈ। ਹੁਣ ਉਹ ਰੋ ਰਿਹਾ ਹੈ, ਉਸਦੀ ਖ਼ੁਸ਼ੀ ਗ਼ਮ ਵਿਚ ਬਦਲ ਗਈ; ਉਸ ਦਾ ਦਿਲ ਟੁੱਟ ਗਿਆ।

ਹਜ਼ਰਤ ਮੂਸਾ ਰੋਜ਼ ਕੋਹਿਤੂਰ ਜਾਂਦਾ ਸੀ ਅਤੇ ਬੈਠ ਕੇ ਇਬਾਦਤ ਕਰਦਾ ਸੀ। ਪਰ ਅੱਜ ਅੱਧੀ ਰਾਤ ਲੰਘ ਗਈ ਹੈ, ਮਨ ਜੁੜਦਾ ਨਹੀਂ, ਬੜੀ ਕੋਸ਼ਿਸ਼ ਕਰਦਾ ਹੈ, ਬੜੀ ਮਿਹਨਤ ਕਰਦਾ ਹੈ, ਲੇਕਿਨ ਖੋਂਡ ਨਹੀਂ ਬਣਦੀ। ਮੂਸਾ ਖ਼ੁਦਾ ਅੱਗੇ ਪ੍ਰਾਰਥਨਾ ਕਰਦਾ ਹੈ—ਐ ਖ਼ੁਦਾ! ਮੈਥੋਂ ਕੀ ਭੁੱਲ ਹੋਈ ਹੈ, ਅੱਜ ਮੇਰਾ ਮਨ ਕਿਉਂ ਨਹੀਂ ਜੁੜ ਰਿਹਾ?—ਇਲਹਾਮ ਹੋਇਆ ਕਿ ਨਹੀਂ ਜੁੜ ਸਕੇਗਾ। ਕਿਉਂਕਿ ਅੱਜ ਤੂੰ ਜੁੜੇ ਹੋਏ ਨੂੰ ੂੜ ਕੇ ਆਇਆ ਹੈਂ, ਇਸ ਵਾਸਤੇ ਤੂੰ ਵੀ ਨਹੀਂ ਜੁੜ ਸਕੇਂਗਾ। ਮੇਰੇ ਨਾਲ ਜੁੜਨਾ ਹੈ ਤਾਂ ਜਾਹ ਉਸ ਟੁੱਟੇ ਹੋਏ ਨੂੰ ਜੋੜ ਕੇ ਆ।—ਇਸ ਗਾਥਾ ਨੂੰ ਮੌਲਾਨਾ ਰੂਮ ਨੇ ਲਿਖਿਆ ਹੈ।

ਆਜੜੀ ਤਾਂ ਜੋਦੜੀ ਕਰ ਰਿਹਾ ਸੀ:

ਤੋ ਕੁਜਾਈ ਤਾ ਸ਼ਵਮ ਤੁਰਾ ਚਾਕਰਮ।

ਤੂੰ ਕਿੱਥੇ ਹੈਂ, ਮੈਂ ਤੇਰੀ ਚਾਕਰੀ ਕਰਾਂ, ਮੈਂ ਤੇਰੀ ਸੇਵਾ ਕਰਾਂ।—ਲੇਕਿਨ ਮੂਸਾ ਨੇ ਉਸਦੀ ਸ਼ਰਧਾ, ਉਸਦਾ ਭਰੋਸਾ ਤੋੜ ਕੇ ਰੱਖ ਦਿੱਤਾ। ਅੱਜ ਜਦ ਰਾਤ ਨੂੰ ਮੂਸਾ 'ਤੇ ਅਸਲੀਅਤ ਜ਼ਾਹਿਰ ਹੋਈ ਤਾਂ ਉਹ ਵਾਪਸ ਆਇਆ, ਆਜੜੀ ਦੇ ਪੈਰੀਂ ਪੈ ਗਿਆ। ਆਖਿਆ—ਤੂੰ ਠੀਕ ਹੈਂ, ਮੈਂ ਗ਼ਲਤ ਹਾਂ। ਤੇਰੇ ਅਗਿਆਨ ਦੇ ਵਿਚ ਭਾਵਨਾ ਸੀ, ਮੇਰੇ ਗਿਆਨ ਵਿਚ ਅਹੰਕਾਰ ਸੀ। ਤੇਰੇ ਅਗਿਆਨ ਵਿਚ ਭੋਲਾਪਨ ਸੀ, ਮੇਰੇ ਗਿਆਨ ਵਿਚ ਚਤੁਰਾਈ ਸੀ। ਤੇਰੇ ਅਗਿਆਨ ਵਿਚ ਪਿਆਰ ਦੀ ਭਾਵਨਾ ਸੀ, ਪਰ ਮੇਰੇ ਗਿਆਨ ਵਿਚ ਤਰਕ ਸੀ। ਤੇਰੇ ਪਿਆਰ ਤੇ ਤੇਰੀ ਭਾਵਨਾ 'ਤੇ ਭਗਵਾਨ ਰੀਝ ਪਿਆ, ਪਰ ਮੇਰੀ ਤਰਕ 'ਤੇ ਨਹੀਂ।—ਮੂਸਾ ਨੇ ਉਸ ਇਆਲੀ ਅੱਗੇ ਸਿਰ ਝੁਕਾਇਆ ਤਾਂ ਇਲਹਾਮ ਹੋਇਆ ਕਿ ਮੂਸਾ! ਹੁਣ ਤੂੰ ਜੁੜ ਸਕੇਂਗਾ, ਕਿਉਂਕਿ ਹੁਣ ਤੂੰ ਟੁੱਟੇ ਹੋਏ ਨੂੰ ਜੋੜਿਆ ਹੈ।

ਜੋ ਜੋਗੀ ਹੈ, ਉਸ ਦੇ ਸਦਕੇ ਲੋਕ ਕਦਮ ਕਦਮ 'ਤੇ ਜੁੜਦੇ ਨੇ। ਮਨੁੱਖ, ਮਨੁੱਖਾਂ ਨਾਲ ਜੁੜਦੇ ਨੇ; ਮਨੁੱਖ ਪਰਮਾਤਮਾ ਨਾਲ ਜੁੜਦੇ ਨੇ। ਲੇਕਿਨ ਭੋਗੀਆਂ ਕਰਕੇ ਤਾਂ ਮਨੁੱਖ ਟੁੱਟਦਾ ਹੈ। ਅੱਜ ਸਾਰਾ ਸੰਸਾਰ ਟੁੱਟਿਆ ਹੋਇਆ ਹੈ। ਸਭ

ਭੋਗੀ ਨੇ; ਬਾਜ਼ਾਰ ਵਿਚ ਭੋਗੀ ਬੈਠੇ ਨੇ, ਘਰ ਬਾਰ ਭੋਗੀ ਬੈਠੇ ਨੇ। ਬਦਕਿਸਮਤੀ ਹੈ, ਮੰਦਿਰਾਂ, ਮਸਜਿਦਾਂ ਵਿਚ ਧਾਰਮਿਕ ਸ਼ਕਲਾਂ ਵਿਚ ਭੋਗੀ ਬੈਠੇ ਨੇ। ਨਦਾਰਦ ਹੋ ਗਏ ਨੇ ਜੋਗੀ। ਕਿਧਰੇ ਕੋਈ ਇਕ ਅੱਧ, ਟਾਂਵਾਂ ਟਾਂਵਾਂ ਸੱਚ ਦੀ ਸ਼ਮ੍ਹਾ ਜਲਾ ਕੇ ਬੈਠਾ ਹੈ। ਪਰ ਭੋਗੀਆਂ ਦੀ ਇਤਨੀ ਵੱਡੀ ਭੀੜ ਕਿ ਪਤਾ ਹੀ ਨਹੀਂ ਚਲਦਾ। ਪਰ ਮਨੁੱਖ ਦਾ ਮਨ ਭੀੜ ਤੋਂ ਪ੍ਰਭਾਵਿਤ ਹੁੰਦਾ ਹੈ, ਔਰ ਭੀੜ ਜਿਸ ਪਾਸੇ ਚਲ ਪਵੇ, ਸੁਤੰਤਰਤਾ ਦਾ ਰਸਤਾ ਲੱਭਣਾ ਫਿਰ ਮੁਸ਼ਕਿਲ ਹੈ, ਕਠਿਨ ਹੋ ਜਾਂਦਾ ਹੈ। ਭੀੜ ਵਿਚ ਫਸਿਆ ਹੋਇਆ ਮਨੁੱਖ ਭੀੜ ਦੇ ਨਾਲ ਚਲੇਗਾ। ਭੀੜ ਭੋਗੀਆਂ ਦੀ ਹੈ, ਇਹ ਜੁਗ ਭੋਗੀਆਂ ਦਾ ਯੁਗ ਹੈ। ਇਸ ਵਾਸਤੇ ਇਸ ਦਾ ਨਾਮ ਕਲਯੁਗ ਹੈ।

ਇਸ ਕਲਯੁਗ ਨੂੰ ਜੋਗੀਆਂ ਦਾ ਯੁਗ ਬਣਾ ਸਕੀਏ, ਤੇ ਆਪਣੇ ਤੋਂ ਹੀ ਗੱਲ ਸ਼ੁਰੂ ਕਰਨੀ ਪਵੇਗੀ। ਆਪਣੇ ਹਿਰਦੇ ਦਾ ਦੀਵਾ ਜਲਾ ਦੇਈਏ, ਜਿਨ੍ਹਾਂ ਨੇ ਚਾਨਣ ਲੈਣਾ ਹੋਵੇ ਲੈ ਲਏ; ਔਰ ਆਪਣੇ ਹਿਰਦੇ ਰੂਪੀ ਆਂਗਨ ਵਿਚ ਗੁਲਾਬ ਦਾ ਬੂਟਾ ਲਗਾ ਲਈਏ, ਸ਼ਾਇਦ ਜਾਗਿਆ ਹੋਇਆ ਮਨੁੱਖ ਹੀ ਸੁੱਤੇ ਹੋਏ ਨੂੰ ਜਗਾ ਸਕੇ। ਜਲਦੀ ਹੋਈ ਸ਼ਮ੍ਹਾ ਹੀ ਕਿਸੇ ਬੁਝੇ ਹੋਏ ਦੀਪਕ ਨੂੰ ਜਗਾ ਸਕਦੀ ਹੈ। ਆਉ! ਆਪਣੇ ਹਿਰਦੇ ਦੀ ਸ਼ਮ੍ਹਾ ਰੌਸ਼ਨ ਕਰੀਏ ਤਾਂਕਿ ਸੰਸਾਰ ਮੁਨੱਵਰ ਹੋ ਸਕੇ। ਸੁੱਤੀ ਹੋਈ ਚੇਤਨਾ ਜਗਾਈਏ, ਤਾਂਕਿ ਸਾਡਾ ਸਦਕਾ ਸੁੱਤਾ ਹੋਇਆ ਸੰਸਾਰ ਜਾਗ ਸਕੇ, ਅਸੀਂ ਜੋਗੀ ਬਣ ਸਕੀਏ।

•

ਧਰਮ ਕੀ ਗਤਿ ਰਹੀ

ਧਰਮ ਤੋਂ ਮੁਰਾਦ—ਜਿਸ ਨੇ ਸਭ ਕੁਛ ਨੂੰ ਧਾਰਨ ਕੀਤਾ ਹੋਇਆ ਹੈ, ਜਿਸ ਦੇ ਆਸਰੇ 'ਤੇ ਸਭ ਕੁਛ ਖੜ੍ਹਾ ਹੈ:

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥ *(ਗਉੜੀ ਸੁਖਮਨੀ ਮ: ੫, ਪੰਨਾ 284)*

ਉਹ ਜਿਸ ਨੇ ਖੰਡ ਬ੍ਰਹਿਮੰਡ ਨੂੰ ਧਾਰਨ ਕੀਤਾ ਹੋਇਆ ਹੈ, ਐਸੇ ਪਰਮਾਤਮਾ ਦੇ ਨਾਮ ਨੂੰ, ਸਿਮਰਨ ਨੂੰ, ਬੰਦਗੀ ਨੂੰ, ਧਰਮ ਕਹਿੰਦੇ ਨੇ, ਉਸ ਈਸ਼ਵਰ ਨੂੰ ਧਰਮ ਕਹਿੰਦੇ ਨੇ। ਧਰਮ ਨੂੰ ਮੰਨਣਾ ਈਸ਼ਵਰ ਨੂੰ ਮੰਨਣਾ ਹੈ ਔਰ ਈਸ਼ਵਰ ਨੂੰ ਮੰਨਣਾ ਧਰਮ ਨੂੰ ਮੰਨਣਾ ਹੈ। ਜਿਸ ਨੇ ਸਭ ਕੁਛ ਧਾਰਨ ਕੀਤਾ ਹੋਇਆ ਹੈ, ਧਰਮ।

ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥
(ਧਨਾਸਰੀ ਮ: ੧, ਪੰਨਾ 663)

ਪ੍ਰਾਚੀਨ ਵੇਦਾਂ ਮੁਤਾਬਿਕ ਚਾਰ ਵਰਣ ਬਣਾਏ ਗਏ:

(1) ਬ੍ਰਾਹਮਣ, (2) ਖੱਤਰੀ, (3) ਸ਼ੂਦਰ, (4) ਵੈਸ਼।

ਔਰ ਚਾਰ ਹੀ ਆਸ਼੍ਰਮ:

(1) ਬ੍ਰਹਮਚਾਰੀ, (2) ਗ੍ਰਹਿਸਥ, (3) ਬਾਣਪ੍ਰਸਤੀ, (4) ਸੰਨਿਆਸੀ।

ਚਾਰ ਵਰਣ, ਚਾਰ ਰੁਚੀਆਂ ਦੇ ਆਧਾਰ 'ਤੇ ਬਣਾਏ ਗਏ ਸਨ:

(1) ਜੋ ਹਰ ਕੰਮ ਲਈ ਆਪਣਾ ਸਿਰ ਅੱਗੇ ਰੱਖਦਾ ਹੈ। ਜੋ ਸੋਚਦਾ ਪਹਿਲੇ ਹੈ, ਬੋਲਦਾ ਬਾਦ ਵਿਚ ਹੈ। ਸੋਚਦਾ ਪਹਿਲੇ ਹੈ, ਚਲਦਾ ਬਾਦ ਵਿਚ ਹੈ। ਸੋਚਦਾ ਪਹਿਲੇ ਹੈ, ਕਰਦਾ ਬਾਦ ਵਿਚ ਹੈ। ਜੋ ਹਰ ਕੰਮ ਲਈ ਸਿਰ ਨੂੰ ਅੱਗੇ ਰੱਖੇ, ਸੋਚ ਵਿਚਾਰ ਅੱਗੇ ਰੱਖੇ, ਐਸੇ ਨੂੰ ਆਖਿਆ ਗਿਆ ਹੈ ਕਿ ਇਹ **ਬ੍ਰਾਹਮਣ** ਹੈ, ਸਿਰਮੌਰ ਹੈ।
(2) ਜੋ ਹੱਥ ਨੂੰ ਅੱਗੇ ਕਰਦਾ ਹੈ, ਹੱਥਾਂ ਨੂੰ ਮਜ਼ਬੂਤ ਕਰਦਾ ਹੈ, ਹੱਥਾਂ ਨੂੰ ਸ਼ਕਤੀਸ਼ਾਲੀ ਕਰਦਾ ਹੈ, ਸਭ ਕੁਛ ਨੂੰ ਹੱਥਾਂ ਵਿਚ ਲਿਆਉਣਾ ਚਾਹੁੰਦਾ ਹੈ, ਸਭ ਕੁਛ ਨੂੰ ਹੱਥ ਵਿਚ ਰੱਖਣਾ ਚਾਹੁੰਦਾ ਹੈ, ਉਸ ਨੂੰ **ਖੱਤਰੀ** ਆਖਿਆ ਗਿਆ ਹੈ।

(3) ਜੋ ਹਰ ਤਰ੍ਹਾਂ ਦੇ ਭਾਰ ਚੁੱਕਣ ਵਿਚ ਸਮਰੱਥ ਹੈ, ਭਾਰੀ ਭਰਕਮ ਕੰਮ ਕਰਨ ਦੀ ਜਿਸ ਦੀ ਰੁਚੀ ਹੈ, ਜਿਸ ਨੂੰ ਬੋਝ ਪ੍ਰਤੀਤ ਨਹੀਂ ਹੁੰਦਾ, ਉਸ ਨੂੰ **ਸ਼ੂਦਰ** ਆਖਿਆ ਗਿਆ ਹੈ।

(4) ਜੋ ਹਰ ਵਕਤ ਪੇਟ ਨੂੰ ਹੀ ਅੱਗੇ ਰੱਖਦਾ ਹੈ, ਉਦਰ ਪੂਰਤੀ ਨੂੰ ਹੀ ਅੱਗੇ ਰੱਖਦਾ ਹੈ, ਹਰ ਵਕਤ ਜਿਸ ਨੂੰ ਆਪਣੇ ਪੇਟ ਦਾ ਹੀ ਖ਼ਿਆਲ ਆਉਂਦਾ ਹੈ, ਉਸ ਨੂੰ ਆਖਿਆ ਗਿਆ—**ਵੈਸ਼**।

ਬ੍ਰਾਹਮਣ — ਸਿਰ ਹੈ।
ਖੱਤਰੀ — ਬਾਂਹਵਾਂ ਹੈ।
ਸ਼ੂਦਰ — ਪੈਰ ਹੈ।
ਵੈਸ਼ — ਪੇਟ ਹੈ।

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਐਸਾ ਫ਼ੁਰਮਾਨ ਕਰਦੇ ਹਨ:

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥

(ਧਨਾਸਰੀ ਮ: ੧, ਪੰਨਾ 663)

ਮਹਾਰਾਜ ਕਹਿੰਦੇ ਨੇ—ਭਾਵੇਂ ਚਾਰ ਰੁਚੀਆਂ ਦੇ ਹਿਸਾਬ ਨਾਲ ਮਨੁੱਖਾਂ ਦੀ ਵੰਡ ਕੀਤੀ ਗਈ, ਲੇਕਿਨ ਇਸ ਵਕਤ ਤਾਂ ਵਰਣ ਸਿਰਫ਼ ਇੱਕੋ ਹੈ। ਚਾਰ ਵਰਣ ਨਹੀਂ ਹਨ, ਇੱਕੋ ਹੈ। ਸਾਰੀ ਸ੍ਰਿਸ਼ਟੀ ਦੇ ਮਨੁੱਖ ਇੱਕੋ ਹੀ ਲਪੇਟ ਵਿਚ ਆ ਗਏ ਨੇ ਔਰ ਇਕ ਐਸੇ ਵਰਣ ਦੀ ਲਪੇਟ ਵਿਚ ਆ ਗਏ ਨੇ, ਜਿਸ ਨਾਲ ਧਰਮ ਨਹੀਂ ਚਲਦਾ—"ਧਰਮ ਕੀ ਗਤਿ ਰਹੀ"।—ਧਰਮ ਕੀ ਗਤਿ ਰੁਕ ਗਈ; ਧਰਮ ਦਾ ਚੱਲਣਾ ਰੁਕ ਗਿਆ। ਕਿਉਂਕਿ ਸ੍ਰਿਸ਼ਟੀ ਸਾਰੀ ਇਕ ਵਰਣ ਹੋ ਗਈ ਹੈ। ਤੋ ਕਿਆ ਸਾਰੀ ਸ੍ਰਿਸ਼ਟੀ ਬ੍ਰਾਹਮਣ ਹੋ ਗਈ ਹੈਂ? ਕਤਈ ਨਹੀਂ, ਬਿਲਕੁਲ ਨਹੀਂ। ਬ੍ਰਾਹਮਣ ਨਾਲ ਧਰਮ ਚਲਦਾ ਹੈ ਔਰ ਬ੍ਰਾਹਮਣ ਉਸ ਨੂੰ ਕਹਿੰਦੇ ਨੇ, ਜੋ ਬ੍ਰਹਮ ਨੂੰ ਸੋਚਦਾ ਹੈ, ਜੋ ਬ੍ਰਹਮ ਦਾ ਵਿਚਾਰ ਕਰਦਾ ਹੈ, ਜੋ ਬ੍ਰਹਮ ਦਾ ਚਿੰਤਨ ਕਰਦਾ ਹੈ:

ਬ੍ਰਹਮੁ ਬਿੰਦੇ ਸੋ ਬ੍ਰਾਹਮਣੁ...॥ *(ਗੂਜਰੀ ਕੀ ਵਾਰ, ਪੰਨਾ 512)*

ਭਗਤ ਕਬੀਰ ਜੀ ਵੀ ਕਹਿੰਦੇ ਨੇ:

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥ *(ਗਉੜੀ ਕੀ ਵਾਰ, ਪੰਨਾ 324)*

ਵਰਣ ਵੰਡ ਦੇ ਮੂਲ ਯੁਗ ਵਿਚ, ਸ਼ੁਰੂਆਤ ਵਿਚ ਬ੍ਰਾਹਮਣ ਉਸੇ ਨੂੰ ਆਖਿਆ ਗਿਆ ਹੈ, ਜੋ ਬ੍ਰਹਮ ਦਾ ਚਿੰਤਨ ਕਰਦਾ ਹੈ; ਬ੍ਰਹਮ ਨੂੰ ਸੋਚਦਾ ਹੈ,

ਬ੍ਰਹਮ ਨੂੰ ਵਿਚਾਰਦਾ ਹੈ, ਬ੍ਰਹਮ ਦੇ ਅਨੁਕੂਲ ਵਿਵਹਾਰ ਕਰਦਾ ਹੈ, ਔਰ ਸਿਰ ਨੂੰ ਹਰ ਵਕਤ ਅੱਗੇ ਰੱਖਦਾ ਹੈ, ਸੋਚਦਾ ਹੈ, ਵਿਚਾਰਦਾ ਹੈ ਕਿ ਕੋਈ ਐਸਾ ਵਿਵਹਾਰ ਮੈਥੋਂ ਨਾ ਹੋਵੇ, ਜੋ ਬ੍ਰਹਮ ਦੇ ਅਨੁਕੂਲ ਨਾ ਹੋਵੇ:

ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ॥
ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ,
ਜੋ ਹਰਿ ਹਿਰਦੈ ਸਦਾ ਵਸਾਇ॥ *(ਸੋਰਠਿ ਕੀ ਵਾਰ, ਪੰਨਾ 649)*

ਉਸਦਾ ਸੋਚਣਾ, ਉਸਦਾ ਕਰਨਾ ਵੀ ਬ੍ਰਹਮਮਈ ਹੈ। ਬ੍ਰਹਮ ਉਸਦੇ ਵਿਚਾਰਾਂ ਵਿਚ ਹੈ, ਬ੍ਰਹਮ ਉਸਦੇ ਕਿਰਦਾਰ ਵਿਚ ਹੈ, ਬ੍ਰਹਮ ਉਸਦੀ ਸੋਚਣੀ ਵਿਚ ਹੈ, ਬ੍ਰਹਮ ਉਸਦੀ ਕਰਣੀ ਵਿਚ ਹੈ; ਬ੍ਰਹਮ ਉਸਦੀ ਯਾਦ (ਸਿਮਰਤੀ) ਵਿਚ ਹੈ ਔਰ ਬ੍ਰਹਮ ਹੀ ਉਸਦੀ ਕ੍ਰਿਆ ਵਿਚ ਹੈ। ਐਸੇ ਪੁਰਸ਼ ਨੂੰ ਬ੍ਰਾਹਮਣ ਆਖਿਆ ਗਿਆ ਹੈ। ਐਸੇ ਬ੍ਰਾਹਮਣ ਨਾਲ ਤਾਂ ਧਰਮ ਚਲਦਾ ਹੀ ਹੈ। ਇਸ ਨੂੰ ਸਿਰਮੌਰ ਆਖਿਆ ਗਿਆ ਹੈ ਔਰ ਠੀਕ ਸਿਰਮੌਰ ਹੈ। ਜਿਸ ਦਾ ਮਨ ਬ੍ਰਹਮ ਵਰਗਾ ਹੈ, ਜਿਸਦੇ ਵਿਚਾਰਾਂ ਵਿਚ ਬ੍ਰਹਮ, ਜਿਸਦੀ ਕਰਨੀ ਵਿਚ ਬ੍ਰਹਮ, ਜਿਸਦੀ ਸੋਚਣੀ ਵਿਚ ਬ੍ਰਹਮ। ਜੋ ਬ੍ਰਹਮ ਨੂੰ ਸੋਚੇਗਾ, ਬ੍ਰਹਮ ਜੈਸਾ ਹੋ ਜਾਏਗਾ। ਬ੍ਰਹਮ ਦੀ ਵਿਚਾਰ ਕਰੇਗਾ, ਬ੍ਰਹਮ ਜੈਸਾ ਹੋ ਜਾਏਗਾ। ਬ੍ਰਹਮ ਨੂੰ ਯਾਦ ਕਰੇਗਾ, ਬ੍ਰਹਮ ਜੈਸਾ ਹੋ ਜਾਏਗਾ। ਇਸ ਹਿਸਾਬ ਨਾਲ ਇਹ ਮਨੁੱਖੀ ਜਗਤ ਵਿਚ ਸਿਰਮੌਰ ਸੀ, ਮਹਾਨ ਸੀ, ਇਸ ਨਾਲ ਧਰਮ ਚਲਦਾ ਹੈ।

ਦੂਸਰਾ ਵਰਣ ਛੱਤ੍ਰੀ ਦਾ ਹੈ, ਸੂਰਬੀਰ ਦਾ ਹੈ, ਜਿਸਦਾ ਸ਼ੌਕ ਹੈ ਕਿ ਹੱਥ ਮਜ਼ਬੂਤ ਹੋਵਣ, ਔਰ ਮੇਰੇ ਹੱਥਾਂ ਵਿਚ ਸਭ ਕੁਛ ਹੋਵੇ। ਸਾਡੇ ਦੇਸ਼ ਦੇ ਇਤਿਹਾਸ ਵਿਚ ਇਕ ਮਹਾਨ ਸੂਰਬੀਰ ਦਾ ਜ਼ਿਕਰ ਹੈ—ਸਹੰਸਰਬਾਹੂ, ਹਜ਼ਾਰ ਬਾਂਹਵਾਂ ਵਾਲਾ ਰਿਸ਼ੀ। ਦਰਅਸਲ ਹਜ਼ਾਰ ਬਾਂਹਵਾਂ ਕਿਸੇ ਦੀਆਂ ਵੀ ਨਹੀਂ ਹੋ ਸਕਦੀਆਂ। ਪ੍ਰਭੂ ਨੇ ਐਸਾ ਮਨੁੱਖ ਬਣਾਇਆ ਵੀ ਨਹੀਂ। ਹਜ਼ਾਰ ਬਾਂਹਵਾਂ 500 ਮਨੁੱਖਾਂ ਦੀਆਂ ਹੀ ਹੋ ਸਕਦੀਆਂ ਨੇ, ਔਰ ਅਗਰ 500 ਮਨੁੱਖਾਂ ਜਿਤਨਾ ਇਕ ਮਨੁੱਖ ਦਾ ਆਕਾਰ ਹੋਵੇ, ਫਿਰ ਤਾਂ ਇੱਕੋ ਮਨੁੱਖ ਬਹੁਤ ਜਗ੍ਹਾ ਘੇਰੇਗਾ। ਸ਼ਾਇਦ ਉਸਦਾ ਕਿਤਿਓਂ ਲੰਘਣਾ ਵੀ ਮੁਸ਼ਕਲ ਹੋਵੇ। ਤੋ ਜਿਸ ਦੀਆਂ ਦੋ ਬਾਂਹਵਾਂ ਵਿਚ ਹਜ਼ਾਰਾਂ ਬਾਂਹਵਾਂ ਜਿਤਨੀ ਤਾਕਤ ਹੋਵੇ; ਜਿਸ ਦੇ ਦੋ ਹੱਥ ਸੈਂਕੜੇ ਹੱਥਾਂ ਨੂੰ ਕਾਬੂ ਕਰ ਸਕਣ ਔਰ ਸੈਂਕੜੇ ਜਿਸਦੇ ਅੱਗੇ ਹੱਥ ਜੋੜ ਕੇ ਖੜ੍ਹੇ ਹੋਵਣ, ਉਸਦੀ ਜ਼ਬਾਨ ਵਿੱਚੋਂ ਇਕ ਬੋਲ ਨਿਕਲੇ ਔਰ ਹਜ਼ਾਰਾਂ ਮਨੁੱਖ ਸਿਰ ਝੁਕਾ ਕੇ ਮੰਨਣ, ਕਬੂਲ ਕਰਨ, ਐਸਾ ਮਨੁੱਖ ਵਾਕਈ ਸਹੰਸਰਬਾਹੂ ਹੁੰਦਾ ਹੈ। ਐਸਾ ਮਨੁੱਖ ਸੂਰਬੀਰ ਹੁੰਦਾ ਹੈ, ਸ਼ਕਤੀਸ਼ਾਲੀ ਹੁੰਦਾ ਹੈ। ਜਗਤ ਦੇ ਵਿਚ ਇਹ ਦੂਜੀ ਸ਼੍ਰੇਣੀ ਦੇ ਮਨੁੱਖ ਹਨ ਜੋ ਸ਼ਕਤੀ ਵਿਚ ਸ਼ੌਕ ਰੱਖਦਿਆਂ ਆਪਣੇ ਹੱਥਾਂ ਨੂੰ ਮਜ਼ਬੂਤ

ਰੱਖਦੇ ਹਨ। ਔਰ ਸੂਰਬੀਰ ਉਸ ਨੂੰ ਕਹਿੰਦੇ ਨੇ, ਜੋ ਕਮਜ਼ੋਰ ਦੀ ਖ਼ਾਤਰ ਲੜੇ, ਜੋ ਕਮਜ਼ੋਰ ਦੀਆਂ ਬਾਂਹਵਾਂ ਦਾ ਸਹਾਰਾ ਬਣੇ:

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥

(ਸਲੋਕ ਕਬੀਰ, ਪੰਨਾ 1105)

ਦੀਨ ਤੋਂ ਮੁਰਾਦ—ਨਿਮਾਣਾ, ਨਿਤਾਣਾ, ਕਮਜ਼ੋਰ, ਮੁਫ਼ਲਿਸ, ਲਾਵਾਰਿਸ। ਜਿਹੜਾ ਆਪਣੀ ਸੂਰਬੀਰਤਾ ਕਮਜ਼ੋਰ ਨਾਲ ਜੋੜ ਦੇਵੇ, ਜਿਸ ਦੀਆਂ ਮਜ਼ਬੂਤ ਬਾਂਹਵਾਂ ਕਿਸੇ ਕਮਜ਼ੋਰ ਦੀਆਂ ਬਾਂਹਵਾਂ ਨੂੰ ਪਕੜ ਲੈਣ; ਭਾਵੇਂ ਖ਼ੁਦ ਟੁਕੜੇ ਟੁਕੜੇ ਹੋ ਜਾਵੇ, ਲੇਕਿਨ ਦੂਸਰੇ ਨੂੰ ਟੁਕੜੇ ਟੁਕੜੇ ਹੋਣ ਤੋਂ ਬਚਾ ਦੇਵੇ। ਬਸ ਉਹ ਖੱਤਰੀ (ਛੱਤ੍ਰੀ), ਉਹ ਸਹੀ ਮਾਨਿਆਂ ਵਿਚ ਛੱਤ੍ਰੀ ਹੈ। ਜੈਸੇ ਕਸ਼ਮੀਰ ਦੇ ਬ੍ਰਾਹਮਣ ਕਮਜ਼ੋਰ ਸਨ। ਇਹ ਕਮਜ਼ੋਰ ਬਾਂਹਵਾਂ ਧੰਨ ਸ੍ਰੀ ਗੁਰੂ ਤੇਗ਼ ਬਹਾਦਰ (ਨੌਵੀਂ ਜੋਤਿ) ਜੀ ਦੇ ਦਰਬਾਰ ਵਿਚ ਆਈਆਂ। ਇਨ੍ਹਾਂ ਬਾਂਹਵਾਂ ਨੇ ਖੜ੍ਹੇ ਹੋ ਕੇ ਧੰਨ ਸ੍ਰੀ ਗੁਰੂ ਤੇਗ਼ ਬਹਾਦਰ ਮਹਾਰਾਜ ਜੀ ਦੇ ਦਰਬਾਰ ਵਿਚ ਪੁਕਾਰ ਕੀਤੀ ਕਿ ਪ੍ਰਭੂ! ਸਾਡਾ ਧਰਮ ਬਚਾਉ, ਸਾਡੀਆਂ ਬਾਂਹਵਾਂ ਬਚਾਉ, ਇਹ ਬਾਂਹਵਾਂ ਕਮਜ਼ੋਰ ਨੇ। ਇਨ੍ਹਾਂ ਕਮਜ਼ੋਰ ਬਾਂਹਵਾਂ ਨੂੰ ਧੰਨ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਪਕੜ ਲਿਆ, ਬੋਲ ਜੁੜ ਗਏ:

ਬਾਂਹ ਜਿਨਹਾ ਦੀ ਪਕੜੀਏ ਸਿਰ ਦੀਜੈ ਬਾਂਹ ਨ ਛੋਡੀਏ।
ਗੁਰ ਤੇਗ ਬਹਾਦਰ ਬੋਲਿਆ ਧਰਿ ਪਈਏ ਧਰਮ ਨ ਛੋਡੀਏ।

ਮੈਂ ਟੁਕੜੇ ਟੁਕੜੇ ਹੋ ਜਾਵਾਂਗਾ, ਲੇਕਿਨ ਇਹ ਬਾਂਹਵਾਂ ਨਹੀਂ ਛੱਡਾਂਗਾ। ਦਿੱਲੀ ਦੇ ਚਾਂਦਨੀ ਚੌਕ ਵਿਚ ਸਤਿਗੁਰਾਂ ਆਪਣੇ ਤਨ ਨੂੰ ਟੁਕੜੇ ਟੁਕੜੇ ਕਰਵਾ ਲਿਆ, ਲੇਕਿਨ ਕਮਜ਼ੋਰਾਂ ਦੀਆਂ ਬਾਂਹਵਾਂ ਨੂੰ ਟੁਕੜੇ ਟੁਕੜੇ ਨਹੀਂ ਹੋਣ ਦਿੱਤਾ। ਇਹ ਗੱਲ ਵੱਖਰੀ ਹੈ ਕਿ ਦੇਸ਼ਵਾਸੀਆਂ ਨੂੰ ਪੂਰਨ ਤੌਰ 'ਤੇ ਇਹ ਬੋਧ ਨਹੀਂ ਕਿ ਕਿਸੇ ਦਾ ਖ਼ੂਨ ਦਿੱਲੀ ਦੇ ਚਾਂਦਨੀ ਚੌਕ ਵਿਚ ਡੁੱਲ੍ਹਿਆ ਤੇ ਭਾਰਤ ਦੇ ਮਸਤਕ ਦਾ ਤਿਲਕ ਬਣ ਗਿਆ, ਹਿੰਦੂ ਧਰਮ ਦੇ ਮੱਥੇ ਦਾ ਤਿਲਕ ਬਣ ਗਿਆ। ਕਿਸੇ ਦੇ ਸਵਾਸਾਂ ਦੀ ਡੋਰੀ ਟੁੱਟ ਗਈ ਤੇ ਜਨੇਊ ਦੀ ਡੋਰੀ ਬਚ ਗਈ; ਕਿਸੇ ਨੇ ਆਪਣਾ ਸਿਰ ਕਟਵਾਇਆ ਤੇ ਦੇਸ਼ਵਾਸੀਆਂ ਦੇ ਸਿਰ ਦੀ ਚੋਟੀ ਬਚ ਗਈ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥ *(ਪਾਤਸ਼ਾਹੀ ੧੦)*

ਆਤਮ-ਚਿੰਤਨ ਕਰਨ ਵਾਲੇ, ਰੱਬੀ ਗੁਣਾਂ ਵਿਚ ਲੀਨ ਰਹਿਣ ਵਾਲੇ, ਹਰ ਵਕਤ ਬ੍ਰਹਮ ਦਾ ਚਿੰਤਨ ਕਰਨ ਵਾਲੇ ਬ੍ਰਾਹਮਣ ਵੀ ਸਨ, ਖੱਤਰੀ ਵੀ ਸਨ, ਸੂਰਬੀਰ ਵੀ ਸਨ, ਬਹਾਦਰ ਵੀ ਸਨ, ਤਦੇ ਤਾਂ ਆਪ ਜੀ ਨੂੰ ਤੇਗ਼ ਬਹਾਦਰ

ਕਿਹਾ ਗਿਆ। ਤੇ ਖੱਤਰੀ ਨਾਲ ਧਰਮ ਚਲਦੈ। ਉਹ ਆਪਣੀ ਸੂਰਬੀਰਤਾ ਨਾਲ ਕਿਸੇ ਕਮਜ਼ੋਰ ਦੀਆਂ ਬਾਂਹਵਾਂ ਨੂੰ ਮਜ਼ਬੂਤ ਬਣਾਉਣ ਵਾਸਤੇ ਆਪਣੇ ਜੀਵਨ ਦੀ ਆਹੂਤੀ ਦੇ ਦਿੰਦਾ ਹੈ, ਉਨ੍ਹਾਂ ਦਾ ਸਹਾਰਾ ਬਣਦਾ ਹੈ।

ਤੀਸਰਾ ਵਰਣ—ਸ਼ੂਦਰ; ਜੋ ਬਰੀਕੀਆਂ ਵਿਚ ਨਹੀਂ ਪੈਂਦਾ, ਚਿੰਤਨ ਦੀਆਂ ਡੂੰਘਾਈਆਂ ਵਿਚ ਨਹੀਂ ਪੈਂਦਾ, ਸੋਚ-ਵਿਚਾਰ ਦੀ ਪਰਵਾਜ਼ ਵਿਚ ਵੀ ਨਹੀਂ ਪੈਂਦਾ, ਉਸ ਨੂੰ ਭਾਰੀ ਭਰਕਮ ਸੇਵਾ ਕਰ ਕੇ ਖ਼ੁਸ਼ੀ ਮਿਲਦੀ ਹੈ। ਕਿਸੇ ਬੀਮਾਰ ਦੀ ਤੀਮਾਰਦਾਰੀ ਵਿਚ, ਕਿਸੇ ਪਿਆਸੇ ਨੂੰ ਪਾਣੀ ਪਿਲਾ ਦੇਣ ਵਿਚ, ਉਸ ਨੂੰ ਬਹੁਤ ਖ਼ੁਸ਼ੀ ਮਿਲਦੀ ਹੈ। ਲੰਗਰ ਬਣਾਉਣਾ, ਭੋਜਨ ਤਿਆਰ ਕਰਨਾ, ਬਸਤਰ ਧੋ ਦੇਣੇ, ਰਸਤੇ ਬਣਾਉਣੇ, ਰਸਤੇ ਸਜਾਉਣੇ ਇਤਿਆਦਕ ਕੰਮ ਨੂੰ ਜੋ ਸੇਵਾ-ਭਾਵ ਨਾਲ ਕਰੇ ਉਸ ਨੂੰ ਸ਼ੂਦਰ ਕਹਿੰਦੇ ਨੇ। ਜੋ ਸੋਚੇ ਕਿ ਮੈਂ ਪ੍ਰਭੂ ਦੇ ਜੀਵਾਂ ਲਈ ਰਸਤਾ ਬਣਾ ਰਿਹਾ ਹਾਂ, ਭੋਜਨ ਬਣਾ ਰਿਹਾ ਹਾਂ, ਬਸਤਰ ਧੋ ਰਿਹਾ ਹਾਂ, ਐਸੀ ਅੰਤਰ-ਭਾਵਨਾ ਨਾਲ ਪ੍ਰਭੂ ਦੀ ਸੇਵਾ ਕਰੇ। ਤੇ ਸ਼ੂਦਰ ਨਾਲ ਵੀ ਧਰਮ ਚਲਦਾ ਹੈ। ਉਸਦੀ ਸੇਵਾ ਵਿਚ ਭਗਵਾਨ ਪ੍ਰਗਟ ਹੁੰਦਾ ਹੈ। ਸੇਵਾ-ਭਗਤੀ ਦੁਆਰਾ ਉਹ ਸਿਰਮੌਰ ਹੋ ਜਾਂਦਾ ਹੈ, ਮਹਾਨ ਹੋ ਜਾਂਦਾ ਹੈ। ਹੋਰ ਐਸਾ ਕਿਹੜਾ ਵਰਣ ਹੈ, ਜਿਸਦਾ ਜ਼ਿਕਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਗੁਰਬਾਣੀ ਵਿਚ ਕਰ ਰਹੇ ਨੇ ਤੇ ਉਸ ਵਰਣ ਨਾਲ ਧਰਮ ਨਹੀਂ ਚਲਦਾ :

ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥

ਸਾਰੀ ਸ੍ਰਿਸ਼ਟੀ ਇੱਕੋ ਹੀ ਵਰਣ ਹੋ ਗਈ, ਲਿਹਾਜ਼ਾ ਧਰਮ ਦੀ ਗਤੀ ਰੁਕ ਗਈ। ਅਸੀਂ ਦੇਖ ਰਹੇ ਹਾਂ, ਮਨੁੱਖ ਨਾਲ ਪਰਿਵਾਰ ਚੱਲ ਰਿਹਾ ਹੈ, ਮਨੁੱਖ ਨਾਲ ਕਾਰੋਬਾਰ ਵੀ ਚੱਲ ਰਿਹਾ ਹੈ; ਮਨੁੱਖ ਨਾਲ ਰਾਜਨੀਤੀ ਵੀ ਚੱਲ ਰਹੀ ਹੈ ਔਰ ਮਨੁੱਖ ਦੇ ਨਾਲ ਸੰਸਾਰਕ ਗਿਆਨ ਵੀ ਚੱਲ ਰਿਹਾ ਹੈ। ਪਰ ਮਨੁੱਖ ਦੇ ਨਾਲ ਧਰਮ ਨਹੀਂ ਚੱਲ ਰਿਹਾ। ਇਸ ਦਾ ਕਾਰਨ ਕੀ ਹੈ ਕਿ ਮਨੁੱਖ ਨਾਲ ਸਭ ਕੁਛ ਚੱਲ ਰਿਹਾ ਹੈ, ਪਰ ਧਰਮ ਨਹੀਂ ਚੱਲ ਰਿਹਾ ? ਕਿਉਂਕਿ ਪ੍ਰਿਥਵੀ ਦੀ ਸਾਰੀ ਮਨੁੱਖਤਾ ਇੱਕੋ ਹੀ ਵਰਣ ਦੀ ਲਪੇਟ ਵਿਚ ਆ ਗਈ ਹੈ ਔਰ ਉਹ ਵਰਣ ਹੈ—ਵੈਸ਼। ਵੈਸ਼ ਨਾਲ ਧਰਮ ਨਹੀਂ ਚਲਦਾ। ਹੁਣ ਵੈਸ਼ ਕੋਈ ਛੋਟਾ-ਮੋਟਾ ਟੋਲਾ ਨਹੀਂ ਰਹਿ ਗਿਆ। ਪ੍ਰਿਥਵੀ ਦੇ ਸਾਰੇ ਹੀ ਮਨੁੱਖ ਵੈਸ਼ ਨੇ। ਬਸ ਧਨ ਹੀ ਇਸ ਲਈ ਪਰਮਾਤਮਾ ਹੈ, ਧਨ ਹੀ ਜਿਸਦੀ ਜ਼ਿੰਦਗੀ ਦਾ ਲਕਸ਼ ਹੈ, ਜਿਸ ਨੇ ਹਰ ਜਗ੍ਹਾ ਤਿਜੌਰੀ ਨੂੰ, ਪੇਟ ਨੂੰ ਅੱਗੇ ਕੀਤਾ ਹੋਇਆ ਹੈ। ਵੈਸ਼ ਉਸ ਨੂੰ ਨਹੀਂ ਕਹਿੰਦੇ, ਜੋ ਛੋਟੀ-ਮੋਟੀ ਦੁਕਾਨ ਖੋਲ੍ਹ ਕੇ ਬੈਠਾ ਹੋਇਆ ਹੈ, ਸਾਜ਼ੋ-ਸਾਮਾਨ ਵੇਚਦਾ ਹੈ, ਨਹੀਂ, ਇਹ ਤਾਂ ਕਿਰਤ ਹੈ—ਇਸ ਨੂੰ ਵੈਸ਼ ਨਹੀਂ ਕਹਿੰਦੇ। ਜੋ ਐਸੀ ਬਿਰਤੀ ਰੱਖਦਾ ਹੈ ਕਿ ਮੁੱਲ ਮਿਲਣਾ ਚਾਹੀਦਾ ਹੈ, ਉਹ ਆਪਣਾ ਈਮਾਨ ਵੀ ਵੇਚ

ਸਕਦਾ ਹੈ। ਮੁੱਲ ਮਿਲਣਾ ਚਾਹੀਦਾ ਹੈ, ਐਸਾ ਮਨੁੱਖ ਆਪਣੀ ਇੱਜ਼ਤ ਵੇਚ ਸਕਦਾ ਹੈ, ਆਪਣੀ ਅਸਮਤ ਵੇਚ ਸਕਦਾ ਹੈ। ਇੱਜ਼ਤ ਦੀ, ਅਸਮਤ ਦੀ ਗੱਲ ਤਾਂ ਦੂਰ ਰਹੀ, ਮਾਇਆ ਦੀ ਖ਼ਾਤਰ ਆਪਣਾ ਦੇਸ਼ ਵੀ ਵੇਚ ਸਕਦਾ ਹੈ; ਆਪਣੀ ਕਲਾ ਨੂੰ, ਗਿਆਨ ਨੂੰ, ਕੌਮ ਨੂੰ ਵੇਚ ਸਕਦਾ ਹੈ ਔਰ ਸਭ ਕੁਛ ਵੇਚੇਗਾ। ਐਸੇ ਨੂੰ ਕਹਿੰਦੇ ਨੇ—ਵੈਸ਼।

ਜਦ ਪ੍ਰਿਥਵੀ 'ਤੇ ਮਨੁੱਖੀ ਜੀਵਨ ਵਿਚ ਲੋਭ ਸਿਖਰ 'ਤੇ ਹੋਵੇ, ਜੈਸੇ ਕਿ ਸਤਿਗੁਰੂ ਜੀ ਫ਼ਰਮਾ ਰਹੇ ਨੇ :

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥

(ਆਸਾ ਦੀ ਵਾਰ, ਪੰਨਾ 468)

ਸੀਮਾ ਤੋਂ ਵਧਿਆ ਹੋਇਆ ਲੋਭ ਇਸ ਵਕਤ ਲੋਕਾਂ ਦੇ ਸਿਰ 'ਤੇ ਅਸਵਾਰ ਹੈ; ਔਰ ਇਹ ਲੋਭ ਮਨੁੱਖ ਦੀ ਬਿਰਤੀ ਨੂੰ ਵੈਸ਼ ਬਣਾ ਦਿੰਦਾ ਹੈ ਕਿ ਸਭ ਕੁਛ ਵੇਚਣਾ ਹੈ, ਸਿਰਫ਼ ਮੁੱਲ ਮਿਲਣਾ ਚਾਹੀਦਾ ਹੈ। ਇਕ ਆਲਮ ਦਾ ਕਹਿਣਾ ਹੈ :

ਹਵਸ ਕੇ ਬੰਦੇ ਵਫ਼ਾ ਕੋ ਬੇਚ ਦੇਤੇ ਹੈਂ।
ਖ਼ੁਦਾ ਕੇ ਘਰ ਕੀ ਕਿਆ ਕਹੀਏ ਖ਼ੁਦਾ ਕੋ ਬੇਚ ਦੇਤੇ ਹੈਂ।

ਇਹ ਤਾਂ ਧਰਮ ਨੂੰ ਵੀ ਵੇਚ ਦੇਂਦੇ ਨੇ। ਕਹਿੰਦੇ ਨੇ ਕਿ ਪ੍ਰਿਥਵੀ 'ਤੇ ਸਭ ਤੋਂ ਖ਼ੁਸ਼ਕਿਸਮਤ ਦਿਹਾੜਾ ਉਹ ਸੀ, ਜਦ ਕਿਸੇ ਅਵਤਾਰ ਦਾ ਆਗਮਨ ਹੋਇਆ। ਇਸ ਲੰਬੇ ਚੌੜੇ ਸਮੇਂ ਦੀ ਸ਼੍ਰਿੰਖਲਾ ਵਿਚ ਬਸ ਕੁਛ ਹੀ ਦਿਨ ਨੇ ਜਦ ਇਕ ਅਵਤਾਰੀ ਪੁਰਖ ਦਾ ਆਗਮਨ ਹੋਇਆ। ਮਨੁੱਖੀ ਗੁਲਿਸਤਾਨ ਵਿਚ ਇਕ ਐਸਾ ਫੁੱਲ ਖਿੜਿਆ, ਜੋ ਗੁਲਿਸਤਾਨ ਦੀ ਸੋਭਾ ਬਣਿਆ ਔਰ ਜਿਸ ਨੇ ਗੁਲਿਸਤਾਨ ਨੂੰ ਮੁਅੱਤਰ ਕੀਤਾ। ਇਕ ਵਿਦਵਾਨ ਸ਼ਾਇਰ ਦਾ ਕਹਿਣਾ ਹੈ :

ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ।
ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

ਕਦੀ ਕਦਾਈਂ ਮਨੁੱਖਤਾ ਦੇ ਬਗ਼ੀਚੇ ਵਿਚ ਐਸਾ ਫੁੱਲ ਖਿੜਦਾ ਹੈ, ਜੋ ਅੱਖਾਂ ਨੂੰ ਠਾਰ ਦਿੰਦਾ ਹੈ, ਮਨੁੱਖਤਾ ਦਾ ਆਧਾਰ ਬਣਦਾ ਹੈ ਔਰ ਸਾਰੇ ਗੁਲਿਸਤਾਨ ਨੂੰ ਮੁਅੱਤਰ ਕਰ ਦਿੰਦਾ ਹੈ, ਬਾਗ਼ੋ ਬਾਗ਼ ਕਰ ਦਿੰਦਾ ਹੈ :

ਕੁਛ ਐਸੇ ਭੀ ਸ਼ਗੂਫ਼ੇ ਹੈਂ ਹਮਾਰੇ ਸਿਹਨ ਮੇਂ,
ਜਿਨ ਪੇ ਬਹਾਰੇਂ ਨਾਜ਼ ਕਰਤੀ ਹੈਂ।

ਵਾਕਈ ਕੁਝ ਐਸੇ ਫੁੱਲ ਖਿੜੇ ਨੇ, ਜਿਨ੍ਹਾਂ 'ਤੇ ਮਨੁੱਖਤਾ ਮਾਣ ਕਰ ਸਕਦੀ ਹੈ। ਮਨੁੱਖੀ ਇਤਿਹਾਸ ਵਿਚ ਅਗਰ ਗੁਰੂ ਨਾਨਕ ਨੂੰ ਕੱਢ ਦੇਈਏ; ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾ ਹੋਵਣ; ਮਾਨਵਤਾ ਦੇ ਇਤਿਹਾਸ ਵਿਚ ਜੇ

ਸ੍ਰੀ ਕ੍ਰਿਸ਼ਨ ਜੀ ਦੀ ਛਾਪ ਨਹੀਂ; ਰਾਮ ਦੀ ਮਰਿਆਦਾ ਨਹੀਂ; ਮਨੁੱਖੀ ਇਤਿਹਾਸ ਦੇ ਵਿਚ ਈਸਾ ਦਾ ਪ੍ਰੇਮ ਨਹੀਂ ਔਰ ਮੁਹੰਮਦ ਸਾਹਿਬ ਦਾ ਭਾਈਚਾਰਾ ਨਹੀਂ; ਧੰਨ ਗੁਰੂ ਨਾਨਕ ਦੇਵ ਜੀ ਦੇ ਸਰਬੱਤ ਦੇ ਭਲੇ ਦੀ ਭਾਵਨਾ ਨਹੀਂ; ਧੰਨ ਗੁਰੂ ਗੋਬਿੰਦ ਸਿੰਘ ਜੀ ਦਾ ਕਮਜ਼ੋਰ ਦੀ ਬਾਂਹ ਫੜ ਲੈਣ ਦਾ ਜਜ਼ਬਾ ਨਹੀਂ, ਤੋ ਫਿਰ ਮਨੁੱਖੀ ਬਗ਼ੀਚਾ ਕੰਡਿਆਂ ਨਾਲ ਭਰਿਆ ਹੀ ਦਿੱਸੇਗਾ। ਗੁਲ ਨਹੀਂ, ਫੁੱਲ ਨਹੀਂ; ਫਿਰ ਤਾਂ ਕੰਡੇ ਹੀ ਕੰਡੇ। ਬਸ ਇਹ ਥੋੜ੍ਹੇ ਹੀ ਫੁੱਲ ਹਨ, ਜਿਸ ਨਾਲ ਮਨੁੱਖੀ ਇਤਿਹਾਸ ਪੁਰ-ਰੌਣਕ ਬਣਿਆ ਹੋਇਆ ਹੈ, ਪੜ੍ਹਨ ਯੋਗ, ਆਨੰਦਮਈ ਬਣਿਆ ਹੋਇਆ ਹੈ।

ਪ੍ਰਿਥਵੀ 'ਤੇ ਉਹ ਖ਼ੁਸ਼ਕਿਸਮਤ ਦਿਹਾੜਾ ਸੀ, ਜਿਸ ਦਿਨ ਗੁਰੂ ਨਾਨਕ ਦਾ ਆਗਮਨ ਹੋਇਆ; ਧੰਨ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਹੋਇਆ; ਰਾਮ ਕ੍ਰਿਸ਼ਨ ਜੈਸੀ ਚੇਤਨਾ ਦਾ ਆਗਮਨ ਹੋਇਆ। ਔਰ ਸੰਸਾਰ ਦਾ ਉਹ ਸਭ ਤੋਂ ਬਦਕਿਸਮਤ ਦਿਹਾੜਾ ਸੀ, ਜਦ ਐਸੇ ਮਹਾਂਪੁਰਸ਼ਾਂ ਦੁਆਰਾ ਦਿੱਤਾ ਹੋਇਆ ਗਿਆਨ, ਚਿੰਤਨ, ਧਰਮ, ਸਭ ਕੁਝ ਕਾਰੋਬਾਰ ਬਣ ਗਿਆ, ਧੰਧਾ ਬਣ ਗਿਆ। ਔਰ ਐਸਾ ਅਸੀਂ ਦੇਖ ਸਕਦੇ ਹਾਂ—ਬ੍ਰਾਹਮਣ ਪੂਜਾ ਵੇਚ ਰਿਹਾ ਹੈ, ਪਾਠ ਵੇਚਿਆ ਜਾ ਰਿਹਾ ਹੈ। ਮੌਲਵੀ ਆਵਾਜ਼ ਵੇਚ ਰਿਹਾ ਹੈ; ਅਮਾਨਤ ਵੇਚ ਰਿਹਾ ਹੈ। ਔਰ ਗੁਰੂ ਘਰਾਣੇ ਵਿਚ ਦੇਖੀਏ, ਵਿਕ ਰਿਹਾ ਹੈ ਕੀਰਤਨ, ਵਿਕ ਰਹੀ ਹੈ ਕਥਾ, ਵਿਕ ਰਿਹਾ ਹੈ ਪਾਠ। ਬਾਕਾਇਦਾ ਮੋਲ-ਤੋਲ ਹੁੰਦਾ ਹੈ। ਕਥਾ, ਕੀਰਤਨ, ਪਾਠ ਦਾ ਭਾਓ ਦੱਸਿਆ ਜਾਂਦਾ ਹੈ, ਕੀਮਤ ਦੱਸੀ ਜਾਂਦੀ ਹੈ ਔਰ ਬਾਕਾਇਦਾ ਕੀਮਤ ਚੁਕਾਈ ਵੀ ਜਾਂਦੀ ਹੈ। ਇਹ ਲੋਕ ਕੀਰਤਨੀਏ ਨਹੀਂ ਬਲਕਿ ਵੈਸ਼ ਨੇ; ਪਾਠੀ, ਕਥਾਵਾਚਕ ਨਹੀਂ, ਵੈਸ਼ ਨੇ।

ਅੱਜ ਪੂਜਾ ਪਾਠ ਕਰਨ ਵਾਲੇ ਪੁਜਾਰੀ ਨਹੀਂ ਮਿਲਣਗੇ, ਪਾਠ ਕਰਨ ਵਾਲੇ ਪਾਠੀ ਨਹੀਂ ਮਿਲਣਗੇ; ਸਭ ਵੈਸ਼ ਨੇ। ਤੋ ਵੈਸ਼ ਦੇ ਨਾਲ ਧਰਮ ਨਹੀਂ ਚੱਲਦਾ, ਕਿਉਂਕਿ ਉਹ ਧਰਮ ਨੂੰ ਵੇਚਦਾ ਹੈ। ਔਰ ਜਿਸ ਦਿਨ ਤੋਂ ਪੂਜਾ-ਪਾਠ ਕਰਨ ਵਾਲੇ ਪੁਜਾਰੀ, ਕੀਰਤਨੀਆਂ ਦੀ ਦ੍ਰਿਸ਼ਟੀ ਵਿਚ ਧਰਮ ਧੰਧਾ ਬਣਿਐ, ਉਸੇ ਦਿਨ ਤੋਂ ਆਮ ਸਰੋਤਿਆਂ ਦੀ ਦ੍ਰਿਸ਼ਟੀ ਵਿਚ ਧਾਰਮਿਕ ਮੰਦਿਰ, ਕਾਮਨਾਵਾਂ ਦੀ ਪੂਰਤੀ ਦੇ ਅਖਾੜੇ ਬਣ ਗਏ, ਬਾਜ਼ਾਰ, ਮਾਰਕੀਟ ਬਣ ਗਏ।

ਇਕ ਆਪਣੀਆਂ ਕਾਮਨਾਵਾਂ ਦੀ ਪੂਰਤੀ ਲਈ ਗੁਰਦੁਆਰੇ ਆਉਂਦਾ ਹੈ, ਮੰਦਿਰ, ਮਸਜਿਦ ਆਉਂਦਾ ਹੈ, ਦੂਸਰਾ ਉਨ੍ਹਾਂ ਦੀਆਂ ਤੇ ਆਪਣੀਆਂ ਕਾਮਨਾਵਾਂ ਲਈ ਸਾਧਨ ਜੁਟਾਂਦਾ ਹੈ, ਪੂਜਾ-ਪਾਠ ਅਤੇ ਨਮਾਜ਼ ਦੇ ਰਾਹੀਂ ਆਪਣੀਆਂ ਕਾਮਨਾਵਾਂ ਨੂੰ ਅੱਗੇ ਰੱਖਦਾ ਹੈ। ਵੈਸ਼ ਸਰੋਤੇ ਵੀ ਨੇ, ਵੈਸ਼ ਵਕਤੇ ਵੀ ਨੇ। ਵੈਸ਼ ਹੀ ਪੁਜਾਰੀ ਨੇ, ਵੈਸ਼ ਹੀ ਧਰਮ ਮੰਦਿਰਾਂ ਵਿਚ ਦਰਸ਼ਨ ਕਰਨ ਆਏ ਹੋਏ ਨੇ। ਔਰ ਇਸ ਤਰ੍ਹਾਂ ਪ੍ਰਿਥਵੀ ਵੈਸ਼ ਲੋਕਾਂ ਨਾਲ ਭਰਦੀ ਗਈ। ਤੋ

ਵੈਸ਼ ਦੇ ਨਾਲ ਧਰਮ ਨਹੀਂ ਚੱਲਦਾ—"ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥" ਕਈ ਦਫ਼ਾ ਇਕ ਆਮ ਮਨੁੱਖ ਵਿਚ ਤਾਂ ਨੈਤਿਕਤਾ ਦੇਖਣ ਨੂੰ ਮਿਲਦੀ ਹੈ, ਪਰ ਪੁਜਾਰੀਆਂ ਦੇ ਵਿਚ ਯਾ ਕਥਾ-ਕੀਰਤਨ ਕਰਨ ਵਾਲਿਆਂ ਵਿਚ ਨਹੀਂ ਮਿਲਦੀ। ਉਸ ਦਾ ਕਾਰਨ, ਕਥਾ ਕਰਨਾ ਇਕ ਧੰਧਾ ਹੈ, ਸੌਦਾ ਹੈ, ਜਿਸ ਨੂੰ ਵੇਚਣਾ ਹੈ। ਉਪਜੀਵਕਾ ਤਾਂ ਹਰ ਇਕ ਨੇ ਚਲਾਣੀ ਹੈ, ਉਦਰ ਪੂਰਤੀ ਤਾਂ ਹਰ ਇਕ ਨੇ ਕਰਨੀ ਹੀ ਹੈ ਔਰ ਉਦਰ ਪੂਰਤੀ ਹੋ ਹੀ ਜਾਂਦੀ ਹੈ; ਜਗਤ ਦੇ ਜੀਵਾਂ ਨੂੰ ਤਾਂ ਸਮਝਾਉਣਾ ਹੈ:

ਨਾ ਕਰਿ ਚਿੰਤ ਚਿੰਤਾ ਹੈ ਕਰਤੇ ॥ *(ਮਾਰੂ ਮ: ੪, ਪੰਨਾ 1070)*

ਲੇਕਿਨ ਪਾਠੀ ਪੁਜਾਰੀ, ਆਪ ਖ਼ੁਦ ਮੋਲ ਭਾਉ ਕਰਦੇ ਹਨ। ਆਪ ਕੀਮਤ ਮੰਗਣੀ, ਕੀਰਤਨ ਦੀ ਤੇ ਪਾਠ ਦੀ। ਜਿਨ੍ਹਾਂ ਕੋਲ ਧਰਮ ਮੰਦਿਰਾਂ ਦਾ ਪ੍ਰਬੰਧਕੀ ਢਾਂਚਾ ਹੈ, ਉਨ੍ਹਾਂ ਦੀ ਦ੍ਰਿਸ਼ਟੀ ਵਿਚ ਵੀ ਇਹ ਕੀਰਤਨੀਏ, ਕਥਾ-ਵਾਚਕ, ਪਾਠੀ, ਪੁਜਾਰੀ ਆਦਿ ਮੁਲਾਜ਼ਮ ਨੇ, ਬਲਕਿ ਮੁਲਾਜ਼ਮ ਵੀ ਘਟੀਆ ਤੇ ਚੌਥੇ ਦਰਜੇ ਦੇ। ਉਨ੍ਹਾਂ ਦੀ ਅਣਖ ਨੂੰ ਪਣਪਣ ਦਾ ਮੌਕਾ ਹੀ ਨਹੀਂ ਦੇਂਦੇ, ਉਨ੍ਹਾਂ ਦੇ ਹੱਥ ਵਿਚ ਇਹ ਪ੍ਰਬੰਧਕੀ ਲੋਕ ਕੋਈ ਅਖ਼ਤਿਆਰ ਹੀ ਨਹੀਂ ਰਹਿਣ ਦੇਂਦੇ। ਉਹ ਪ੍ਰਬੰਧਕ ਵੀ ਧਰਮ ਦੇ ਬਾਰੇ ਜਾਣਕਾਰੀ ਨਾ ਰੱਖਦਿਆਂ ਹੋਇਆਂ ਵੀ, ਧਰਮ ਮੰਦਿਰਾਂ ਨੂੰ ਮਾਰਕੀਟ, ਇਕ ਬਾਜ਼ਾਰ ਵਾਂਗ ਚਲਾਉਣ ਦੇ ਅਧਿਕਾਰੀ ਹੋ ਜਾਂਦੇ ਨੇ, ਕਿਉਂਕਿ ਉਹ ਵੀ ਤਾਂ ਵੈਸ਼ ਨੇ, ਉਨ੍ਹਾਂ ਦੇ ਵੀ ਕੁਛ ਸੁਆਰਥ ਨੇ। ਇਸ ਤਰ੍ਹਾਂ ਵੈਸ਼ ਲੋਕਾਂ ਨਾਲ ਪ੍ਰਿਥਵੀ ਭਰ ਗਈ ਹੈ। ਮੰਦਿਰ, ਮਸਜਿਦ, ਧਾਰਮਿਕ ਸਥਲ ਮਾਰਕੀਟ ਬਣ ਕੇ ਰਹਿ ਗਏ ਨੇ। ਇਨ੍ਹਾਂ ਧਰਮ ਮੰਦਿਰਾਂ ਵਿਚ ਕਥਾ-ਕੀਰਤਨ ਦੁਆਰਾ ਲੋਕਾਂ ਦਾ ਇਖ਼ਲਾਕ ਉੱਚਾ ਹੋਣਾ ਚਾਹੀਦਾ ਸੀ, ਮਨੁੱਖਤਾ ਪੈਦਾ ਹੋਣੀ ਚਾਹੀਦੀ ਸੀ; ਪਰਮ-ਆਨੰਦ ਪੈਦਾ ਹੋਣਾ ਚਾਹੀਦਾ ਸੀ, ਪਰ ਹੋਇਆ ਕੀ ? ਧਰਮ ਧੰਧਾ ਬਣ ਗਿਆ। ਸੁਰਤਿ ਉੱਚੀ ਕਰਨ ਦਾ ਕੋਈ ਵਸੀਲਾ ਹੀ ਨਾ ਰਿਹਾ। ਔਰ ਇਸ ਤਰ੍ਹਾਂ "ਧਰਮ ਕੀ ਗਤਿ ਰਹੀ" ਧਰਮ ਦਾ ਚੱਲਣਾ ਰੁਕ ਗਿਆ।

ਸ਼ਬਦ 'ਵੈਸ਼' ਹਿੰਦੀ ਦੇ ਸ਼ਬਦ 'ਵੈਸ਼ਿਆ' ਦੇ ਬਹੁਤ ਨੇੜੇ ਹੈ। ਵੈਸ਼ਿਆ (Prostitute) ਜੋ ਪੈਸੇ ਦੀ ਖ਼ਾਤਰ ਆਪਣੀ ਅਸਮਤ (ਆਪਣਾ ਤਨ) ਵੇਚਦੀ ਹੈ; ਵੈਸ਼ ਜੋ ਧਨ ਕਰਕੇ ਸਭ ਕੁਛ ਵੇਚਦਾ ਹੈ; ਦੇਸ਼ ਕੌਮ ਵੇਚਦਾ ਹੈ; ਈਮਾਨ ਵੇਚਦਾ ਹੈ; ਕਥਾ ਵੇਚਦਾ ਹੈ; ਕੀਰਤਨ, ਪਾਠ-ਪੂਜਾ ਵੇਚਦਾ ਹੈ; ਸ਼ਰਧਾ ਨੂੰ ਵੇਚਦਾ ਹੈ; ਸਭ ਕੁਛ ਨੂੰ ਵੇਚਦਾ ਹੈ, ਸਿਰਫ਼ ਮੁੱਲ ਮਿਲਣਾ ਚਾਹੀਦਾ ਹੈ:

ਹਵਸ ਕੇ ਬੰਦੇ ਵਫ਼ਾ ਕੋ ਬੇਚ ਦੇਤੇ ਹੈਂ।
ਖ਼ੁਦਾ ਕੇ ਘਰ ਕੀ ਕਿਆ ਕਹੀਏ ਖ਼ੁਦਾ ਕੋ ਬੇਚ ਦੇਤੇ ਹੈਂ।

ਵੈਸ਼ ਮਨੁੱਖਾਂ ਦੇ ਹੱਥ ਵਿਚ ਜੇ ਖ਼ੁਦਾ ਵੀ ਆ ਜਾਏ ਤਾਂ ਇਸ ਦੀ ਵੀ ਬੋਲੀ

ਲਗਾ ਦੇਣਗੇ, ਇਸ ਦੀ ਵੀ ਕੀਮਤ ਮੰਗਣਗੇ। ਐਸੇ ਮਨੁੱਖਾਂ ਦੇ ਨਾਲ ਧਰਮ ਕੈਸੇ ਚੱਲੇਗਾ।

ਧੰਧਾ ਤਾਂ ਭਗਤ ਵੀ ਕਰਦੇ ਹਨ। ਸਾਰਾ ਦਿਨ ਖੱਡੀ 'ਤੇ ਬੈਠ ਕੇ ਭਗਤ ਕਬੀਰ ਜੀ ਕਪੜਾ ਬੁਣਦੇ ਨੇ। ਚੌਂਕ ਵਿਚ ਬੈਠ ਕੇ ਰਵਿਦਾਸ ਜੀ ਜੁੱਤੀਆਂ ਗੰਢਦੇ ਨੇ, "ਪਾਣ੍ਹਾ ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।" ਸਾਰਾ ਦਿਨ ਕਪੜਿਆਂ ਨੂੰ ਸਿੰਮਦੇ ਨੇ, ਰੰਗਦੇ ਨੇ, ਭਗਤ ਨਾਮਦੇਵ ਜੀ ਮਹਾਰਾਜ। ਪਰ ਐਸੇ ਪਿਆਰੇ ਮਹਾਨ ਮਨੁੱਖਾਂ ਨੇ ਧੰਧੇ ਵਿਚ ਵੀ ਧਰਮ ਨੂੰ ਜੋੜ ਦਿੱਤਾ। ਕਬੀਰ ਜੀ ਦੇ ਚੇਲਿਆਂ ਨੇ ਜਦ ਕਬੀਰ ਜੀ ਨੂੰ ਆਖਿਆ ਕਿ ਹੁਣ ਆਪ ਸੰਤ ਹੋ, ਭਗਤ ਹੋ, ਆਪ ਜੀ ਦੀ ਪੂਜਾ ਪ੍ਰਤਿਸ਼ਟਾ ਹੈ, ਲਿਹਾਜ਼ਾ ਹੁਣ ਇਹ ਕਪੜੇ ਬੁਣਨਾ ਛੋੜ ਦਿਉ। ਕਬੀਰ ਜੀ ਨੇ ਕਿਹਾ ਕਿ ਜਦ ਕੱਪੜੇ ਬੁਣਨਾ ਮੇਰਾ ਧੰਧਾ ਸੀ, ਤੁਸੀਂ ਕਦੀ ਨਹੀਂ ਆਖਿਆ ਕਿ ਛੋੜ ਦਿਉ, ਅੱਜ ਜਦ ਕੱਪੜੇ ਬੁਣਨਾ ਧਰਮ ਬਣ ਗਿਆ ਹੈ, ਅੱਜ ਛੋੜਨ ਨੂੰ ਕਹਿੰਦੇ ਹੋ। ਹੁਣ ਤਾਂ ਮੈਂ ਸੇਵਾ ਕਰ ਰਿਹਾ ਹਾਂ, ਹੁਣ ਤਾਂ ਮੈਂ ਪ੍ਰਭੂ ਲਈ ਕਪੜਾ ਬਣਾ ਰਿਹਾ ਹਾਂ। ਧੰਧੇ ਵਿਚ ਵੀ ਸੇਵਾ ਭਾਉ ਆ ਗਿਆ; ਕਿਰਤ ਕੀਰਤਨ ਬਣ ਗਈ।

ਕੋਈ ਤੱਕੜੀ ਤੋਲ ਰਿਹਾ ਹੈ। ਤੱਕੜੀ ਤੋਲਦਿਆਂ ਜਦ ਆਖਿਆ, ਗਿਆਰਾਂ, ਗਿਆਰਾਂ; ਬਾਰਾਂ, ਬਾਰਾਂ; ਤੇਰਾਂ ਆਖਿਆ ਹੀ ਨਹੀਂ। ਸੁਰਤਿ ਜੁੜ ਗਈ ਪ੍ਰਭੂ ਨਾਲ, ਸੁਰਤਿ ਪਰਮਾਤਮਾ ਨਾਲ ਜੁੜ ਗਈ। ਤੱਕੜੀ ਤੋਲਣਾ ਵੀ ਧਰਮ ਬਣ ਗਿਆ। ਪਰ ਕਿਸੇ ਦਾ ਮਾਲਾ ਫੇਰਨਾ ਵੀ ਤੱਕੜੀ ਤੋਲਣਾ ਹੈ। ਕਿਸੇ ਦਾ ਵਾਹਿਗੁਰੂ ਜਪਣਾ ਵੀ ਤੱਕੜੀ ਤੋਲਣਾ ਹੈ। ਕਿਸੇ ਦਾ ਬਾਣੀ ਪੜ੍ਹਨਾ ਵੀ ਤੱਕੜੀ ਤੋਲਣਾ ਹੈ। ਗਿਣਤੀ-ਮਿਣਤੀ ਵਿਚ ਪਏ ਰਹਿੰਦੇ ਨੇ—ਇਤਨੇ ਸੌ ਪਾਠ ਕਰ ਲਏ ਨੇ, ਇਤਨੀਆਂ ਮਾਲਾ ਫੇਰ ਲਈਆਂ ਨੇ ਔਰ ਇਸ ਢੰਗ ਦੀਆਂ ਕਾਮਨਾਵਾਂ ਦੀ ਪੂਰਤੀ ਹੋਣੀ ਚਾਹੀਦੀ ਹਨ। ਇਹ ਸਭ ਕੁਝ ਧਰਮ ਦੇ ਨਾਮ 'ਤੇ ਧੰਧਾ ਚੱਲ ਰਿਹਾ ਹੈ। ਕੋਈ ਵਿਰਲੇ ਬ੍ਰਾਹਮਣ ਤੇ ਪੁਜਾਰੀ ਹੋਵਣਗੇ, ਕੋਈ ਵਿਰਲੇ ਕਥਾ-ਵਾਚਕ ਤੇ ਕੀਰਤੀਨੀਏ ਹੋਵਣਗੇ, ਜੋ ਸੇਵਾ ਜਾਣ ਕੇ ਕੀਰਤਨ ਕਰਦੇ ਹੋਵਣ, ਉਪਜੀਵਕਾ ਤਾਂ ਪ੍ਰਭੂ ਨੇ ਚਲਾਣੀ ਹੀ ਹੈ; ਬਸ ਉਨ੍ਹਾਂ ਦਾ ਕੀਰਤਨ ਹੀ ਵਾਸਤਵਿਕ ਕੀਰਤਨ ਹੁੰਦਾ ਹੈ, ਨਹੀਂ ਤਾਂ ਕੀਰਤਨ ਕਾਰੋਬਾਰੀ ਹੈ। ਵਾਜਾ ਸੁਰ ਵਿਚ ਕਰ ਲਿਆ, ਤਬਲਾ ਸੁਰ ਵਿਚ ਕਰ ਲਿਆ, ਪਰ ਉਨ੍ਹਾਂ ਦਾ ਆਪਣਾ ਮਨ, ਆਪਣੀ ਜ਼ਿੰਦਗੀ ਸੁਰ ਵਿਚ ਨਹੀਂ ਹੈ। ਬੇ-ਸੁਰੇ ਮਨ ਨਾਲ ਇਸ ਵਾਜੇ ਦੀ ਸੁਰ ਨੂੰ ਆਪਣੇ ਕੰਠ ਦੀ ਸੁਰ ਨਾਲ ਰਲਾ ਕੇ ਤੇ ਗਾਇਨ ਕਰ ਕੇ ਕੀਰਤਨ ਕਰ ਰਹੇ ਨੇ। ਜਿਸ ਦੇ ਜੀਵਨ ਦਾ ਸੁਰ ਸ਼ਰਧਾ ਨਹੀਂ ਹੈ, ਜਿਸ ਵਿਚ ਮਨ ਦਾ ਤਾਲ ਭਗਤੀ ਨਹੀਂ ਹੈ, ਭਾਵਨਾ ਨਹੀਂ ਹੈ, ਭਲਾ ਉਹ ਕੀਰਤਨ ਭਾਵਨਾ ਭਰਪੂਰ ਕਿਸ ਤਰ੍ਹਾਂ ਹੋਇਆ! ਉਹ ਸੰਸਾਰ ਦੀ

ਕਿਰਤ ਹੋ ਜਾਂਦਾ ਹੈ। ਬਹੁਤ ਸਾਰਾ ਕੀਰਤਨ, ਕੀਰਤਨ ਨਹੀਂ ਹੈ—ਕਿਰਤ ਹੈ, ਧੰਧਾ ਹੈ। ਬਹੁਤ ਸਾਰੀਆਂ ਕੀਤੀਆਂ ਜਾ ਰਹੀਆਂ ਕਥਾਵਾਂ, ਕਥਾਵਾਂ ਨਹੀਂ, ਧੰਧਾ ਬਣ ਕੇ ਰਹਿ ਜਾਂਦੀਆਂ ਹਨ। ਜਿਸ ਗੱਲ ਨੂੰ ਆਖ ਕੇ ਕਥਾ-ਵਾਚਕ ਨੂੰ ਸਵੈਮ ਆਪਣੇ ਆਪ ਨੂੰ ਸੁਆਦ ਨਹੀਂ ਆਇਆ, ਰਸ ਨਹੀਂ ਆਇਆ, ਉਹ ਸੁਣ ਕੇ ਕਿਸੇ ਨੂੰ ਵੀ ਰਸ ਨਹੀਂ ਆਵੇਗਾ। ਕੀਰਤਨ ਕਰ ਕੇ ਖ਼ੁਦ ਜਿਸ ਨੂੰ ਰਸ ਨਹੀਂ ਆਇਆ, ਸਰੋਤੇ ਦਾ ਹਿਰਦਾ ਵੀ ਨਹੀਂ ਜੁੜੇਗਾ। ਕਬੀਰ ਜੀ ਤਾਂ ਇਥੋਂ ਤਕ ਕਹਿੰਦੇ ਨੇ:

ਹ੍ਰਿਦੈ ਕਪਟੁ ਮੁਖ ਗਿਆਨੀ ॥
ਝੂਠੇ ਕਹਾ ਬਿਲੋਵਸਿ ਪਾਨੀ ॥ *(ਸੋਰਠਿ ਕਬੀਰ ਜੀ, ਪੰਨਾ 656)*

ਹਿਰਦੇ ਵਿਚ ਕਪਟ ਰੱਖ ਕੇ, ਮੁਖ ਨਾਲ ਗਿਆਨ ਦੀਆਂ ਗੱਲਾਂ ਕਰਨੀਆਂ, ਇਹ ਤਾਂ ਪਾਣੀ ਨੂੰ ਰਿੜਕਣ ਵਾਲੀ ਗੱਲ ਹੈ, ਇਸ ਤਰ੍ਹਾਂ ਕਰਨ ਨਾਲ ਮੱਖਣ ਦੀ ਪ੍ਰਾਪਤੀ ਕਿਥੋਂ ਹੋ ਜਾਏਗੀ।

ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥
ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥ *(ਸਲੋਕ ਕਬੀਰ ਜੀ, ਪੰਨਾ 1369)*

ਪਰਮਾਤਮਾ ਦੀ ਗੱਲ ਦੂਜੇ ਨੂੰ ਸੁਣਾ ਰਹੇ ਹੋ, ਆਪਣੇ ਲਈ ਨਹੀਂ ਹੈ। ਇਹ ਤਾਂ ਆਪਣੇ ਮੂੰਹ ਵਿੱਚੋਂ ਮਿੱਟੀ ਕੱਢ ਕੇ ਦੂਜੇ ਦੇ ਕੰਨਾਂ ਵਿਚ ਪਾਈ ਜਾ ਰਹੀ ਹੈ। ਜੇ ਦਿਲ ਮੋਮ ਵਰਗਾ ਨਹੀਂ ਹੋਇਆ ਤਾਂ ਮੌਲਵੀ ਕਿਸ ਗੱਲ ਦਾ! ਜੇ ਬ੍ਰਹਮ ਦਾ ਚਿੰਤਨ ਹੀ ਨਹੀਂ ਤਾਂ ਬ੍ਰਾਹਮਣ ਕੈਸਾ, ਇਹ ਪੁਜਾਰੀ ਕੈਸਾ! ਧੰਨ ਗੁਰੂ ਨਾਨਕ ਦੇਵ ਜੀ ਕਹਿੰਦੇ ਨੇ—ਸਾਰੀ ਸ੍ਰਿਸ਼ਟੀ ਇੱਕੋ ਹੀ ਵਰਣ ਹੋ ਗਈ ਏ—ਵੈਸ਼—ਇਹ ਤਾਂ ਕੇਵਲ ਵੇਚਣ ਦੀ ਭਾਸ਼ਾ ਜਾਣਦਾ ਹੈ। ਕੀਮਤ ਮਿਲਣੀ ਚਾਹੀਦੀ ਹੈ। ਗਿਆਨ ਵਿਕ ਰਿਹਾ ਹੈ, ਕਥਾ, ਕੀਰਤਨ, ਪੂਜਾ-ਪਾਠ ਵਿਕ ਰਿਹਾ ਹੈ। ਇਹ ਗੱਲ ਵੱਖਰੀ ਹੈ ਕਿ ਇਨ੍ਹਾਂ ਦੇ ਹੱਥ ਵਿਚ ਪਰਮਾਤਮਾ ਨਹੀਂ ਆਇਆ। ਇਨ੍ਹਾਂ ਦੀਆਂ ਕਥਾਵਾਂ ਦੇ ਵਿਚ, ਇਨ੍ਹਾਂ ਦੇ ਕੀਰਤਨ ਵਿਚ, ਪਾਠ-ਪੂਜਾ ਵਿਚ ਪਰਮਾਤਮਾ ਨਹੀਂ ਹੈ, ਨਹੀਂ ਤਾਂ ਇਹ ਉਸ ਨੂੰ ਵੀ ਵੇਚ ਕੇ ਰੱਖ ਦੇਣ। ਵਾਕਈ ਜਿਸ ਕਥਾ ਵਿਚ ਪਰਮਾਤਮਾ ਹੀ ਨਹੀਂ, ਉਹ ਕਥਾ ਪਰਮਾਤਮਾ ਦੀ ਕੈਸੀ ਹੋਈ! ਜਿਸ ਕੀਰਤਨ ਵਿਚ ਪਰਮਾਤਮਾ ਦੀ ਕੀਰਤੀ ਨਹੀਂ, ਪਰਮ ਰਸ ਹੀ ਨਹੀਂ, ਉਹ ਪਰਮਾਤਮਾ ਦਾ ਕੀਰਤਨ ਕੈਸੇ ਹੋਇਆ! ਜਿਸ ਪੂਜਾ ਦੇ ਵਿਚ ਨਿਛਾਵਰ ਹੋਣ ਦੀ ਬਿਰਤੀ ਹੀ ਨਹੀਂ, ਉਹ ਪੂਜਾ ਕਿਵੇਂ ਹੋ ਗਈ! ਜਿਸ ਪਾਠ ਵਿਚ ਅਧਿਆਤਮਕ ਤਰੰਗ ਹੀ ਨਹੀਂ, ਉਹ ਪਾਠ, ਪਾਠ ਕਿਵੇਂ ਹੋ ਗਿਆ! ਵੈਸ਼ ਪਾਠ ਨਹੀਂ ਕਰ ਸਕਦਾ; ਵੈਸ਼ ਕਥਾ-ਕੀਰਤਨ ਨਹੀਂ ਕਰ ਸਕਦਾ, ਉਹ ਇਸ ਸਭ ਕੁਛ ਨੂੰ ਦੁਕਾਨਦਾਰ ਦੀ ਤਰ੍ਹਾਂ ਵੇਚ ਸਕਦਾ

ਹੈ, ਔਰ ਇਹ ਬੜੇ ਸੋਹਣੇ ਢੰਗ ਨਾਲ ਕਥਾ ਵੇਚ ਰਹੇ ਨੇ। ਕੀਰਤਨੀਏ ਕੀਰਤਨ ਵੇਚ ਰਹੇ ਨੇ; ਪੁਜਾਰੀ ਪੂਜਾ ਵੇਚ ਰਹੇ ਨੇ; ਔਰ ਇਸੇ ਤਰ੍ਹਾਂ ਪਾਠੀ ਪਾਠ ਵੇਚ ਰਹੇ ਨੇ। ਗਤੀ ਤਾਂ ਰਹਿ ਗਈ, ਰੁਕ ਗਈ। ਧਾਰਮਿਕ ਮੰਦਿਰ ਬਾਜ਼ਾਰ ਬਣ ਕੇ ਰਹਿ ਗਏ ਨੇ। ਧੰਨ ਗੁਰੂ ਨਾਨਕ ਦੇਵ ਜੀ ਦੇ ਇਹ ਬੋਲ:

ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥

ਸਾਰੀ ਸ੍ਰਿਸ਼ਟੀ ਇੱਕੋ ਹੀ ਵਰਣ ਹੋ ਗਈ ਹੈ; ਧਰਮ ਨਹੀਂ ਚੱਲ ਰਿਹਾ; ਧਰਮ ਦੀ ਗਤੀ ਨਹੀਂ ਰਹੀ; ਜੇ ਕਿਧਰੇ ਕੀਰਤਨੀਆ ਦਿਲ ਦੀ ਗਹਿਰਾਈ ਵਿੱਚੋਂ ਕੀਰਤਨ ਕਰੇ:

ਭਲੋ ਭਲੋ ਰੇ ਕੀਰਤਨੀਆ॥
ਰਾਮ ਰਮਾ ਰਾਮਾ ਗੁਨ ਗਾਉ॥
ਛੋਡਿ ਮਾਇਆ ਕੇ ਧੰਧ ਸੁਆਉ॥ *(ਰਾਮਕਲੀ ਮ: ੫, ਪੰਨਾ 885)*

ਐਸੇ ਕੀਰਤਨੀਏ ਤੋਂ ਪਰਮਾਤਮਾ ਵੀ ਨਿਛਾਵਰ ਹੁੰਦਾ ਹੈ। ਧਨ ਵੀ ਉਸ ਤੋਂ ਨਿਛਾਵਰ ਹੁੰਦਾ ਹੈ, ਪਦਾਰਥ ਵੀ ਉਸ ਦੇ ਕਦਮਾਂ 'ਚ ਰੁਲਣਗੇ। ਲੇਕਿਨ ਜਿਸਦੇ ਕੀਰਤਨ ਵਿਚ ਮਾਇਆ ਦਾ ਧੰਧਾ ਹੈ, ਰਾਮ ਉਸ ਦੇ ਹੱਥ ਨਹੀਂ ਆਵੇਗਾ, ਮਾਇਆ ਵੀ ਉਸਦੇ ਹੱਥ ਨਹੀਂ ਆਵੇਗੀ। ਐਸਾ ਹੋ ਸਕਦਾ ਹੈ ਔਰ ਏਹੀ ਗੱਲ ਹੈ ਕਿ ਧਰਮ ਦੀ ਗੱਲ ਅਲਾਪਣ ਵਾਲੇ ਵੀ ਬੇਚੈਨ, ਬੇਜ਼ਾਰ ਤੇ ਦੁਖੀ ਨੇ। ਇਕ ਆਮ ਮਨੁੱਖ ਕੋਲ ਜਿਹੜੀ ਨੈਤਿਕਤਾ ਹੁੰਦੀ ਹੈ, ਉਹ ਇਨ੍ਹਾਂ ਵਿਚ ਦੇਖਣ ਨੂੰ ਵੀ ਨਹੀਂ ਮਿਲਦੀ। ਪ੍ਰਭੂ ਰਹਿਮਤ ਕਰਨ, ਵੈਸ਼ ਦੇ ਨਾਲ ਅਗਰ ਧਰਮ ਚੱਲੇ ਤਾਂ ਵੈਸ਼ ਫਿਰ ਵੈਸ਼ ਨਹੀਂ ਰਹਿ ਜਾਂਦਾ, ਬ੍ਰਾਹਮਣ ਹੋ ਜਾਂਦਾ ਹੈ, ਔਰ ਬ੍ਰਾਹਮਣ ਦੇ ਨਾਲ ਧਰਮ ਚਲਦਾ ਹੈ; ਪੁਜਾਰੀ, ਕੀਰਤਨੀਏ ਦੇ ਨਾਲ ਧਰਮ ਚਲਦਾ ਹੈ; ਕਥਾ-ਵਾਚਕ ਦੇ ਨਾਲ ਧਰਮ ਚਲਦਾ ਹੈ; ਪਰ ਜੇ ਬਿਰਤੀ ਵੈਸ਼ ਹੈ, ਵਰਣ ਵੈਸ਼ ਹੈ ਤਾਂ ਧਰਮ ਕਾਰੋਬਾਰ ਹੋਵੇਗਾ, ਧੰਧਾ ਹੋਵੇਗਾ। ਔਰ ਕਾਰੋਬਾਰ ਦੀ ਬੇਈਮਾਨੀ, ਕਾਰੋਬਾਰ ਦੀ ਹੇਰਾ-ਫੇਰੀ ਤੇ ਧੰਧੇ ਦਾ ਥੋੜ੍ਹਾ ਬਹੁਤ ਝੂਠ, ਧਰਮ ਵਿਚ ਵੀ ਆ ਜਾਏਗਾ। ਸ੍ਰੋਤੇ ਗਾਹਕ ਹੋਵਣਗੇ ਅਤੇ ਉਹ ਖ਼ੁਦ ਧਰਮ ਨੂੰ ਵੇਚਣ ਵਾਲਾ ਹੋਵੇਗਾ, ਵਸਤੂ ਜਾਣ ਕੇ। ਤੋ ਇਸ ਤਰ੍ਹਾਂ ਕਾਰੋਬਾਰ ਵਿਚ ਜੋ ਥੋੜ੍ਹਾ ਬਹੁਤ ਉਤਾਰ ਚੜ੍ਹਾਉ ਹੁੰਦਾ ਹੈ, ਜੋ ਥੋੜ੍ਹਾ ਬਹੁਤ ਝੂਠ ਹੁੰਦਾ ਹੈ ਯਾ ਧੰਧੇ ਵਿਚ ਜਿਹੜੀ ਬੇਈਮਾਨੀ ਹੁੰਦੀ ਹੈ, ਉਹ ਧਰਮ ਵਿਚ ਵੀ ਆ ਜਾਵੇਗੀ ਔਰ ਵਿਆਪਕ ਪੱਧਰ 'ਤੇ ਆ ਚੁੱਕੀ ਹੈ।

ਜੇਕਰ ਤੁਸੀਂ ਧਾਰਮਿਕ ਮੁਖੀਆਂ ਨੂੰ ਥੋੜ੍ਹਾ ਜਿਹਾ ਵੀ ਉਘਾੜ ਕੇ ਵੇਖੋਗੇ ਤਾਂ ਵੈਸ਼ ਦੇ ਦਰਸ਼ਨ ਹੋਣਗੇ, ਬ੍ਰਾਹਮਣ ਦੇ ਨਹੀਂ। ਵੈਸ਼ ਦੇ ਦਰਸ਼ਨ ਹੋਣਗੇ, ਖੱਤਰੀ ਸੂਰਬੀਰ ਦੇ ਨਹੀਂ। ਵੈਸ਼ ਦੇ ਹੀ ਦਰਸ਼ਨ ਹੋਣਗੇ, ਸ਼ੂਦਰ ਦੇ ਨਹੀਂ। ਦੇਖਣ ਵਿਚ

ਆਇਆ ਹੈ ਕਿ ਕੀਤੀ ਜਾ ਰਹੀ ਸੇਵਾ ਵੀ ਕਾਮਨਾਵਾਂ ਨਾਲ ਭਰਪੂਰ ਹੈ। ਕੋਈ ਸੂਰਬੀਰ ਨਹੀਂ ਰਹਿ ਗਏ, ਸਭ ਵੇਚਣ ਵਾਲੇ ਹੀ ਮਿਲਣਗੇ, ਬਲਕਿ ਆਪਣੀ ਸੂਰਬੀਰਤਾ ਨੂੰ ਵੇਚਣ ਵਾਲੇ ਹੀ ਹਨ, ਕਿਸੇ ਕਮਜ਼ੋਰ ਦੀ ਬਾਂਹ ਫੜ ਕੇ ਸਹਾਰਾ ਬਣਨ ਵਾਲੇ ਨਹੀਂ। ਇਹ ਸੂਰਬੀਰ ਦੇਸ਼ ਦੀ ਰਖਸ਼ਾ ਕਰਨ ਵਾਲੇ ਨਹੀਂ, ਬਲਕਿ ਦੇਸ਼ ਦੇ ਰਾਜ਼ ਵੇਚਣ ਵਾਲੇ ਹੀ ਮਿਲਣਗੇ, ਕਿਉਂਕਿ ਐਸਾ ਅਸੀਂ ਦੇਖ ਰਹੇ ਹਾਂ।

ਵੈਸ਼ ਦੇਸ਼ ਭਗਤ ਵੀ ਨਹੀਂ ਹੋ ਸਕਦਾ ਤੇ ਨਾ ਹੀ ਕੌਮਪ੍ਰਸਤ ਹੋ ਸਕਦਾ ਹੈ। ਵੈਸ਼ ਆਪਣਾ ਹਿਰਦਾ ਸੱਖਣਾ ਰੱਖਦਾ ਹੈ। ਪ੍ਰਭੂ-ਭਗਤੀ ਇਸ ਪਾਸੋਂ ਕਿਥੋਂ ਨਸੀਬ ਹੋ ਸਕਦੀ ਹੈ, ਵੈਸ਼ ਦਾ ਹਿਰਦਾ ਤਾਂ ਖ਼ਾਲੀ ਹੁੰਦਾ ਹੈ। ਇਸ ਦੇ ਹਿਰਦੇ ਵਿਚ ਸਦੀਵੀ ਖ਼ਲਾਅ ਰਹਿੰਦਾ ਹੈ, ਇਸਦੇ ਹਿਰਦੇ ਦੀ ਸੇਜਾ ਖ਼ਾਲੀ ਰਹਿੰਦੀ ਹੈ। ਵੈਸ਼ ਸੋਨੇ ਦੇ ਨਾਮ 'ਤੇ ਲੋਕਾਂ ਦੀ ਝੋਲੀ ਵਿਚ ਮਿੱਟੀ ਪਾਉਂਦਾ ਹੈ। ਹੀਰਿਆਂ ਦੀ ਥਾਂ 'ਤੇ ਝੋਲੀ ਵਿਚ ਕੰਕਰ ਪਾਉਂਦਾ ਹੈ। ਲੇਕਿਨ ਕੰਕਰ ਸਜਾ ਕੇ ਰੱਖੇ ਹੋਏ ਨੇ, ਇਸ ਕਰਕੇ ਇਨ੍ਹਾਂ ਦਾ ਥੋੜ੍ਹਾ ਬਹੁਤ ਸਨਮਾਨ ਹੋ ਜਾਂਦਾ ਹੈ, ਐਸੇ ਸਰੋਤਿਆਂ ਦੀ ਦ੍ਰਿਸ਼ਟੀ ਵਿਚ, ਜੋ ਸਮਝ ਲੈਂਦੇ ਨੇ ਕਿ ਹੀਰੇ ਨੇ ਔਰ ਇਹ ਭਗਤ ਨੇ, ਸੰਤ ਨੇ। ਬੜੇ ਵੱਡੇ ਵੱਡੇ ਸੰਤ ਕਾਰੋਬਾਰੀ ਬਿਰਤੀਆਂ ਤੋਂ ਇਲਾਵਾ ਹੋਰ ਕੁਛ ਨਹੀਂ ਰੱਖਣਗੇ। ਬੜੇ ਧਨਾਢ ਲੋਕਾਂ ਦੇ ਉਨ੍ਹਾਂ ਕੋਲ ਪਤੇ (addresses) ਹੋਣਗੇ; ਉਨ੍ਹਾਂ ਕੋਲ ਹੀ ਠਹਿਰਨਗੇ, ਉਹ ਉਨ੍ਹਾਂ ਦੀ ਹੀ ਆਉ ਭਗਤ ਕਬੂਲ ਕਰਨਗੇ, ਬਾਕੀ ਕਿਸੇ ਹੋਰ ਨੂੰ ਮੱਥੇ ਲਾਉਣ ਨੂੰ ਵੀ ਰਾਜ਼ੀ ਨਹੀਂ ਹੋਣਗੇ। ਬੜੇ ਬੜੇ ਡੇਰੇ, ਧਾਰਮਿਕ ਮੰਦਿਰ ਤੇ ਇਨ੍ਹਾਂ ਨੂੰ ਚਲਾਉਣ ਵਾਲੇ, ਬਸ ਕਾਰੋਬਾਰੀ ਅਦਾਰੇ ਬਣ ਕੇ ਹੀ ਰਹਿ ਗਏ ਨੇ।

ਸਤਿਗੁਰੂ ਜੀ ਦਇਆ ਦੇ ਘਰ ਵਿਚ ਆਵਣ, ਰਹਿਮਤ ਕਰਨ ਤੇ ਅਸੀਂ ਸਾਰੇ ਰਲ ਕੇ ਸਾਰੇ ਸੰਸਾਰ ਨੂੰ ਹਰੀ-ਮੰਦਿਰ ਬਣਾ ਸਕੀਏ। ਸਤਿਗੁਰੂ ਜੀ ਸਾਨੂੰ ਸਭਨਾਂ ਨੂੰ ਐਸੀ ਯੋਗਤਾ, ਐਸੀ ਤਾਕਤ, ਐਸੀ ਸਮਰੱਥਾ ਬਖ਼ਸ਼ਣ, ਅਸੀਂ ਸੰਸਾਰ ਨੂੰ ਖ਼ਾਨਾ-ਏ-ਖ਼ੁਦਾ ਬਣਾ ਸਕੀਏ।

ਮੈਂ ਖ਼ੁਦ ਇਸ ਪੇਸ਼ੇ ਵਿਚ ਰਿਹਾ ਹਾਂ, ਔਰ ਅੱਜ ਵੀ ਇਸੇ ਪੇਸ਼ੇ ਵਿਚ ਹਾਂ। ਮੈਂ ਆਪਣੇ ਅਨੁਭਵ ਉਢੇਲ ਰਿਹਾ ਹਾਂ, ਆਪਣੇ ਆਪ ਨੂੰ ਵੱਖ ਨਹੀਂ ਕਰ ਰਿਹਾ। ਇਸ ਬਿਰਤੀ ਨੇ ਹਮੇਸ਼ਾ ਰਸਾਤਲ ਵਿਚ ਰੱਖਿਐ, ਰਸਾਤਲ ਦੀਆਂ ਠੋਕਰਾਂ ਖਾ ਕੇ ਇਹ ਖ਼ਿਆਲ ਬਣੇ ਨੇ, ਇਹ ਸੋਚਣੀ ਬਣੀ ਹੈ। ਇਸ ਸੋਚਣੀ ਤੋਂ ਮੇਰੇ ਹਮ-ਪੇਸ਼ਾ, ਪੁਜਾਰੀ ਤਬਕਾ, ਮੌਲਵੀ ਤਬਕਾ ਔਰ ਸਾਰੇ ਉਹ ਲੋਕ ਜਿਨ੍ਹਾਂ ਨੇ ਧਰਮ ਚਲਾਉਣ ਦਾ ਕੰਮ ਆਪਣੇ ਜ਼ੁੰਮੇ ਲਿਆ ਹੋਇਆ ਹੈ, ਸਤਿਗੁਰੂ ਜੀ ਉਨ੍ਹਾਂ ਦੇ ਅੰਦਰ ਸ਼ਰਧਾ, ਪ੍ਰੇਮ ਤੇ ਭਾਵਨਾ ਪੈਦਾ ਕਰਨ ਤੇ ਉਹ ਕਥਾ ਕੀਰਤਨ ਦੀ ਭੇਟ ਲੈਣ, ਮੁੱਲ ਨਹੀਂ।

•

ਗੁਣ-ਅਵਗੁਣ

ਸੂਰਜ ਆਪਣਾ ਪ੍ਰਕਾਸ਼ ਕਿਰਨਾਂ ਦੇ ਰਾਹੀਂ, ਜੋ ਕਿ ਦੂਰ ਦੂਰ ਤਕ ਫੈਲਦੀਆਂ ਨੇ ਤੇ ਪ੍ਰਕਾਸ਼ ਕਰਦੀਆਂ ਨੇ—ਕਿਧਰੇ ਤਿਰਛੀਆਂ, ਕਿਧਰੇ ਟੇਢੀਆਂ, ਕਿਧਰੇ ਸਿੱਧੀਆਂ ਪੈਂਦੀਆਂ ਨੇ; ਜਿਸ ਕਰਕੇ ਕਿਧਰੇ ਗਰਮੀ, ਕਿਧਰੇ ਨਰਮੀ; ਕਿਧਰੇ ਜ਼ਿਆਦਾ ਗਰਮੀ, ਕਿਧਰੇ ਜ਼ਿਆਦਾ ਠੰਡ (ਅੱਤ ਦੀ ਠੰਡ) ਹੁੰਦੀ ਹੈ; ਕਿਧਰੇ ਬਾਰਾਂ ਮਹੀਨੇ ਠੰਡ, ਕਿਧਰੇ ਬਾਰਾਂ ਮਹੀਨੇ ਗਰਮੀ ਹੁੰਦੀ ਹੈ, ਇਹ ਸਾਰਾ ਚਾਨਣ (ਨੂਰ) ਸੂਰਜ, ਕਿਰਨਾਂ ਰਾਹੀਂ ਜਗਤ ਨੂੰ ਵੰਡਦਾ ਹੈ। ਸੂਰਜ ਦੀਆਂ ਕਿਰਨਾਂ ਧਰਤੀ ਨੂੰ ਰੌਸ਼ਨ ਕਰਦੀਆਂ ਹਨ। ਪਰਮਾਤਮਾ ਦਾ ਪ੍ਰਕਾਸ਼ ਹਿਰਦੇ ਤਕ ਪਹੁੰਚਦਾ ਹੈ ਗੁਣਾਂ ਰਾਹੀਂ। ਹਰ ਗੁਣ, ਪਰਮਾਤਮਾ ਰੂਪੀ ਮਹਾਂ ਸੂਰਜ ਦੀ ਕਿਰਨ, ਜਿਹੜੀ ਪੈ ਰਹੀ ਹੁੰਦੀ ਹੈ, ਹਿਰਦੇ ਨੂੰ ਮੁਨੱਵਰ ਕਰਦੀ ਹੈ, ਰੌਸ਼ਨ ਕਰਦੀ ਹੈ। ਸੂਰਜ ਦੀਆਂ ਕਿਰਨਾਂ ਨਹੀਂ ਗਿਣੀਆਂ ਜਾ ਸਕਦੀਆਂ, ਪ੍ਰਭੂ ਦੇ ਗੁਣ ਨਹੀਂ ਗਿਣੇ ਜਾ ਸਕਦੇ। ਉਹ ਗੁਣੀ ਨਿਧਾਨ ਹੈ, ਉਹ ਗੁਣਾਂ ਦਾ ਸਾਗਰ ਹੈ, ਸਾਰੇ ਗੁਣ ਉਸੇ ਤੋਂ ਆਉਂਦੇ ਹਨ:

ਸਭਿ ਗੁਣ ਤੇਰੇ ਮੈ ਨਾਹੀ ਕੋਇ॥
ਵਿਣੁ ਗੁਣ ਕੀਤੇ ਭਗਤਿ ਨ ਹੋਇ॥ *(ਜਪੁ ਜੀ)*

ਕਿਰਨਾਂ ਰਾਹੀਂ ਜ਼ਮੀਨ 'ਤੇ ਚਾਨਣਾ ਹੁੰਦਾ ਹੈ। ਚਾਨਣਾ ਭਾਵੇਂ ਮੇਰੇ ਘਰ ਹੈ, ਪਰ ਸੂਰਜ ਦਾ। ਗੁਣ ਸਾਰੇ ਪ੍ਰਭੂ ਦੇ ਨੇ ਤੇ ਮੇਰੇ ਹਿਰਦੇ ਵਿਚ ਨੇ, ਪਰ ਹੈਨ ਉਸ ਪ੍ਰਭੂ ਦੇ। ਇਕ ਇਕ ਗੁਣ ਰਸਾਂ ਦੀ ਖਾਣ ਹੈ; ਇਕ ਇਕ ਗੁਣ ਆਨੰਦ ਦਾ ਸੋਮਾ ਹੈ; ਇਕ ਇਕ ਗੁਣ ਸ਼ਕਤੀ ਦਾ ਸਾਗਰ ਹੈ; ਇਕ ਇਕ ਗੁਣ ਸੁਹੱਪਣ ਦਾ ਕੇਂਦਰ ਹੈ। ਗੁਣ ਸਾਰੇ ਪਰਮਾਤਮਾ ਦੇ ਨੇ, ਬੱਸ ਕੋਈ ਇਕ ਅੱਧ ਖ਼ਾਸ ਗੁਣ ਮਨੁੱਖ ਦੇ ਵਿਚ ਪ੍ਰਧਾਨ ਹੁੰਦਾ ਹੈ। ਜੈਸੇ ਚਾਨਣਾ ਤਾਂ ਬਹੁਤ ਸਾਰੀਆਂ ਕਿਰਨਾਂ ਦਾ ਹੋ ਰਿਹਾ ਹੈ, ਲੇਕਿਨ ਧਰਤੀ ਦੇ ਕਿਸੇ ਹਿੱਸੇ 'ਤੇ ਵਿਸ਼ੇਸ਼ ਰੂਪ ਵਿਚ ਪੈ ਰਿਹਾ ਹੈ। ਭਾਵੇਂ ਗੁਣਵਾਨ ਮਨੁੱਖ ਦੇ ਅੰਦਰ ਬਹੁਤ ਸਾਰੇ ਗੁਣਾਂ ਦਾ ਚਾਨਣਾ ਹੁੰਦਾ ਹੈ, ਪਰ ਇਕ ਗੁਣ ਉਸਦੇ ਅੰਦਰ ਪ੍ਰਧਾਨ ਹੁੰਦਾ ਹੈ ਔਰ ਉਹੀ ਗੁਣ ਉਸ ਮਨੁੱਖ ਦੀ ਰਹਿਬਰੀ ਕਰਦਾ ਹੈ, ਬਾਕੀ ਗੁਣ ਸਹਾਇਕ ਰੂਪ

ਵਿਚ ਚਲਦੇ ਨੇ। ਉਸ ਇਕ ਗੁਣ ਦੀ ਪ੍ਰਧਾਨਤਾ ਕਰਕੇ ਬੜੇ ਬੜੇ ਗੁਣਵਾਨ ਅਤੇ ਅਵਤਾਰੀ ਪੁਰਸ਼ਾਂ ਤਕ ਵੀ ਚਿੰਤਾ ਦੇਖੀ ਗਈ ਹੈ, ਵਖੇਵਾਂ ਦੇਖਿਆ ਗਿਆ ਹੈ। ਜਿਸ ਤਰ੍ਹਾਂ ਦੇ ਸ੍ਰੀ ਰਾਮ ਸਨ, ਸ੍ਰੀ ਕ੍ਰਿਸ਼ਨ ਜੀ ਵੈਸੇ ਨਹੀਂ ਸਨ। ਇਕ ਦੀ ਸਾਰੀ ਜ਼ਿੰਦਗੀ ਮਰਿਆਦਾ ਵਿਚ ਬੱਝੀ ਪਈ ਹੈ, ਔਰ ਕਿਸੇ ਕੀਮਤ 'ਤੇ ਵੀ ਮਰਿਆਦਾ ਦੀ ਉਲੰਘਣਾ ਨਹੀਂ ਕਰਦੇ, ਔਰ ਦੂਸਰੇ, ਦੁਆਪਰ ਯੁਗ ਦੇ ਸਿਰਮੌਰ ਅਵਤਾਰ ਸ੍ਰੀ ਕ੍ਰਿਸ਼ਨ ਜੀ ਦੀ ਜ਼ਿੰਦਗੀ ਵਿਚ ਮਰਿਆਦਾ ਨਾਮ ਦੀ ਕੋਈ ਚੀਜ਼ ਹੈ ਹੀ ਨਹੀਂ। ਉਥੇ ਤਾਂ ਲੀਲਾ ਹੈ, ਉਥੇ ਸੱਚਾਈ ਤੇ ਮਰਿਆਦਾ ਤਕ ਨੂੰ ਕੁਰਬਾਨ ਕਰ ਦਿੱਤਾ ਗਿਆ ਹੈ।

ਇਵੇਂ ਹੀ, ਜੈਸੇ ਕ੍ਰਿਸ਼ਨ ਜੀ ਨੇ, ਵੈਸੇ ਮਹਾਤਮਾ ਬੁੱਧ ਨਹੀਂ ਹਨ। ਜੈਸੇ ਮਹਾਤਮਾ ਬੁੱਧ ਨੇ, ਵੈਸੇ ਮਹਾਂਵੀਰ ਨਹੀਂ ਹਨ। ਔਰ ਜੈਸੇ ਮਹਾਂਵੀਰ ਤੇ ਬੁੱਧ ਨੇ, ਗੁਰੂ ਨਾਨਕ ਇਨ੍ਹਾਂ ਤੋਂ ਨਿਰਾਲੇ ਲਗਦੇ ਨੇ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉਨ੍ਹਾਂ ਤੋਂ ਵੀ ਨਿਰਾਲੇ ਲਗਦੇ ਨੇ। ਇਸੇ ਤਰ੍ਹਾਂ ਮੱਧ ਪੂਰਬ (Middle East) ਵਿਚ ਜੋ ਚਾਰ ਅਵਤਾਰੀ ਪੁਰਸ਼ ਹੋਏ ਨੇ—ਹਜ਼ਰਤ ਮੂਸਾ ਦੀ ਆਪਣੀ ਦੁਨੀਆ, ਉਹ ਈਸਾ ਵਰਗੇ ਨਹੀਂ; ਈਸਾ, ਜ਼ਰਦੁਸ਼ਤ ਨਾਲ ਮੇਲ ਨਹੀਂ ਖਾਂਦੇ, ਔਰ ਜ਼ਰਦੁਸ਼ਤ, ਮੁਹੰਮਦ ਸਾਹਿਬ ਨਾਲ ਮੇਲ ਨਹੀਂ ਖਾਂਦੇ। ਅੱਡ ਅੱਡ ਨੇ, ਵੱਖ ਵੱਖ ਨੇ। ਕਿਸੇ ਵਿਚ ਦਇਆ ਪ੍ਰਧਾਨ ਹੈ, ਕਿਸੇ ਵਿਚ ਪ੍ਰੇਮ ਪ੍ਰਧਾਨ ਹੈ, ਕਿਸੇ ਵਿਚ ਅਮਨ ਸਲਾਮਤੀ ਦਾ ਗੁਣ ਬਹੁਤ ਜ਼ਿਆਦਾ ਹੈ ਕਿ ਕਿਸੇ ਦਾ ਅਮਨ ਭੰਗ ਨਾ ਹੋਵੇ, ਕਿਸੇ ਦੀ ਸਲਾਮਤੀ ਖ਼ਤਰੇ ਵਿਚ ਨਾ ਪਵੇ। ਇਸਲਾਮ ਵਿਚ ਅਮਨ ਸਲਾਮਤੀ ਦਾ ਇਕ ਪ੍ਰਧਾਨ ਗੁਣ ਮੁਹੰਮਦ ਸਾਹਿਬ ਦੇ ਅੰਦਰ ਹੈ। ਇਸੇ ਤਰੀਕੇ ਨਾਲ ਜ਼ਰਦੁਸ਼ਤ ਹੈ। ਔਰ ਆਪਣੀ ਦੁਨੀਆ ਵੇਖਣ ਲਈ ਜਿਹੜਾ ਇਕ ਗੁਣ ਪ੍ਰਧਾਨ ਹੁੰਦਾ ਹੈ, ਉਸੇ ਤਰ੍ਹਾਂ ਅਵਤਾਰਾਂ ਦਾ ਸੁਭਾਉ ਬਣ ਜਾਂਦਾ ਹੈ; ਭਗਤ ਜਨਾਂ ਦਾ ਤੇ ਸੰਤ ਜਨਾਂ ਦਾ ਸੁਭਾਉ ਬਣ ਜਾਂਦਾ ਹੈ ਔਰ ਫਿਰ ਉਸੇ ਮੁਤਾਬਿਕ ਆਮ ਮਨੁੱਖਾਂ ਦਾ ਸੁਭਾਉ ਬਣ ਜਾਂਦਾ ਹੈ। ਉਹੀ ਇਕ ਗੁਣ ਉਨ੍ਹਾਂ ਦੀ ਰਹਿਬਰੀ ਕਰਦਾ ਹੈ। ਅਸੀਂ ਦੇਖਦੇ ਹਾਂ ਕਿ ਸਾਰੇ ਸੰਤ ਵੀ ਇਕ ਜੈਸੇ ਨਹੀਂ, ਸਾਰੇ ਭਗਤ ਵੀ ਇਕ ਜੈਸੇ ਨਹੀਂ। ਇਕ ਘਰ ਵਿਚ ਦਸ ਮੈਂਬਰ ਹੁੰਦੇ ਨੇ, ਦਸਾਂ ਦੇ ਸੁਭਾਉ ਵੱਖ ਵੱਖ ਹੁੰਦੇ ਨੇ, ਕਿਉਂਕਿ ਹਰ ਇਕ ਦੇ ਵਿਚ ਵੱਖ ਵੱਖ ਗੁਣ ਰਾਜ ਕਰਦੇ ਨੇ।

ਹੁਣ ਦੂਸਰਾ ਪਹਿਲੂ ਦੇਖੀਏ। ਹਰ ਮਨੁੱਖ ਦੇ ਅੰਦਰ ਕੋਈ ਨਾ ਕੋਈ ਅਉਗੁਣ ਵੀ ਪ੍ਰਧਾਨ ਹੁੰਦਾ ਹੈ ਔਰ ਉਹੀ ਪ੍ਰਧਾਨ ਅਉਗੁਣ ਉਸ ਦੀ ਜੀਵਨ-ਸ਼ੈਲੀ ਬਣਾਉਂਦਾ ਹੈ। ਅਉਗੁਣ ਤਾਂ ਬਹੁਤ ਸਾਰੇ ਹੋਣਗੇ, ਪਰ ਕੋਈ ਇਕ ਅੱਧ ਅਉਗੁਣ ਪ੍ਰਧਾਨ ਹੁੰਦਾ ਹੈ। ਮਨੁੱਖ ਨੂੰ ਆਪਣਾ ਦ੍ਰਿਸ਼ਟੀਕੋਣ—ਦੂਜਿਆਂ ਵਿਚ ਗੁਣ ਦੇਖਣਾ—ਐਸਾ ਬਣਾਉਣਾ ਚਾਹੀਦਾ ਹੈ। ਔਰ ਜੇ ਹਰ

ਇਕ ਵਿਚ ਗੁਣ ਵੇਖੀਏ ਤਾਂ ਗੁਣਾਂ ਤੋਂ ਰਹਿਤ ਕੋਈ ਮਨੁੱਖ ਨਹੀਂ ਹੈ। ਦੁਸ਼ਟ ਤੋਂ ਦੁਸ਼ਟ ਵਿਚ ਵੀ ਕੋਈ ਨਾ ਕੋਈ ਗੁਣ ਹੁੰਦਾ ਹੈ ਔਰ ਸੱਜਣ ਮਨੁੱਖ ਦੇ ਅੰਦਰ ਵੀ ਕੋਈ ਨਾ ਕੋਈ ਅਉਗੁਣ ਹੁੰਦਾ ਹੈ। ਐਸਾ ਪ੍ਰਕਿਰਤੀ ਦਾ ਨਿਯਮ ਹੈ। ਹਰ ਇਕ ਦੇ ਗੁਣ ਨੂੰ ਦੇਖਦੇ ਜਾਈਏ, ਇਕ ਦਿਨ ਭਗਵਾਨ ਨਾਲ ਸੰਬੰਧ ਜੁੜ ਜਾਂਦਾ ਹੈ। ਮਨੁੱਖ ਗੁਣਾਂ ਦਾ ਸਾਗਰ ਬਣ ਜਾਂਦਾ ਹੈ। ਔਰ ਅਗਰ ਹਰ ਇਕ ਵਿਚ ਅਉਗੁਣ ਹੀ ਦੇਖਦੇ ਜਾਈਏ, ਤਾਂ ਇਕ ਦਿਨ ਸ਼ੈਤਾਨ ਨਾਲ ਸੰਬੰਧ ਜੁੜ ਜਾਂਦਾ ਹੈ, ਔਰ ਮਨੁੱਖ ਸਵੈਮ ਹੀ ਔਗੁਣਾਂ ਦਾ ਸਾਗਰ ਬਣ ਜਾਂਦਾ ਹੈ। ਤਾਂ ਤੇ ਹਰ ਇਕ ਨੂੰ ਇਹੀ ਲਾਜ਼ਮੀ ਹੈ ਕਿ ਹਰੇਕ ਵਿਚ ਗੁਣਾਂ ਨੂੰ ਵੇਖੇ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਇਕ ਸੁੰਦਰ ਪਵਿੱਤਰ ਵਾਕ ਹੈ :

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥
ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥

(ਸੂਹੀ ਮ: ੧, ਪੰਨਾ 765-66)

ਵਾਸੁਲਾ, ਸੁਗੰਧੀ ਵਾਲਾ ਡੱਬਾ—ਕੁਛ ਸਮਾਂ ਪਹਿਲਾਂ, ਖ਼ਾਸ ਕਰਕੇ ਮੁਗ਼ਲ ਕਾਲ ਵਿਚ, ਅੱਤਾਰ ਲੋਕ ਡੱਬੇ ਵਿਚ ਬੰਦ ਕਰ ਕੇ, ਗਲੀ ਗਲੀ, ਬਾਜ਼ਾਰ ਬਾਜ਼ਾਰ ਤਰ੍ਹਾਂ ਤਰ੍ਹਾਂ ਦਾ ਅਤਰ ਵੇਚਦੇ ਸਨ। ਜਿਸ ਲੱਕੜ ਦੇ ਡੱਬੇ ਵਿਚ ਇਹ ਸ਼ੀਸ਼ੀਆਂ ਰੱਖਦੇ ਸਨ, ਉਸ ਡੱਬੇ ਵਿੱਚੋਂ ਖ਼ੁਸ਼ਬੂ ਦੀਆਂ ਲਪਟਾਂ ਨਿਕਲਦੀਆਂ ਸਨ। ਉਹ ਛੋਟਾ ਬਕਸਾ ਮਾਨੋ ਸੁਗੰਧੀ ਦਾ ਸਾਗਰ ਬਣਿਆ ਹੁੰਦਾ ਸੀ। ਉਹ ਅੱਤਾਰ ਜਿਸ ਗਲੀ ਵਿੱਚੋਂ ਲੰਘਦਾ, ਯਾ ਜਿਸ ਬਾਜ਼ਾਰ ਵਿਚ ਬੈਠਾ ਹੁੰਦਾ, ਸੁਗੰਧੀਆਂ ਚਾਰੋਂ ਪਾਸੇ ਖਿੱਲਰਦੀਆਂ, ਔਰ ਹਰ ਲੰਘਣ ਵਾਲਾ ਰਾਹੀ ਮੁਅੱਤਰ ਹੋ ਜਾਂਦਾ, ਸੁਗੰਧੀ ਨਾਲ ਪ੍ਰਫੁੱਲਤ ਹੋ ਜਾਂਦਾ। ਮਹਾਰਾਜ ਕਹਿੰਦੇ ਨੇ, "ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥" ਹਰ ਮਨੁੱਖ ਕੁਛ ਨਾ ਕੁਛ ਗੁਣ ਰੱਖਦਾ ਹੈ; ਉਸਦੇ ਅੰਦਰ ਕੁਛ ਨਾ ਕੁਛ ਅਤਰ ਦੀਆਂ ਸ਼ੀਸ਼ੀਆਂ ਪਈਆਂ ਹੁੰਦੀਆਂ ਨੇ। ਮਹਾਰਾਜ ਕਹਿੰਦੇ ਨੇ, ਉਹ ਗੁਣ ਕੱਢ ਲੈਣਾ ਚਾਹੀਦਾ ਹੈ, ਲੈ ਲੈਣਾ ਚਾਹੀਦਾ ਹੈ, ਉਸ ਗੁਣ ਨਾਲ ਸਾਂਝ ਬਣਾ ਲੈਣੀ ਚਾਹੀਦੀ ਹੈ—"ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥" ਔਰ ਇਹ ਵੀ ਠੀਕ ਹੈ ਕਿ ਉਹ ਜੋ ਗੁਣਾਂ ਦਾ ਵਾਸੁਲਾ ਮਨੁੱਖ ਹੈ, ਉਸ ਦੇ ਵਿਚ ਅਉਗੁਣ ਵੀ ਜ਼ਰੂਰ ਹੋਣਗੇ, ਔਰ ਇਸ ਕਰਕੇ ਉਸ ਨਾਲ ਸੰਬੰਧ ਨਾ ਜੋੜੀਏ, ਉਸ ਨੂੰ ਵੇਖੀਏ ਵੀ ਨਾ, ਆਪਣਾ ਦ੍ਰਿਸ਼ਟੀਕੋਣ ਹੀ ਐਸਾ ਬਣਾ ਲਈਏ, ਇਹ ਕਤਈ ਠੀਕ ਨਹੀਂ; ਕੋਈ

ਨਾ ਕੋਈ ਮਹਿਕ ਲੈ ਲੈਣੀ ਚਾਹੀਦੀ ਹੈ; ਹਰ ਮਨੁੱਖ ਵਿੱਚੋਂ ਗੁਣ ਗ੍ਰਹਿਣ ਕਰ ਲੈਣੇ ਚਾਹੀਦੇ ਨੇ। ਹਰੇਕ ਵਿਚ ਅਉਗੁਣਾਂ ਨੂੰ ਵੇਖਣਾ ਸਭ ਤੋਂ ਵੱਡਾ ਅਉਗੁਣ ਹੈ ਔਰ ਆਪਣੀ ਜ਼ਿੰਦਗੀ ਨੂੰ ਤਾਰੀਕੀ ਵਿਚ ਗਿਰਾਣਾ ਹੈ।

ਆਮ ਮਨੁੱਖਾਂ ਦਾ ਦ੍ਰਿਸ਼ਟੀਕੋਣ ਇਹ ਹੁੰਦਾ ਹੈ ਕਿ ਕਿਸੇ ਦੂਜੇ ਵਿਚ ਅਉਗੁਣ ਵੇਖਣਗੇ, ਆਪਣੇ ਵਿਚ ਗੁਣ ਵੇਖਦੇ ਨੇ। ਦੂਜੇ ਨੂੰ ਬੜੀ ਗਹਿਰਾਈ ਨਾਲ ਵੇਖਣਗੇ; ਖਲੜੀ ਉਧੇੜ ਕੇ ਰੱਖ ਦੇਣਗੇ, ਔਰ ਖਲੜੀ ਦੇ ਥੱਲੇ ਮਿੱਝ, ਮਾਸ ਤੇ ਦੁਰਗੰਧ ਹੈ। ਲੇਕਿਨ ਆਪਣੀ ਸਿਰਫ਼ ਖਲੜੀ ਹੀ ਦੇਖਣਗੇ, ਇਹ ਆਮ ਮਨੁੱਖਾਂ ਦਾ ਦ੍ਰਿਸ਼ਟੀਕੋਣ ਹੁੰਦਾ ਹੈ। ਪਰ ਸੰਤ ਜਨਾਂ ਦਾ ਨਜ਼ਰੀਆ ਕੁਛ ਹੋਰ ਹੁੰਦਾ ਹੈ। ਉਹ ਦੂਜਿਆਂ ਨੂੰ ਉਪਰੋਂ ਉਪਰੋਂ ਦੇਖਦੇ ਨੇ। ਹਰ ਮਨੁੱਖ ਨੇ ਗੁਣਾਂ ਨੂੰ ਉਪਰ ਉਪਰ ਰੱਖਿਆ ਹੋਇਆ ਹੁੰਦਾ ਹੈ; ਸ਼ਰਾਫ਼ਤ ਹੈ, ਦਾਨੀ ਹੈ, ਗਿਆਨੀ ਹੈ, ਸਿਆਣਾ ਹੈ। ਇਸ ਵਾਸਤੇ ਸੰਤ ਜਨ ਦੂਜਿਆਂ ਨੂੰ ਉਪਰੋਂ ਉਪਰੋਂ ਵੇਖਦੇ ਨੇ, ਉਨ੍ਹਾਂ ਨੂੰ ਹਰ ਮਨੁੱਖ ਵਿਚ ਗੁਣ ਹੀ ਦਿਖਾਈ ਦਿੰਦੇ ਨੇ। ਪਰ ਆਪਣੇ ਆਪ ਨੂੰ ਸੰਤ ਬਹੁਤ ਗਹਿਰਾ ਦੇਖਦਾ ਹੈ, ਆਪਣੇ ਆਪ ਵਿਚ ਸੰਤ ਨੂੰ ਬਹੁਤ ਅਉਗੁਣ ਦਿਖਾਈ ਦਿੰਦੇ ਹਨ। ਔਰ ਕਈ ਦਫ਼ਾ ਆਪਣੇ ਆਪ ਵਿਚ ਦੇਖਣ ਚਲੇ ਜਾਂਦੇ ਹਨ ਤੇ ਪਿਛਲੇ ਜਨਮਾਂ ਦੇ ਅਉਗੁਣਾਂ ਨੂੰ ਦੇਖਣ ਵਿਚ ਸਫਲ ਹੋ ਜਾਂਦੇ ਹਨ। ਆਪਣੇ ਅਉਗੁਣਾਂ ਨੂੰ ਦੇਖਣਾ ਇਕ ਗੁਣ ਹੈ, ਔਰ ਦੂਜਿਆਂ ਦੇ ਅਉਗਣਾਂ ਨੂੰ ਦੇਖਣਾ ਇਕ ਬਹੁਤ ਵੱਡਾ ਅਉਗੁਣ ਹੈ। ਆਪਣੇ ਵਿਚ ਗੁਣ ਵੇਖਣੇ ਉਸ ਮਨੁੱਖ ਦਾ ਕੰਮ ਹੈ, ਜਿਸ ਕੋਲ ਅੰਤਰ-ਦ੍ਰਿਸ਼ਟੀ ਨਹੀਂ ਹੈ, ਜੋ ਅੰਤਰਮੁਖੀ ਨਹੀਂ ਹੈ। ਉਪਰ ਉਪਰ ਹੀ ਆਪਣੇ ਆਪ ਨੂੰ ਵੇਖ ਰਿਹਾ ਹੈ। ਇਸ ਵਾਸਤੇ ਐਸੇ ਮਨੁੱਖ ਨੂੰ ਆਪਣੇ ਵਿਚ ਗੁਣ ਦਿਖਾਈ ਦਿੰਦੇ ਹਨ, ਲੇਕਿਨ ਆਪਣੇ ਵਿਚ ਗੁਣ ਦੇਖਣੇ ਇਕ ਬਹੁਤ ਵੱਡਾ ਅਉਗੁਣ ਹੈ, ਅਤੇ ਦੂਸਰਿਆਂ ਵਿਚ ਗੁਣਾਂ ਨੂੰ ਦੇਖਣਾ ਬਹੁਤ ਵੱਡਾ ਗੁਣ ਹੈ। ਭਗਤ ਕਬੀਰ ਜੀ ਦਾ ਇਕ ਬਹੁਤ ਸੁੰਦਰ ਵਾਕ ਹੈ :

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥

(ਸਲੋਕ ਕਬੀਰ, ਪੰਨਾ 1364)

ਪਰਮ ਸੰਤ, ਸ਼ਿਰੋਮਣੀ ਭਗਤ ਕਬੀਰ ਜੀ ਦਾ ਇਹ ਬੋਲ ਹੈਰਾਨਕੁੰਨ ਹੈ। ਕਿਆ ਵਾਕਈ ਕਬੀਰ ਜੀ ਸਭ ਤੋਂ ਬੁਰੇ ਨੇ ? ਅਗਰ ਕਹੀਏ ਕਿ ਕਬੀਰ ਜੀ ਐਵੇਂ ਹੀ ਕਹਿ ਰਹੇ ਨੇ, ਫਿਰ ਤਾਂ ਗ਼ਲਤ-ਬਿਆਨੀ ਹੋ ਗਈ। ਇਕ ਕਬੀਰ ਜੈਸਾ ਸੰਤ ਗ਼ਲਤ-ਬਿਆਨੀ ਨਹੀਂ ਕਰ ਸਕਦਾ। ਇਸ ਤਰ੍ਹਾਂ ਦੀ ਅੱਤ ਕਥਨੀ ਨਹੀਂ ਕਰ ਸਕਦਾ। ਇਸ ਤਰ੍ਹਾਂ ਦੇ ਬਚਨ ਜੋ ਸੰਤ ਜਨ ਬੋਲਦੇ ਨੇ, ਸਤਿ ਬਚਨ

ਬੋਲਦੇ ਨੇ, ਤੋ ਕਿਆ ਇਹ ਸਤਿ ਮੰਨ ਲਈਏ ਕਿ ਕਬੀਰ ਸਭ ਤੋਂ ਬੁਰਾ ਹੈ ? ਅਗਰ ਕਬੀਰ ਸਭ ਤੋਂ ਬੁਰਾ ਹੈ, ਤਾਂ ਫਿਰ ਦੁਨੀਆ ਵਿਚ ਕੋਈ ਵੀ ਚੰਗਾ ਨਹੀਂ ਹੈ। ਇਸ ਤੋਂ ਪਤਾ ਚਲਦਾ ਹੈ ਕਿ ਕਬੀਰ ਜੀ ਆਪਣੇ ਆਪ ਨੂੰ ਬਹੁਤ ਗਹਿਰਾਈ ਨਾਲ ਦੇਖਦੇ ਨੇ। ਆਪਣੀ ਖਲੜੀ ਦੇਖਦੇ ਨੇ, ਹੱਡੀਆਂ ਦੇਖਦੇ ਨੇ, ਮਿੱਝ, ਮਾਸ, ਦੁਰਗੰਧ ਦੇਖਦੇ ਨੇ। ਪਿਛਲੇ ਜਨਮ ਤਕ ਦੇ ਅਉਗੁਣਾਂ ਨੂੰ ਦੇਖਦੇ ਨੇ। ਸੰਸਕਾਰਾਂ ਵਿਚ ਪਏ ਅਉਗੁਣ ਦਿਖਾਈ ਦਿੰਦੇ ਨੇ। ਇਹ ਜਨਮ ਦਾ ਹੋਣਾ ਕਿਸੇ ਨਾ ਕਿਸੇ ਕਮੀ ਕਰਕੇ ਹੁੰਦਾ ਹੈ। ਸੌ ਡਿਗਰੀ ਤਕ ਪਾਣੀ ਗਰਮ ਹੋਵੇ ਤਾਂ ਭਾਫ਼ ਬਣ ਜਾਂਦਾ ਹੈ। 90-95 ਤਕ ਰਹਿ ਜਾਵੇ ਤਾਂ ਭਾਫ਼ ਨਹੀਂ ਬਣਦਾ। ਇਸੇ ਕਰਕੇ ਤਪੱਸਿਆ, ਜਪ ਤਪ ਅਗਰ 80-90 ਡਿਗਰੀ ਤਕ ਹੈ, ਮਨੁੱਖ ਮੁਕਤ ਨਹੀਂ ਹੁੰਦਾ। ਮੁਕਤੀ ਤਾਂ ਉਦੋਂ ਮਿਲਦੀ ਹੈ, ਜਦੋਂ ਤਪੱਸਿਆ, ਜਪ ਪੂਰਨ ਹੋ ਜਾਵੇ; ਜਦ ਪੂਰਨ ਦਾ ਰੂਪ ਹੋ ਜਾਵੇ; ਬੂੰਦ ਸਾਗਰ ਵਿਚ ਲੀਨ ਹੋ ਜਾਵੇ। ਥੋੜ੍ਹੀ ਜਿਹੀ ਕਮੀ ਵੀ ਅਗਲਾ ਜਨਮ ਕਰਾ ਦਿੰਦੀ ਹੈ। ਇਸ ਤਰ੍ਹਾਂ ਦੇ ਪੁਰਸ਼ਾਂ ਨੂੰ ਉਹ ਕਮੀ ਉਸੇ ਜਨਮ ਵਿਚ ਹੀ ਦਿਖਾਈ ਦੇ ਜਾਂਦੀ ਹੈ। ਕਬੀਰ ਜੀ ਕਹਿੰਦੇ ਨੇ :

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥

ਕਬੀਰ ਜੀ ਕਹਿੰਦੇ ਨੇ ਕਿ ਮੈਂ ਸਭ ਤੋਂ ਬੁਰਾ ਹਾਂ, ਮੈਨੂੰ ਛੱਡ ਕੇ ਸਾਰੇ ਹੀ ਭਲੇ ਨੇ। ਦਰਅਸਲ ਸਾਰਿਆਂ ਨੂੰ ਉਪਰੋਂ ਉਪਰੋਂ ਵੇਖਿਆ ਜਾ ਰਿਹਾ ਹੈ ਔਰ ਹਰ ਮਨੁੱਖ ਨੇ ਉਪਰ ਉਪਰ ਨੇਕੀਆਂ ਰੱਖੀਆਂ ਹੋਈਆਂ ਨੇ। ਉਪਰੋਂ ਉਪਰੋਂ ਹਰ ਮਨੁੱਖ ਭਲਾ ਮਾਣਸ, ਹਰ ਮਨੁੱਖ ਸ਼ਰੀਫ਼ ਦਿਖਾਈ ਦਿੰਦਾ ਹੈ। ਜਿਸ ਵਸਤੂ ਨੂੰ ਢੱਕਿਆ ਜਾਂਦਾ ਹੈ, ਉਹ ਕੋਈ ਠੀਕ ਨਹੀਂ ਹੁੰਦੀ। ਜੈਸੇ ਗੰਦਗੀ ਨੂੰ ਢੱਕਣਾ ਪੈਂਦਾ ਹੈ, ਫੁੱਲਾਂ ਨੂੰ ਢੱਕਣ ਦੀ ਲੋੜ ਨਹੀਂ, ਫੁੱਲ ਤਾਂ ਨੰਗੇ ਹੀ ਚੰਗੇ ਨੇ; ਅਉਗੁਣਾਂ ਨੂੰ ਢੱਕਣਾ ਪੈਂਦਾ ਹੈ, ਅਉਗੁਣਾਂ ਨੂੰ ਢੱਕਣ ਲਈ ਬੜੇ ਪੜਦੇ ਪਾਉਣੇ ਪੈਂਦੇ ਨੇ, ਤਾਂਕਿ ਕਿਸੇ ਨੂੰ ਪਤਾ ਨਾ ਚੱਲੇ। ਸੂਫ਼ੀ ਸੰਤ ਸਰਮਦ ਨੇ ਵਿਅੰਗ ਕੀਤਾ ਹੈ, ਵਕਤ ਦੇ ਸ਼ਹਿਨਸ਼ਾਹ ਔਰੰਗਜ਼ੇਬ 'ਤੇ :

ਆਂ ਕਸ ਕਿ ਤੁਰਾ ਤਾਜਿ ਜਹਾਂਰਾਨੀ ਦਾਦ।
ਮਿਰਾ ਹਮ੍ਹਾ ਅਸਬਾਬਿ ਪਰੇਸ਼ਾਨੀ ਦਾਦ।
ਪੁਸ਼ਾਨਦ ਲਿਬਾਸ ਹਰ ਕਿ ਰਾ ਐਬ ਦੀਦ।
ਬੇ ਐਬਾਂ ਰਾ ਲਿਬਾਸਿ ਉਰਿਆਨੀ ਦਾਦ।

ਭਾਵ ਕਿ ਜਿਸ ਨੇ ਤੈਨੂੰ ਹਕੂਮਤ ਦਾ ਤਾਜ ਦਿੱਤਾ ਹੈ, ਉਸ ਨੇ ਮੈਨੂੰ ਪਰੇਸ਼ਾਨੀ ਦੇ ਸਭ ਸਾਮਾਨ ਦਿੱਤੇ ਹਨ। ਉਹ ਜਿਸ 'ਚ ਐਬ ਵੇਖਦਾ ਹੈ, ਉਸ ਨੂੰ ਕਪੜੇ ਪਹਿਨਾਉਂਦਾ ਹੈ ਅਤੇ ਬੇ-ਐਬਾਂ ਨੂੰ ਨਗਨਤਾ ਦਾ ਲਿਬਾਸ ਦੇਂਦਾ ਹੈ।

ਸੋ ਐਬੀ ਮਨੁੱਖ, ਅਉਗੁਣਹਾਰੇ ਮਨੁੱਖ ਕਪੜਾ ਪਹਿਨਦੇ ਨੇ। ਬੇ-ਐਬ ਮਨੁੱਖ, ਉਨ੍ਹਾਂ ਦਾ ਲਿਬਾਸ ਨਗਨਤਾ ਹੈ, ਉਨ੍ਹਾਂ ਨੂੰ ਕਪੜੇ ਪਹਿਨਣ ਦੀ ਲੋੜ ਨਹੀਂ। ਕਿਉਂਕਿ ਔਰੰਗਜ਼ੇਬ ਨੇ ਇਸ ਫ਼ਕੀਰ ਨੂੰ ਤਾੜਨਾ ਕੀਤੀ ਸੀ ਕਿ ਤੂੰ ਕਪੜੇ ਕਿਉਂ ਨਹੀਂ ਪਹਿਨਦਾ। ਫ਼ਕੀਰ ਕਹਿਣ ਲੱਗਾ ਕਿ ਐ ਬਾਦਸ਼ਾਹ! ਮੈਂ ਕਿਸ ਨੂੰ ਢੱਕਾਂ, ਤੈਨੂੰ ਮੇਰੇ ਵਿਚ ਕੋਈ ਗੰਦਗੀ ਦਿਖਾਈ ਦੇਂਦੀ ਹੈ ? ਕੋਈ ਈਰਸ਼ਾ, ਕੋਈ ਕ੍ਰੋਧ, ਕੋਈ ਹੰਕਾਰ, ਕੋਈ ਦੁਸ਼ਮਣੀ ਦੇ ਜਜ਼ਬੇ, ਕੋਈ ਵਿਕਾਰਾਂ ਦੀ ਗੰਦਗੀ ? ਮੈਂ ਕਿਉਂ ਪਹਿਨਾਂ ਕਪੜੇ, ਫੁੱਲਾਂ ਨੂੰ ਢੱਕਣ ਦੀ ਲੋੜ ਨਹੀਂ। ਤੈਨੂੰ ਹੀ ਬੇਸ਼ਤਰ ਰੇਸ਼ਮੀ ਕਪੜੇ ਤੇ ਦੁਸ਼ਾਲਿਆਂ ਦੀ ਲੋੜ ਹੈ। ਇਸ ਫ਼ਕੀਰ ਨੇ ਔਰੰਗਜ਼ੇਬ 'ਤੇ ਬੜਾ ਭਾਰੀ ਵਿਅੰਗ ਕੀਤਾ ਕਿ ਐ ਬਾਦਸ਼ਾਹ! ਤੂੰ ਕਪੜਿਆਂ ਵਿਚ ਵੀ ਨੰਗਾ ਹੈਂ, ਔਰ ਮੈਂ ਨੰਗਾ ਵੀ ਢੱਕਿਆ ਹੋਇਆ ਹਾਂ। ਇਹ ਕੀਮਤੀ ਕਪੜੇ ਵੀ ਤੇਰੇ ਗੁਨਾਹਾਂ ਨੂੰ ਛੁਪਾ ਨਹੀਂ ਸਕੇ। ਇਨ੍ਹਾਂ ਕਪੜਿਆਂ ਵਿਚ ਵੀ ਦਿਖਾਈ ਦੇ ਰਿਹਾ ਹੈਂ—ਬੁੱਢੇ ਪਿਉ ਨੂੰ ਤੂੰ ਜੇਲ੍ਹ ਵਿਚ ਤੜਪਾ ਕੇ ਮਾਰਿਆ, ਤੂੰ ਆਪਣੇ ਤਿੰਨ ਭਰਾਵਾਂ ਦੀਆਂ ਲਾਸ਼ਾਂ 'ਤੇ ਆਪਣਾ ਸਿੰਘਾਸਨ ਬਣਾਇਆ। ਅਨੰਤ ਮਨੁੱਖਾਂ ਦੀਆਂ ਗਰਦਨਾਂ ਕੱਟ ਕੇ ਆਪਣਾ ਐਸ਼ਵਰਯ ਬਣਾਉਂਦਾ ਰਿਹਾ ਹੈਂ।

ਦੁਆਪਰ ਯੁਗ ਦੀ ਇਕ ਕਥਾ ਹੈ—ਦੁਰਯੋਧਨ ਹੱਥ ਜੋੜ ਕੇ, ਸ੍ਰੀ ਕ੍ਰਿਸ਼ਨ ਅੱਗੇ ਸੀਸ ਨਿਵਾ ਕੇ ਪ੍ਰਾਰਥਨਾ ਕਰਦਾ ਹੈ ਕਿ ਐ ਭਗਵਾਨ! ਜਿਤਨੇ ਸਖਾ ਤੁਸੀਂ ਪਾਂਡਵਾਂ ਦੇ ਹੋ, ਉਤਨੇ ਹੀ ਸਖਾ ਤੁਸੀਂ ਸਾਡੇ ਵੀ ਹੋ, ਤੁਸੀਂ ਠੀਕ ਤਰ੍ਹਾਂ ਸਾਡਾ ਫ਼ੈਸਲਾ ਕਰੋ। ਲੰਬੀ ਸੋਚਣੀ ਮਗਰੋਂ ਸ੍ਰੀ ਕ੍ਰਿਸ਼ਨ ਕਹਿੰਦੇ ਨੇ—ਐ ਦੁਰਯੋਧਨ! ਤੂੰ ਹੁਣੇ ਹੀ ਹਸਤਨਾਪੁਰ ਸ਼ਹਿਰ ਵਿਚ ਜਾਹ ਤੇ ਤਲਾਸ਼ ਕਰ ਕਿਸੇ ਨੇਕ, ਮਹਾਨ, ਗੁਣਵਾਨ ਮਨੁੱਖ ਦੀ, ਤੇ ਉਸ ਨੂੰ ਮੇਰੇ ਕੋਲ ਲਿਆ, ਇਸ ਤੋਂ ਬਾਦ ਤੇਰਾ ਫ਼ੈਸਲਾ ਕਰ ਸਕਾਂਗੇ। ਕੋਲ ਬੈਠੇ ਯੁਧਿਸ਼ਟਰ ਨੂੰ ਵੀ ਕਹਿ ਦਿੱਤਾ ਕਿ ਤੂੰ ਵੀ ਕੋਈ ਐਸਾ ਮਨੁੱਖ ਤਲਾਸ਼ ਕਰ ਕੇ ਲਿਆ, ਜੋ ਅਉਗੁਣ ਹੀ ਅਉਗੁਣ ਰੱਖਦਾ ਹੋਵੇ। ਮੈਂ ਇਸ ਤੋਂ ਬਾਦ ਕੋਈ ਫ਼ੈਸਲਾ ਕਰ ਸਕਾਂਗਾ। ਦੋਵੇਂ ਚਲੇ ਗਏ, ਇਕ ਦਿਸ਼ਾ ਵਿਚ ਦੁਰਯੋਧਨ, ਦੂਸਰੀ ਦਿਸ਼ਾ ਵਿਚ ਯੁਧਿਸ਼ਟਰ। ਕਰਦੇ ਰਹੇ ਟੋਲਾਂ। ਸੂਰਜ ਢਲਣ ਨੂੰ ਸੀ। ਦੁਰਯੋਧਨ ਸ੍ਰੀ ਕ੍ਰਿਸ਼ਨ ਦੇ ਦਰਬਾਰ ਵਿਚ ਆਇਆ। ਸ੍ਰੀ ਕ੍ਰਿਸ਼ਨ ਜੀ ਇਕਦਮ ਪੁੱਛਦੇ ਨੇ ਕਿ ਤੂੰ ਤਾਂ ਇਕੱਲਾ ਆਇਆ ਹੈਂ। ਤੈਨੂੰ ਕਿਹਾ ਸੀ ਕਿ ਕੋਈ ਗੁਣਵਾਨ, ਨੇਕ ਪੁਰਖ ਲੈ ਕੇ ਆਵੀਂ। ਦੁਰਯੋਧਨ ਕਹਿੰਦੈ ਕਿ ਐ ਭਗਵਾਨ! ਕੋਈ ਗੁਣਵਾਨ ਹੋਵੇ ਤਾਂ ਮੈਂ ਲਿਆਉਂਦਾ। ਸਾਰਿਆਂ ਵਿਚ ਹੀ ਕੋਈ ਨਾ ਕੋਈ ਅਉਗੁਣ ਸੀ, ਔਰ ਆਪ ਨੇ ਕਿਹਾ ਸੀ ਕਿ ਕੋਈ ਗੁਣਵਾਨ ਮਨੁੱਖ ਲੱਭ ਕੇ ਲਿਆ। ਇਸ ਵਾਸਤੇ ਮੈਨੂੰ ਮਜਬੂਰਨ ਖ਼ਾਲੀ ਆਉਣਾ ਪਿਐ।

ਸੂਰਜ ਢਲ ਗਿਆ, ਹਨੇਰਾ ਛਾਣ ਲੱਗਿਆ, ਥੱਕਿਆ ਟੁਟਿਆ ਯੁਧਿਸ਼ਟਰ ਵੀ ਆ ਗਿਆ। ਦੇਖ ਕੇ ਸ੍ਰੀ ਕ੍ਰਿਸ਼ਨ ਜੀ ਕਹਿਣ ਲੱਗੇ ਕਿ ਤੂੰ ਵੀ ਖ਼ਾਲੀ ਆਇਆ ਹੈਂ, ਤੈਨੂੰ ਕਿਹਾ ਸੀ ਕਿ ਕੋਈ ਅਉਗੁਣਾਂ ਨਾਲ ਭਰਿਆ ਹੋਇਆ ਮਨੁੱਖ ਲੱਭ ਕੇ ਲਿਆ। ਹੱਥ ਜੋੜ ਕੇ ਯੁਧਿਸ਼ਟਰ ਕਹਿਣ ਲੱਗਾ ਕਿ ਐ ਭਗਵਾਨ! ਤੁਹਾਡੇ ਸਾਹਮਣੇ ਖੜਾ ਹੈ। ਤੇ ਦੁਰਯੋਧਨ ਨੂੰ ਸਾਰੇ ਸ਼ਹਿਰ ਵਿਚ ਕੋਈ ਗੁਣਵਾਨ ਨਾ ਮਿਲਿਆ ਤੇ ਯੁਧਿਸ਼ਟਰ ਨੂੰ ਸਾਰੇ ਸ਼ਹਿਰ ਵਿਚ ਕੋਈ ਅਉਗੁਣਹਾਰਾ ਨਾ ਮਿਲਿਆ। ਇਹ ਦੋਨਾਂ ਦਾ ਵੇਖਣ ਦਾ ਅਲੱਗ ਅਲੱਗ ਦ੍ਰਿਸ਼ਟੀਕੋਣ ਹੈ। ਹਰੇਕ ਵਿਚ ਅਉਗੁਣ ਵੇਖਣੇ ਮਨੁੱਖ ਦਾ ਵੱਡਾ ਅਉਗੁਣ ਹੈ ਔਰ ਅਉਗੁਣਾਂ ਨੂੰ ਵੇਖਦਿਆਂ ਵੇਖਦਿਆਂ ਮਨੁੱਖ ਸਵੈਮ ਨਿੰਦਕ ਬਣ ਜਾਂਦਾ ਹੈ; ਹੰਕਾਰੀ ਹੋ ਜਾਏਗਾ, ਵਿਕਾਰੀ ਹੋ ਜਾਏਗਾ, ਦੁਸ਼ਟ ਹੋ ਜਾਏਗਾ। ਲੇਕਿਨ ਹਰੇਕ ਵਿਚ ਗੁਣਾਂ ਨੂੰ ਵੇਖਣਾ ਬਹੁਤ ਵੱਡਾ ਗੁਣ ਹੈ। ਇਸ ਨਾਲ ਗੁਣਾਂ ਦਾ ਪ੍ਰਭਾਵ ਪਏਗਾ, ਇਸ ਨਾਲ ਮਨੁੱਖ ਗੁਣਵਾਨ ਹੁੰਦਾ ਜਾਂਦਾ ਹੈ, ਔਰ ਇਕ ਦਿਨ ਪ੍ਰਭੂ ਦਾ ਮਿਲਨ ਨਸੀਬ ਹੋ ਜਾਂਦਾ ਹੈ। ਉਸਦਾ ਹਿਰਦਾ ਪ੍ਰਕਾਸ਼ਮਾਨ ਹੋ ਜਾਂਦਾ ਹੈ, ਗੁਣਾਂ ਦੀ ਰੌਸ਼ਨੀ ਵਿਚ ਉਹ ਉਸਨੂੰ ਵੇਖ ਲੈਂਦਾ ਹੈ, ਜੋ ਗੁਣਾਂ ਦਾ ਸਾਗਰ ਹੈ, ਜਿਸ ਤੋਂ ਗੁਣ ਆਉਂਦੇ ਹਨ। ਸੂਰਜ ਦੀ ਰੌਸ਼ਨੀ ਵਿਚ ਹੀ ਅਸੀਂ ਸੂਰਜ ਨੂੰ ਵੇਖ ਸਕਦੇ ਹਾਂ। ਪਰਮਾਤਮਾ ਦੇ ਗੁਣਾਂ ਦੇ ਚਾਨਣ ਵਿਚ ਹੀ ਅਸੀਂ ਪਰਮਾਤਮਾ ਦੀ ਝਲਕ ਪ੍ਰਾਪਤ ਕਰ ਸਕਦੇ ਹਾਂ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਫ਼ੁਰਮਾਨ ਕਰਦੇ ਨੇ:

ਹਮ ਨਹੀ ਚੰਗੇ ਬੁਰਾ ਨਹੀ ਕੋਇ॥
ਪ੍ਰਣਵਤਿ ਨਾਨਕੁ ਤਾਰੇ ਸੋਇ॥ *(ਸੂਹੀ ਮ: ੧, ਪੰਨਾ 728)*

ਹੇ ਪ੍ਰਭੂ! ਸਾਡਾ ਕੋਈ ਐਸਾ ਦਾਅਵਾ ਨਹੀਂ ਹੈ ਕਿ ਅਸੀਂ ਨੇਕ ਹਾਂ, ਚੰਗੇ ਹਾਂ; ਸਾਡਾ ਕੋਈ ਐਸਾ ਅਖਾਣ ਵੀ ਨਹੀਂ ਕਿ ਕੋਈ ਬੁਰਾ ਹੈ। ਸੰਤ ਦੀ ਜੀਵਨ-ਸ਼ੈਲੀ ਐਸੀ ਹੁੰਦੀ ਹੈ, ਜਿਸ ਢੰਗ ਨਾਲ ਅਵਤਾਰੀ ਪੁਰਸ਼ ਜਿਊਂਦੇ ਨੇ। ਗੁਣ ਪਰਮਾਤਮਾ ਦੀ ਬਖ਼ਸ਼ਿਸ਼ ਹੈ। ਅਉਗੁਣ ਮਨੁੱਖ ਦੀ ਕਮਜ਼ੋਰੀ ਹੈ। ਚਲਦਾ ਹੋਇਆ ਮਨੁੱਖ ਜੇ ਕਿਧਰੇ ਡਿਗ ਪਵੇ ਯਾ ਗਿਰ ਜਾਵੇ ਤਾਂ ਤਰਸ ਖਾ ਕੇ ਉਸ ਨੂੰ ਉਠਾਇਆ ਜਾਂਦਾ ਹੈ। ਅਉਗੁਣ ਮਾਨਸਿਕ ਗਿਰਾਵਟ ਹੈ ਔਰ ਅਉਗੁਣਹਾਰੇ 'ਤੇ ਤਰਸ ਖਾਣਾ ਚਾਹੀਦਾ ਹੈ ਔਰ ਵਾਕਈ ਭਗਤ ਜਨ, ਸੰਤ ਜਨ ਤਰਸ ਕਰਦੇ ਨੇ। ਆਖ਼ਰੀ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਦਾ ਇਕ ਬੜਾ ਕੀਮਤੀ ਸ਼ੇਅਰ ਹੈ:

ਜਬ ਨਾ ਥੀ ਅਪਨੇ ਗੁਨਾਹੋਂ ਕੀ ਖ਼ਬਰ
ਦੇਖਤੇ ਥੇ ਦੁਨੀਆਂ ਕੇ ਐਬੋ ਹੁਨਰ

ਜਬ ਅਪਨੇ ਗੁਨਾਹੋਂ ਪੇ ਪੜੀ ਨਿਗਾਹ
ਤੋ ਜਹਾਨ ਮੇਂ ਕੋਈ ਬੁਰਾ ਨਾ ਰਹਾ।

ਇਹ ਮੁਗ਼ਲ ਸਮਰਾਟ ਕਹਿ ਰਿਹਾ ਹੈ ਕਿ ਜਿਤਨਾ ਚਿਰ ਮੈਂ ਆਪਣੇ ਆਪ ਨੂੰ ਗਹਿਰਾਈ ਤਕ ਨਹੀਂ ਦੇਖਿਆ, ਬਸ ਮੈਂ ਦੂਜਿਆਂ ਦੇ ਅਉਗੁਣ ਦੇਖਦਾ ਰਿਹਾ। ਔਰ ਜਿਸ ਦਿਨ ਆਪਣੇ ਆਪ ਨੂੰ ਗਹਿਰਾ ਦੇਖਿਆ ਤਾਂ ਆਪਣੇ ਆਪ ਵਿਚ ਹੀ ਖਾਮੀਆਂ ਦਿਖਾਈ ਦਿੱਤੀਆਂ, ਸੰਸਾਰ ਵਿਚ ਕੋਈ ਵੀ ਬੁਰਾ ਨਹੀਂ ਦਿਖਾਈ ਦਿੱਤਾ। ਹਰ ਪਾਸੇ ਗੁਣਵਾਨ ਹੀ ਗੁਣਵਾਨ ਦਿਖਾਈ ਦਿੱਤੇ। ਤੋ ਹਰ ਪਾਸੇ ਗੁਣਵਾਨਾਂ ਨੂੰ ਵੇਖਣਾ, ਇਹ ਪਰਮਾਤਮਾ ਨਾਲ ਸੰਬੰਧ ਜੋੜਨਾ ਹੈ ਔਰ ਹਰ ਪਾਸੇ ਅਉਗੁਣਹਾਰਿਆਂ ਨੂੰ ਵੇਖਣਾ, ਅਉਗੁਣ ਵੇਖਣੇ, ਬਸ ਇਹੀ ਮਨੁੱਖ ਨੂੰ ਨਰਕ ਵਿਚ ਪਹੁੰਚਾ ਦਿੰਦਾ ਹੈ, ਔਰ ਜ਼ਿੰਦਗੀ ਦੁੱਖਾਂ ਨਾਲ ਭਰ ਦਿੰਦਾ ਹੈ। ਹੰਕਾਰੀ ਮਨੁੱਖ ਦੂਸਰੇ ਵਿਚ ਅਉਗੁਣ ਵੇਖਦੇ ਨੇ ਔਰ ਵਿਨਿਮਰ ਮਨੁੱਖ ਦੂਸਰਿਆਂ ਵਿਚ ਗੁਣ ਦੇਖਦੇ ਨੇ :

ਲੋਕੁ ਅਵਗਣਾ ਕੀ ਬੰਨੈ੍ ਗੰਠੜੀ ਗੁਣ ਨ ਵਿਹਾਝੈ ਕੋਇ॥
ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ॥

(ਵਾਰ ਮਾਰੂ ਮ: ੩, ਪੰਨਾ 1092)

ਮਨੁੱਖੀ ਚਿਹਰੇ ਨੂੰ ਇਕਸਾਰ ਦੇਖੀਏ ਤਾਂ ਪੈਰ ਨਹੀਂ ਦਿਖਾਈ ਦੇਣਗੇ ਔਰ ਜੇ ਪੈਰਾਂ ਨੂੰ ਤੱਕੀਏ ਤਾਂ ਫਿਰ ਚਿਹਰਾ ਦਿਖਾਈ ਨਹੀਂ ਦਿੰਦਾ। ਬਸ ਇਹ ਹੀ ਇਕ ਨਿਯਮ ਹੈ—ਗੁਣਾਂ ਨੂੰ ਦੇਖੀਏ ਤਾਂ ਅਉਗੁਣ ਦਿਖਾਈ ਨਹੀਂ ਦੇਣਗੇ ਔਰ ਜੇ ਅਉਗੁਣਾਂ ਨੂੰ ਦੇਖੀਏ, ਫਿਰ ਗੁਣ ਦਿਖਾਈ ਨਹੀਂ ਦੇਣਗੇ। ਤਾਂ ਤੇ ਚਿਹਰਾ ਹੀ ਦੇਖੀਏ ਔਰ ਜਦ ਹਰ ਇਕ ਦਾ ਚਿਹਰਾ ਹੀ ਦੇਖਾਂਗੇ, ਬਸ ਇਸੇ ਵਿਚ ਹੀ ਪ੍ਰਭੂ ਦਾ ਚਿਹਰਾ ਪ੍ਰਗਟ ਹੋ ਜਾਏਗਾ, ਜੀਵਨ ਧੰਨ ਧੰਨ ਹੋ ਜਾਏਗਾ।

•

ਜੋਤਿਸ਼ ਵਿਗਿਆਨ

ਜੋਤਿਸ਼ ਦਾ ਜਨਮ ਭਾਰਤਵਰਸ਼ ਵਿਚ ਹੋਇਆ। ਪ੍ਰਕਿਰਤੀ ਦੀ ਖੋਜ, ਪਰਮਾਤਮਾ ਦੀ ਖੋਜ ਇਸ ਦੇਸ਼ ਦੇ ਰਿਸ਼ੀ-ਮੁਨੀ ਕਰਦੇ ਰਹੇ ਹਨ। ਮਨੁੱਖ ਦਾ ਤਨ ਪ੍ਰਕਿਰਤੀ ਤੋਂ ਆਇਆ ਹੈ ਤੇ ਮਨੁੱਖ ਦੀ ਆਤਮਾ ਪਰਮਾਤਮਾ ਤੋਂ ਆਈ ਹੈ। ਇਹ ਠੀਕ ਹੈ ਕਿ ਪ੍ਰਕਿਰਤੀ ਵੀ ਪਰਮਾਤਮਾ ਤੋਂ ਹੀ ਆਈ ਹੈ, ਪਰ ਫਿਰ ਵੀ ਪਰਮਾਤਮਾ ਪ੍ਰਕਿਰਤੀ ਤੋਂ ਨਿਰਲੇਪ ਹੈ, ਜੈਸੇ ਕਿ ਆਤਮਾ ਸਰੀਰ ਤੋਂ ਨਿਰਲੇਪ ਹੈ। ਜੈਸੇ ਸੂਰਜ ਦੀਆਂ ਕਿਰਨਾਂ ਭਾਵੇਂ ਸਭ ਕੁਛ ਨੂੰ ਛੂੰਹਦੀਆਂ ਨੇ, ਗੰਦਗੀ ਤਕ ਨੂੰ ਛੂੰਹਦੀਆਂ ਨੇ, ਲੇਕਿਨ ਸੂਰਜ ਗੰਦਾ ਨਹੀਂ ਹੁੰਦਾ। ਇਵੇਂ ਹੀ ਇਸ ਮੈਲੇ ਸਰੀਰ ਵਿਚ ਆਤਮਾ ਮੈਲੀ ਨਹੀਂ ਹੁੰਦੀ। ਪ੍ਰਕਿਰਤੀ ਵਿਚ ਵਿਆਪਕ ਹੁੰਦਾ ਹੋਇਆ ਵੀ ਪਰਮਾਤਮਾ ਨਿਰਲੇਪ ਹੈ, ਨਿਰਮਲ ਹੈ। ਪ੍ਰਕਿਰਤੀ ਨੂੰ ਜੇ ਪਰਮਾਤਮਾ ਦੀ ਛਾਇਆ ਸਮਝ ਲਈਏ, ਤਾਂ ਛਾਇਆ ਦਾ ਆਪਣਾ ਪ੍ਰਭਾਉ ਹੈ, ਪਰਮਾਤਮਾ ਦਾ ਆਪਣਾ ਪ੍ਰਭਾਉ ਹੈ। ਲੋਕ ਵੇਖਦੇ ਰਹੇ ਨੇ ਕਿ ਸਰੀਰ ਇਸ ਵਿਆਪਕ ਪ੍ਰਕਿਰਤੀ ਦਾ ਹਿੱਸਾ ਹੈ, ਔਰ ਸਰੀਰ ਉੱਤੇ ਪ੍ਰਕਿਰਤੀ ਦਾ ਕਿਤਨਾ ਪ੍ਰਭਾਉ ਪੈਂਦਾ ਹੈ ਔਰ ਆਤਮਾ ਕਿਸ ਹੱਦ ਤਕ ਨਿਰਲੇਪ ਹੈ, ਇਹ ਉਨ੍ਹਾਂ ਰਿਸ਼ੀਆਂ-ਮੁਨੀਆਂ ਦੀ ਸਮਝ ਵਿਚ ਆ ਗਿਆ। ਤੇ ਆਤਮਾ ਪੂਰਨ ਤੌਰ 'ਤੇ ਨਿਰਲੇਪ ਹੈ। ਔਰ ਜੋ ਤਨ ਹੈ, ਆਤਮਾ ਹੈ, ਵਿਚਕਾਰ ਮਨ ਦੀ ਦੁਨੀਆ ਹੈ, ਉਸ ਨੂੰ ਮਨੁੱਖ ਕਹਿੰਦੇ ਨੇ।

ਮਨ ਦੀ ਬਣਤਰ ਪੰਜ ਤੱਤਾਂ ਤੋਂ ਹੋਈ ਹੈ। ਜੈਸੇ ਜੈਸੇ ਇਹ ਆਤਮਾ ਦੇ ਨੇੜੇ ਜਾਂਦਾ ਹੈ, ਨਿਰਮਲ ਹੁੰਦਾ ਹੈ, ਪਾਵਨ ਹੁੰਦਾ ਹੈ। ਪਰ ਜੈਸੇ ਜੈਸੇ ਇਹ ਸਰੀਰ ਦੇ ਨੇੜੇ ਜਾਂਦਾ ਹੈ, ਸਰੀਰ ਵਿਚ ਰਹਿੰਦਾ ਹੈ, ਮੈਲਾ ਹੁੰਦਾ ਹੈ। ਮਨ ਇਸ ਤਰ੍ਹਾਂ ਡੋਲਦਾ ਰਹਿੰਦਾ ਹੈ, ਜੈਸੇ ਘੜੀ ਦਾ ਪੈਂਡੂਲਮ। ਮਨ ਜੇ ਸਰੀਰ ਦਾ ਵਿਆਪਕ ਹਿੱਸਾ ਕਬੂਲ ਕਰਦਾ ਹੈ ਤਾਂ ਪ੍ਰਕਿਰਤੀ ਤੋਂ ਵੀ ਪ੍ਰਭਾਵਿਤ ਹੁੰਦਾ ਹੋਵੇਗਾ, ਅਵੱਸ਼ ਹੁੰਦਾ ਹੈ। ਬਾਹਰ ਠੰਡ ਹੋਵੇ, ਤਨ ਨੂੰ ਠੰਡ ਲਗਦੀ ਹੈ; ਬਾਹਰ ਗਰਮੀ ਹੈ, ਤਨ ਨੂੰ ਗਰਮੀ ਲਗਦੀ ਹੈ। ਬਰਖਾ ਦੀ ਰੁੱਤੇ ਤਨ ਦੀ ਅਤੇ ਮਨ ਦੀ ਹਾਲਤ ਕੁਛ ਹੋਰ ਬਣਦੀ ਹੈ। ਮੌਸਮੇ ਖ਼ਿਜ਼ਾਂ ਹੈ, ਮੌਸਮੇ ਬਹਾਰ ਹੈ; ਇਨ੍ਹਾਂ ਰੁੱਤਾਂ ਦਾ ਮਨ ਉੱਤੇ ਤੇ ਤਨ ਉੱਤੇ ਬਾਕਾਇਦਾ ਵਿਆਪਕ ਅਸਰ ਪੈਂਦਾ ਹੈ;

ਔਰ ਇਸੇ ਦੀ ਖੋਜ ਕਰਦੇ ਨੇ ਸਾਡੇ ਦੇਸ਼ ਦੇ ਮਹਾਨ ਰਿਸ਼ੀ-ਮੁਨੀ। ਤਨ ਉੱਤੇ ਕਿਥੋਂ ਤਕ ਪ੍ਰਭਾਵ ਪੈਂਦਾ ਹੈ, ਕਿਸ ਹੱਦ ਤਕ ਪ੍ਰਭਾਵਿਤ ਹੁੰਦਾ ਹੈ, ਇਸ ਖੋਜ ਦੇ ਸਭ ਤੋਂ ਪਹਿਲੇ ਪੁਰਸ਼ ਹਨ—ਪੰਡਿਤ ਭ੍ਰਿਗੂ ਰਿਸ਼ੀ, ਜਿਨ੍ਹਾਂ ਨੂੰ ਭ੍ਰਿਗੂ ਰਿਸ਼ੀ ਮਹਾਰਾਜ ਕਹਿੰਦੇ ਹਨ।

ਭ੍ਰਿਗੂ ਰਿਸ਼ੀ ਜੀ ਨੇ ਦੇਖਿਆ ਕਿ ਜਿਸ ਦਿਨ ਚੰਦਰਮਾ ਪੂਰਨ ਹੁੰਦਾ ਹੈ—ਪੂਰਨਮਾਸ਼ੀ, ਉਸ ਦਿਨ ਸਾਗਰ ਉਛਲ ਪੈਂਦਾ ਹੈ। ਸਾਗਰ ਤੱਟ 'ਤੇ ਰਹਿਣ ਵਾਲੇ ਮਛੇਰੇ ਤੇ ਹੋਰ ਲੋਕ ਸਾਗਰ ਦੀ ਇਸ ਫ਼ਿਤਰਤ ਤੋਂ ਜਾਣੂ ਹੁੰਦੇ ਹਨ। ਉਹ ਆਪਣੇ ਜਾਲ, ਡੰਗਰ ਤੇ ਸਾਰਾ ਸਾਜ਼ੋ-ਸਾਮਾਨ ਪੂਰਨਮਾਸ਼ੀ ਤੋਂ ਇਕ ਦਿਨ ਪਹਿਲਾਂ ਹੀ ਦੂਰ ਲੈ ਜਾਂਦੇ ਹਨ, ਕਿਉਂਕਿ ਸਾਗਰ ਕਈ ਦਫ਼ਾ ਉਛਲ ਕੇ ਇਕ ਇਕ ਫ਼ਰਲਾਂਗ, ਬਲਕਿ ਇਕ ਇਕ ਮੀਲ ਦੂਰ ਤਕ ਬਾਹਰ ਆ ਜਾਂਦਾ ਹੈ। ਵੈਸੇ ਵੀ 24 ਘੰਟਿਆਂ ਵਿਚ ਸਾਗਰ ਵਿਚ ਜਵਾਰਭਾਟਾ ਤਾਂ ਆਉਂਦਾ ਹੀ ਹੈ, ਲੇਕਿਨ ਪੂਰਨਮਾਸ਼ੀ ਵਾਲੇ ਦਿਨ ਪੂਰਨ ਜੋਬਨ 'ਤੇ ਆਉਂਦਾ ਹੈ।

ਮਨੁੱਖ ਦੇ ਸਰੀਰ ਵਿਚ 80 ਫ਼ੀਸਦੀ ਪਾਣੀ ਹੈ ਔਰ ਇਹ ਪਾਣੀ ਸਾਗਰ ਦੇ ਜਲ ਜੈਸਾ ਹੈ, ਉਤਨਾ ਹੀ ਮੋਟਾ (ਭਾਰਾ) ਤੇ ਉਤਨਾ ਹੀ ਨਮਕੀਨ। ਤਿੰਨ ਹਿੱਸੇ ਪਾਣੀ, ਸਿਰਫ਼ ਇਕ ਹਿੱਸਾ ਧਰਤੀ। ਹੂ-ਬ-ਹੂ ਤਨ ਦੇ ਤਲ 'ਤੇ ਵੀ ਇਹ ਗੱਲ ਪੂਰੀ ਉਤਰਦੀ ਹੈ; ਪਾਣੀ ਦੀ ਮਾਤਰਾ ਬਹੁਤ ਜ਼ਿਆਦਾ ਹੈ, ਔਰ ਸੁਭਾਅ ਵਿਚ, ਜ਼ਾਇਕੇ ਵਿਚ ਸਾਗਰ ਜੈਸਾ ਹੈ। ਭ੍ਰਿਗੂ ਨੇ ਦੇਖਿਆ ਕਿ ਪੂਰਨਮਾਸ਼ੀ ਵਾਲੇ ਦਿਨ ਆਮ ਮਨੁੱਖਾਂ ਵਿਚ ਵਿਸ਼ੇਸ਼ ਉਛਾਲ ਆਉਂਦਾ ਹੈ। ਉਨ੍ਹਾਂ ਦੇ ਮਾਨਸਿਕ ਤਨਾਉ ਵਧ ਜਾਂਦੇ ਹਨ। ਅਗਰ ਮਨੁੱਖ ਥੋੜ੍ਹਾ ਜਿੰਨਾ ਤਮੋ ਗੁਣੀ ਹੈ, ਉਸਦਾ ਤਮੋ ਗੁਣ ਵਧ ਜਾਂਦਾ ਹੈ, ਕ੍ਰੋਧ ਵਧ ਜਾਂਦਾ ਹੈ। ਜੇ ਕੋਈ ਰਜੋ ਗੁਣੀ ਹੈ, ਉਸਦਾ ਰਜੋ ਗੁਣ ਵਧ ਜਾਂਦਾ ਹੈ, ਔਰ ਵਾਸ਼ਨਾਵਾਂ, ਤ੍ਰਿਸ਼ਨਾਵਾਂ, ਕਾਮ, ਕ੍ਰੋਧ ਵਧ ਜਾਂਦਾ ਹੈ। ਇਸ ਵਧੇ ਹੋਏ ਵੇਗ ਤੋਂ ਮਨੁੱਖ ਕੁਛ ਵੀ ਅਨਰਥ ਕਰ ਸਕਦਾ ਹੈ। ਜੈਸੇ ਸਾਗਰ ਉਛਲਿਆ, ਜੋ ਨੇੜੇ ਹੋਏਗਾ, ਉਹ ਡੁੱਬੇਗਾ, ਪ੍ਰਭਾਵਿਤ ਹੋਵੇਗਾ। ਭ੍ਰਿਗੂ ਦੀ ਦ੍ਰਿਸ਼ਟੀ ਵਿਚ, ਇਸ ਤਰ੍ਹਾਂ ਪਰਿਵਾਰ ਵਿਚ ਪੂਰਨਮਾਸ਼ੀ ਵਾਲੇ ਦਿਨ ਅਕਸਰ ਕਲ-ਕਲੇਸ਼ ਹੋ ਜਾਂਦੇ ਹਨ। ਇਸ ਦਾ ਇਲਾਜ ਇਹ ਰੱਖਿਆ ਗਿਆ, ਅਰਥ ਇਹ ਢੂੰਡਿਆ ਗਿਆ ਕਿ ਮਨੁੱਖ ਉਸ ਦਿਨ ਵਰਤ ਰੱਖੇ, ਭੋਜਨ ਨਾ ਖਾਵੇ; ਦਿਨ ਭਰ ਭੁੱਖਾ ਰਹੇਗਾ ਤਾਂ ਰੋਟੀ ਹੀ ਚੇਤੇ ਆਵੇਗੀ, ਲੜਾਈ ਝਗੜਾ ਚੇਤੇ ਨਹੀਂ ਆਵੇਗਾ, ਔਰ ਵਿਅਰਥ ਦੀਆਂ ਗੱਲਾਂ ਚੇਤੇ ਨਹੀਂ ਆਵਣਗੀਆਂ। ਐਸਾ ਯੂਰਪ ਵਿਚ ਵੀ ਮੰਨਦੇ ਨੇ ਕਿ ਮਨੁੱਖ ਦਾ ਮਨ ਚੰਦਰਮਾ ਤੋਂ ਪ੍ਰਭਾਵਿਤ ਹੁੰਦਾ ਹੈ, ਔਰ ਜਦ ਬਹੁਤਾਤ ਵਿਚ ਪ੍ਰਭਾਵਿਤ ਹੁੰਦਾ ਹੈ, ਉਸ ਨੂੰ ਰੋਮਾਂਟਿਕ ਕਹਿ ਦਿੰਦੇ ਨੇ। ਭਾਰਤ ਵਿਚ ਐਸੇ ਮਨੁੱਖ ਨੂੰ

ਚਾਂਦਮਾਰਾ ਕਹਿ ਦਿੰਦੇ ਨੇ। ਪੰਜਾਬੀ ਰੂਪ ਹੈ ਚੰਦਰਾ, ਇਹ ਤਾਂ ਚੰਦਰਾ ਹੈ, ਇਹ ਤਾਂ ਚੰਦ ਦਾ ਮਾਰਿਆ ਹੋਇਆ ਹੈ; ਇਹ ਤਾਂ ਚੰਦ ਦਾ ਸਤਾਇਆ ਹੋਇਆ ਹੈ।

ਸਮੇਂ ਦੀ ਬਣਤਰ (ਗਣਤ)

ਸਮੇਂ ਦੀ ਗਣਤ ਵੀ ਚੰਦਰਮਾ ਤੋਂ ਹੀ ਲੈਂਦੇ ਨੇ। ਜਿਸ ਦਿਨ ਚੰਦਰਮਾ ਪੂਰਾ ਹੁੰਦਾ ਹੈ—ਪੂਰਨਮਾਸ਼ੀ—ਪੂਰਨ ਮਾਸ। ਮਾਸ ਮਹੀਨੇ ਨੂੰ ਕਹਿੰਦੇ ਨੇ; ਮਹੀਨਾ ਪੂਰਾ ਹੋ ਗਿਆ। ਜਿਨ੍ਹਾਂ ਦਿਨਾਂ ਵਿਚ ਚੰਦਰਮਾ ਵਧਦਾ ਹੈ ਤੇ ਪੂਰਨਮਾਸ਼ੀ ਤੋਂ ਬਾਦ ਘਟਦਾ ਹੈ, ਇਸ ਨੂੰ 'ਸੁਦੀ' ਤੇ 'ਵਦੀ' ਆਖਦੇ ਹਨ, ਯਾਨੀ ਕਿ ਜਦ ਚੰਦਰਮਾ ਵਧਦਾ ਹੈ ਤਾਂ ਸੁਦੀ, ਜਦ ਘਟਦਾ ਹੈ ਤਾਂ ਵਦੀ। ਇਸ ਦਾ ਪ੍ਰਭਾਉ ਜੈਸੇ ਸਾਗਰ 'ਤੇ ਪੈਂਦਾ ਹੈ, ਭ੍ਰਿਗੂ ਨੇ ਵੇਖਿਆ ਕਿ ਮਨ 'ਤੇ ਵੀ ਪੈਂਦਾ ਹੈ, ਤਨ 'ਤੇ ਵੀ ਪੈਂਦਾ ਹੈ। ਬਾਦ ਵਿਚ ਪਤਾ ਚਲਿਆ ਕਿ ਬਾਰਾਂ ਰਾਸਾਂ ਨੇ ਔਰ ਸੂਰਜ ਇਨ੍ਹਾਂ ਬਾਰਾਂ ਰਾਸਾਂ ਵਿਚ ਗਰਦਸ਼ ਕਰਦਾ ਹੈ। ਇਕ ਰਾਸ ਤੋਂ ਜਦ ਦੂਸਰੀ ਰਾਸ ਵਿਚ ਪ੍ਰਵੇਸ਼ ਕਰਦਾ ਹੈ ਤਾਂ ਪ੍ਰਕਿਰਤੀ ਵਿਚ ਕ੍ਰਾਂਤੀ ਆਉਂਦੀ ਹੈ, ਕੁਛ ਨਾ ਕੁਛ ਪਲਟਾ ਆਉਂਦਾ ਹੈ। ਪ੍ਰਕਿਰਤੀ ਵਿਚ ਇਸ ਸਾਰੇ ਪਲਟੇ ਦਾ ਕਾਰਨ ਸੂਰਜ ਨੂੰ ਮੰਨਿਆ ਗਿਆ ਹੈ ਔਰ ਸੂਰਜ ਕਰਕੇ ਹੀ ਚੰਦਰਮਾ ਵਿਚ ਰੌਸ਼ਨੀ ਹੁੰਦੀ ਹੈ ਔਰ ਚੰਦਰਮਾ ਦਾ ਪ੍ਰਕਾਸ਼ ਵਧਦਾ ਤੇ ਘਟਦਾ ਹੈ। ਤੇ ਇਵੇਂ ਸਮੇਂ ਦੀ ਗਣਤ ਸੂਰਜ ਨਾਲ ਜੋੜ ਦਿੱਤੀ ਗਈ।

ਸੰਕ੍ਰਾਂਤ (ਸੰਗਰਾਂਦ)

ਸੰਕ੍ਰਾਂਤੀ—ਸੂਰਜ ਜਦ ਇਕ ਰਾਸ ਨੂੰ ਛੱਡ ਕੇ ਦੂਸਰੀ ਰਾਸ ਵਿਚ ਪ੍ਰਵੇਸ਼ ਕਰਦਾ ਹੈ। ਇਸ ਦਾ ਪੰਜਾਬੀ ਰੂਪ ਬਣਿਆ ਸੰਗਰਾਂਦ।

ਮੋਟੇ ਰੂਪ ਵਿਚ ਜਦ ਭ੍ਰਿਗੂ ਨੇ ਦੇਖਿਆ ਕਿ ਚੰਦਰਮਾ ਦਾ ਜਿਸ ਤਰ੍ਹਾਂ ਅਸਰ ਹੈ, ਸੂਰਜ ਦਾ ਜਿਸ ਤਰ੍ਹਾਂ ਅਸਰ ਹੈ ਤਾਂ ਬਾਕੀ ਕ੍ਰਿਆ ਦਾ ਵੀ, ਪ੍ਰਕਿਰਤੀ ਅਤੇ ਜੋ ਪ੍ਰਕਿਰਤੀ ਦਾ ਛੋਟਾ ਭਾਗ ਹੈ—ਮਨੁੱਖ ਦਾ ਤਨ ਤੇ ਮਨ, ਉਸ ਉੱਤੇ ਵੀ ਅਸਰ ਪੈਂਦਾ ਹੋਵੇਗਾ। ਭ੍ਰਿਗੂ ਨੇ ਆਪਣਾ ਸਾਰਾ ਜੀਵਨ ਇਸ 'ਤੇ ਲਾਇਆ। ਜਿਸ ਰਾਸ ਵਿਚ ਸੂਰਜ ਹੋਵੇ ਤੇ ਓਦੋਂ ਜਿਨ੍ਹਾਂ ਜਿਨ੍ਹਾਂ ਜੀਵਾਂ ਦਾ ਜਨਮ ਹੁੰਦਾ ਹੈ, ਉਨ੍ਹਾਂ ਨਾਲ ਉਹ ਰਾਸ ਸੰਬੰਧਿਤ ਕਰ ਦਿੱਤੀ ਗਈ ਔਰ ਭਾਰਤ ਵਿਚ ਭ੍ਰਿਗੂ ਤੋਂ ਪ੍ਰੇਰਨਾ ਲੈ ਕੇ ਰਾਸ਼ੀਆਂ ਦੇ ਮੁਤਾਬਿਕ ਫਲ ਦੱਸਣ ਦੀ ਪ੍ਰਥਾ ਚੱਲ ਪਈ। ਇਹ ਤਕਰੀਬਨ ਤਕਰੀਬਨ ਵਿਸ਼ਵ-ਵਿਆਪਕ ਹੋ ਗਈ। ਚਾਈਨਾ, ਯੌਰਪ ਤੇ ਅਰਬ ਦੇਸ਼ਾਂ ਵਿਚ ਪਾਮਿਸਟ (Palmist) ਮੌਜੂਦ ਨੇ,

ਜੋਤਸ਼ੀ ਮੌਜੂਦ ਨੇ; ਇਹ ਹੱਥ ਦੀਆਂ ਲਕੀਰਾਂ, ਜੋ ਉਹ ਮੰਨਦੇ ਨੇ ਕਿ ਇਹ ਸੂਰਜ, ਚੰਦ, ਤਾਰਿਆਂ ਦੀ ਕ੍ਰਿਆ ਤੋਂ ਪ੍ਰਭਾਵਿਤ ਹੁੰਦੀਆਂ ਨੇ। ਉਸਦੇ ਮੁਤਾਬਿਕ ਦੁਖ-ਸੁਖ, ਹਾਨ-ਲਾਭ, ਸੰਜੋਗ-ਵਿਜੋਗ ਦੀਆਂ ਘਟਨਾਵਾਂ ਵਧਦੀਆਂ ਘਟਦੀਆਂ ਨੇ—ਜੋਤਸ਼ੀ ਲੋਕ ਇਹ ਦੱਸਣ ਲੱਗ ਪਏ ਨੇ।

ਦਰਅਸਲ ਇਹ ਸਾਇੰਸ ਹੈ, ਵਿਗਿਆਨ ਹੈ, ਔਰ ਸਾਰੀ ਪ੍ਰਕਿਰਤੀ ਪਰਮਾਤਮਾ ਦੀ ਕ੍ਰਿਤ ਹੈ। ਹੁਣ ਇਹ ਸਮਝ ਆ ਗਈ ਹੈ ਕਿ ਚੰਦਰਮਾ ਵਿਚ ਪ੍ਰਕਾਸ਼ ਸੂਰਜ ਕਰਕੇ ਹੈ, ਔਰ ਸੂਰਜ ਦਾ ਪ੍ਰਕਾਸ਼ ਹੋਰ ਮਹਾਂ ਸੂਰਜ ਤੋਂ ਹੈ ਤੇ ਉਹ ਮਹਾਂ ਸੂਰਜ ਕਿਸੇ ਹੋਰ ਮਹਾਂ ਸੂਰਜ ਤੋਂ ਪ੍ਰਕਾਸ਼ ਲੈਂਦਾ ਹੈ। ਇਸ ਤਰ੍ਹਾਂ ਪਿੱਛੇ ਜਾਂਦਿਆਂ ਜਾਂਦਿਆਂ ਗੱਲ ਤਾਂ ਪਰਮਾਤਮਾ 'ਤੇ ਰੁਕਦੀ ਹੈ, ਜੋ ਮਹਾਂ ਸੂਰਜ ਹੈ:

ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ॥ *(ਪਾਤਸ਼ਾਹੀ ੧੦)*

ਗ੍ਰਹਿ ਨਛੱਤਰ

ਇਹ ਸਭ ਕੁਛ ਪਰਮਾਤਮਾ ਤੋਂ ਹੋ ਰਿਹਾ ਹੈ। ਜੈਸੇ ਸਰੀਰ ਦੀ ਪ੍ਰਕਿਰਤੀ ਹੈ, ਇਸ ਨੂੰ ਭੁੱਖ ਵੀ ਲਗਦੀ ਹੈ, ਪਿਆਸ ਵੀ ਲਗਦੀ ਹੈ। ਭੋਜਨ ਖਾਣ ਨਾਲ ਪਿਆਸ ਨਹੀਂ ਮਿਟਦੀ ਔਰ ਪਾਣੀ ਨਾਲ ਭੁੱਖ ਨਹੀਂ ਮਿਟੇਗੀ। ਪਾਣੀ ਸਿਰਫ਼ ਪਿਆਸ ਮਿਟਾ ਸਕਦਾ ਹੈ, ਭੋਜਨ ਸਿਰਫ਼ ਭੁੱਖ ਮਿਟਾ ਸਕਦਾ ਹੈ। ਜੈਸੇ ਸਰੀਰ ਦੇ ਵਿਚ ਭੁੱਖ ਤੇ ਪਿਆਸ ਹੈ, ਮਨ ਦੇ ਵਿਚ ਖ਼ਾਹਸ਼ਾਂ ਨੇ, ਕਾਮਨਾਵਾਂ ਨੇ, ਇੱਛਾਵਾਂ ਨੇ। ਇਨ੍ਹਾਂ ਨੂੰ ਕਿਵੇਂ ਪੂਰਾ ਕਰੀਏ ? ਇਨ੍ਹਾਂ ਦੀ ਪੂਰਤੀ ਕਿਵੇਂ ਕਰੀਏ ? ਭ੍ਰਿਗੂ ਇਨ੍ਹਾਂ ਦੇ ਵਿਚ ਵੀ ਆਪਣਾ ਮਨ ਲੜਾਉਂਦਾ ਰਿਹਾ ਔਰ ਉਸ ਦੀ ਮਨੌਤ ਤੋਂ ਭਾਰਤ ਵਿਚ ਗ੍ਰਹਿ ਨਛੱਤਰਾਂ ਦੀ ਪੂਜਾ ਸ਼ੁਰੂ ਹੋ ਗਈ।

ਜਨਮ-ਕੁੰਡਲੀ ਦੇ ਆਧਾਰ 'ਤੇ ਮਨੁੱਖ ਦੇ ਜੀਵਨ ਭਰ ਦੇ ਦੁਖ-ਸੁਖ ਦਾ ਖ਼ਾਕਾ ਖਿੱਚਿਆ ਗਿਆ। ਦੇਖਦੇ ਹਾਂ, ਸਾਡੇ ਹਿੰਦੂ ਘਰਾਣਿਆਂ ਵਿਚ ਵਿਆਹ ਦੇ ਸਮੇਂ ਲੜਕੇ ਤੇ ਲੜਕੀ ਦੀ ਜਨਮ-ਕੁੰਡਲੀ ਦੇਖਦੇ ਨੇ ਔਰ ਜਨਮ-ਕੁੰਡਲੀ ਦਾ ਮੇਲ ਹੋਣਾ ਉਹ ਲਾਜ਼ਮੀ ਮੰਨਦੇ ਨੇ। ਲੇਕਿਨ ਗੱਲ ਸਾਫ਼ ਹੋ ਗਈ ਹੈ। ਜਨਮ-ਕੁੰਡਲੀ ਕਿਤਨੀ ਵੀ ਮੇਲ ਖਾਵੇ, ਪ੍ਰਾਰਬਧ ਹਰ ਇਕ ਦੀ ਅਲਗ ਅਲਗ ਹੁੰਦੀ ਹੈ ਔਰ ਪ੍ਰਾਰਬਧ ਬਣਦੀ ਹੈ ਕਰਮਾਂ ਨਾਲ। ਦੁਖ-ਸੁਖ ਕਰਮਾਂ ਦੀ ਦੇਣ ਹੈ। ਧੰਨ ਗੁਰੂ ਨਾਨਕ ਦੇਵ ਜੀ ਫ਼ੁਰਮਾਨ ਕਰਦੇ ਨੇ—ਅਗਰ ਇਹ ਸਭ ਕੁਛ ਗ੍ਰਹਿ ਨਛੱਤਰਾਂ ਤੋਂ ਹੋ ਰਿਹਾ ਹੈ ਤਾਂ ਪਰਮਾਤਮਾ ਦਾ ਸਿਮਰਨ ਕਰਨ ਦੀ ਕੋਈ ਲੋੜ ਹੀ ਨਹੀਂ। ਜਪ, ਤਪ, ਸ਼ੁਭ ਕਰਮ ਕਰਨ ਦੀ ਕੋਈ ਲੋੜ ਹੀ ਨਹੀਂ। ਕਰਮ-ਸਿਧਾਂਤ ਗ਼ਲਤ ਸਾਬਤ ਹੋ ਜਾਂਦਾ ਹੈ।

ਪ੍ਰਭੂ ਨੇ ਨਿਯਮ ਬਣਾਇਆ ਹੈ ਕਿ ਧਰਤੀ ਵਿਚ ਜੋ ਬੀਜ ਅਸੀਂ ਬੀਜਦੇ ਹਾਂ, ਵੈਸਾ ਹੀ ਫਲ ਪ੍ਰਾਪਤ ਹੁੰਦਾ ਹੈ। ਕਣਕ ਬੀਜਿਆਂ ਕਣਕ ਮਿਲਦੀ ਹੈ; ਮਕਈ ਬੀਜੀਏ, ਮਕਈ ਮਿਲਦੀ ਹੈ; ਚਨੇ ਬੀਜੀਏ, ਚਨੇ ਮਿਲਦੇ ਹਨ; ਅੰਬ ਦਾ ਬੂਟਾ ਲਾਈਏ, ਅੰਬ ਮਿਲਦਾ ਹੈ; ਕਿੱਕਰ ਦਾ ਬੂਟਾ ਲਾਈਏ, ਕੰਡੇ ਮਿਲਦੇ ਹਨ। ਤੋ ਬੀਜ ਤਾਂ ਫਲ ਦੀ ਉਤਪਤੀ ਹੈ। ਧੰਨ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ ਕਿ ਕਰਮ ਬੀਜ ਹੈ। ਧਰਤੀ ਵਿਚ ਬੀਜ ਬੋਣ ਵਾਲਾ ਹਾਲੀ ਕਿਸਾਨ ਇਹ ਮਨ ਹੈ। ਜੈਸਾ ਜੈਸਾ ਬੀਜ ਅਸੀਂ ਇਸ ਧਰਤੀ ਵਿਚ ਬੀਜਦੇ ਹਾਂ, ਵੈਸਾ ਵੈਸਾ ਫਲ ਅਸੀਂ ਪ੍ਰਾਪਤ ਕਰਦੇ ਹਾਂ।

ਮੂਲ ਰੂਪ ਵਿਚ ਅਸੀਂ ਇਨ੍ਹਾਂ ਫਲਾਂ ਦੀ ਵੰਡ ਇਸ ਤਰ੍ਹਾਂ ਕਰ ਸਕਦੇ ਹਾਂ—ਕੌੜੇ ਫਲ, ਮਿੱਠੇ ਫਲ, ਫਿੱਕੇ ਫਲ, ਸਵਾਦੀ ਫਲ। ਔਰ ਇਨ੍ਹਾਂ ਨੂੰ ਇਸ ਤਰ੍ਹਾਂ ਬਿਆਨ ਕਰ ਸਕਦੇ ਹਾਂ ਕਿ ਦੁਖ ਇਕ ਕੜਵਾ ਫਲ ਹੈ, ਸੁਖ ਇਕ ਮਿੱਠਾ ਫਲ ਹੈ। ਦੁਖ ਇਕ ਫਲ ਹੈ, ਫਿੱਕਾ ਫਲ ਹੈ; ਸੁਖ ਇਕ ਫਲ ਹੈ, ਮਹਾਂ ਸਵਾਦੀ ਫਲ ਹੈ। ਇਸ ਤਰ੍ਹਾਂ ਜੀਵਨ ਦੀ ਇਸ ਧਰਤੀ ਵਿਚ ਦੁਖ-ਸੁਖ ਦੇ ਫਲ ਪੈਦਾ ਹੁੰਦੇ ਰਹਿੰਦੇ ਨੇ ਔਰ ਇਥੇ ਅਸੀਂ ਜੋ ਬੀਜਦੇ ਹਾਂ, ਉਹੀ ਖਾਂਦੇ ਹਾਂ। ਧਰਤੀ ਵਿਚ ਐਸਾ ਵੀ ਹੁੰਦਾ ਹੈ ਕਿ ਬੂਟਾ ਕਿਸੇ ਨੇ ਲਾਇਆ ਹੈ, ਖਾਂਦਾ ਕੋਈ ਹੈ। ਬੀਜਦਾ ਕੋਈ ਹੈ, ਵੱਢਦਾ ਕੋਈ ਹੈ। ਪਰ ਜੀਵਨ ਦੀ ਧਰਤੀ ਵਿਚ "ਆਪੇ ਬੀਜਿ ਆਪੇ ਹੀ ਖਾਹੁ"।

ਸੂਰਜ, ਚੰਦ, ਸਿਤਾਰੇ, ਗ੍ਰਹਿ, ਨਛੱਤਰਾਂ ਦੇ ਮੁਤਾਬਿਕ ਕੋਈ ਖੇਡ ਨਹੀਂ ਬਣਦੀ, ਕਰਮਾਂ ਦੇ ਮੁਤਾਬਿਕ ਖੇਡ ਬਣਦੀ ਹੈ। ਜਾਂ ਕਹੀਏ ਕਿ ਨਹੀਂ ਉਨ੍ਹਾਂ ਦਾ ਅਸਰ ਹੈ, ਤੋ ਕਰਮਾਂ ਦੇ ਅਨੁਸਾਰ ਉਸ ਦਾ ਜਨਮ ਉਸ ਰਾਸ ਵਿਚ, ਉਸ ਸਮੇਂ ਹੋਇਆ ਹੋਵੇਗਾ, ਜਿਸ ਦੇ ਮੁਤਾਬਿਕ ਉਸਨੇ ਦੁਖ ਭੋਗਣੇ ਹੁੰਦੇ ਨੇ। ਵਰਨਾ ਇੱਕੋ ਰਾਸ਼ੀ ਵਿਚ ਹਜ਼ਾਰਾਂ ਜੀਵਾਂ ਦਾ ਜਨਮ ਹੁੰਦਾ ਹੈ, ਇਕ ਫ਼ੁੱਟਪਾਥ 'ਤੇ ਜਨਮਿਆ ਹੈ, ਇਕ ਰਾਜ ਘਰਾਣੇ ਵਿਚ ਜਨਮਿਆ ਹੈ। ਇਕ ਜਨਮ ਲੈਂਦਿਆਂ ਹੀ ਮਾਲਾਮਾਲ ਹੈ, ਇਕ ਜਨਮ ਤੋਂ ਭਿਖਾਰੀ ਹੈ। ਮਾਂ ਦੇ ਮੰਗੇ ਹੋਏ ਟੁਕੜਿਆਂ ਤੋਂ ਜੋ ਦੁੱਧ ਬਣਿਆ ਹੈ, ਉਹ ਪੀ ਰਿਹਾ ਹੈ, ਜਨਮ ਤੋਂ ਭਿਖਾਰੀ ਹੈ।

ਰੋਜ਼ ਰੋਜ਼ ਅਸੀਂ ਕਰਮ ਕਰਦੇ ਹਾਂ। ਕਰਮਾਂ ਦੀ ਖੇਤੀ ਰੋਜ਼ ਰੋਜ਼ ਵਧਦੀ ਜਾ ਰਹੀ ਹੈ ਤੇ ਜੀਵਨ ਦਾ ਕਪੜਾ ਘਟਦਾ ਜਾ ਰਿਹਾ ਹੈ, ਔਰ ਇਕ ਦਿਨ ਇਹ ਕਪੜਾ ਮੁੱਕ ਜਾਂਦਾ ਹੈ। ਕੁਛ ਕਰਮਾਂ ਦੇ ਫਲ ਅਸੀਂ ਇਸ ਕਪੜੇ ਵਿਚ ਪਾਈ ਜਾਂਦੇ ਹਾਂ, ਲੇਕਿਨ ਫਿਰ ਵੀ ਬਹੁਤ ਸਾਰੇ ਬੀਜ ਬਚ ਜਾਂਦੇ ਨੇ, ਜਿਨ੍ਹਾਂ ਨੇ ਫਲ ਤਕ ਅੱਪੜਨਾ ਹੁੰਦਾ ਹੈ, ਜਿਨ੍ਹਾਂ ਨੂੰ ਅਸੀਂ ਖਾਣਾ ਹੁੰਦਾ ਹੈ। ਲੇਕਿਨ ਜਿਨ੍ਹਾਂ ਨੂੰ ਅਸੀਂ ਖਾਣਾ ਹੁੰਦਾ ਹੈ, ਜੀਵਨ ਦਾ ਕਪੜਾ, ਜੀਵਨ ਦੀ ਝੋਲੀ ਮੁੱਕ

ਜਾਂਦੀ ਹੈ। ਉਹ ਬੋਏ ਹੋਏ ਬੀਜ ਜੋ ਰਹਿ ਗਏ ਨੇ, ਉਨ੍ਹਾਂ ਹੀ ਕਰਮਾਂ ਦੇ ਬੀਜ ਕਰਕੇ ਫਿਰ ਇਹ ਜੀਵਨ ਦਾ ਕਪੜਾ ਮਿਲ ਜਾਂਦਾ ਹੈ:

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ *(ਜਪੁ ਜੀ)*

ਇਸ ਵਾਸਤੇ ਅਗਰ ਕੋਈ ਮਨੁੱਖ ਦੁਖੀ ਹੈ, ਅਪੰਗ ਹੈ, ਅੰਧਾ ਹੈ ਯਾ ਅਤਿਅੰਤ ਅਸਾਧ ਰੋਗਾਂ ਵਿਚ ਗ੍ਰਸਤ ਹੈ, ਇਹ ਪਿਛਲੇ ਬੋਏ ਹੋਏ ਬੀਜ ਰਹਿ ਗਏ ਨੇ, ਜੋ ਹੁਣ ਜੀਵਨ ਵਿਚ ਨਾਲ ਚੱਲਣਗੇ। ਮਨੁੱਖ ਇਸ ਜੀਵਨ ਵਿਚ ਤੇ ਪਿਛਲੇ ਬੋਏ ਹੋਏ ਬੀਜ, ਦੋਹਾਂ ਨੂੰ ਖਾਂਦਾ ਹੈ। ਤੋ ਦੁਖ ਤੇ ਸੁਖ ਕਰਮਾਂ ਤੋਂ ਪੈਦਾ ਹੁੰਦੇ ਨੇ। ਜਿਹੜੇ ਜਿਹੜੇ ਕਰਮ ਮੈਂ ਕੀਤੇ, ਉਸ ਦਾ ਫਲ ਮੈਂ ਪ੍ਰਾਪਤ ਕੀਤਾ। ਬੁਰਾ ਕਰਮ ਉਹ ਹੈ, ਜਿਸ ਕਰਮ ਤੋਂ ਕਿਸੇ ਨੂੰ ਚੋਟ ਪਹੁੰਚੇ, ਕਿਸੇ ਨੂੰ ਦੁਖ ਹੋਵੇ, ਤੇ ਫਿਰ ਉਹੀ ਕਰਮ ਸਾਨੂੰ ਦੁਖ ਦੇਣ ਵਾਲਾ ਬਣ ਜਾਂਦਾ ਹੈ, ਉਸ ਨੂੰ ਦੁਖਾਂ ਦੇ ਫਲ ਲਗਦੇ ਨੇ ਤੇ ਉਹੀ ਫਲ ਆਪ ਖਾਣੇ ਪੈਂਦੇ ਨੇ। ਜੋ ਜੋ ਕਰਮ ਜਗਤ ਨੂੰ ਸੁਖ ਦੇਣ ਵਾਲੇ ਬਣਨਗੇ, ਉਹ ਉਹ ਕਰਮ ਸਾਨੂੰ ਸੁਖ ਦੇਣ ਵਾਲੇ ਹੋਣਗੇ। ਇਸ ਵਾਸਤੇ ਸਾਹਿਬ ਕਹਿੰਦੇ ਨੇ—ਨਾ ਸੂਰਜ ਨੂੰ, ਨਾ ਚੰਦਰਮਾ ਨੂੰ ਦੋਸ਼ੀ ਠਹਿਰਾਉ; ਨਾ ਗ੍ਰਹਿ ਨਛੱਤਰਾਂ ਨੂੰ, ਨਾ ਹੀ ਪ੍ਰਕਿਰਤੀ ਵਿਚ ਕਿਸੇ ਨੂੰ ਦੋਸ਼ੀ ਠਹਿਰਾਉ:

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥

(ਆਸਾ ਮ: ੧, ਪੰਨਾ 433)

ਅਗਰ ਭ੍ਰਿਗੂ ਸਫਲ ਹੋਇਆ ਹੈ ਕਿ ਐਹ ਦੁਖ ਹੋਵੇਗਾ ਅਗਾਂਹ ਚੱਲ ਕੇ, ਤਾਂ ਉਸ ਨੂੰ ਬੋਏ ਕਰਮਾਂ ਦੇ ਬੀਜ, ਉਨ੍ਹਾਂ ਤੋਂ ਬਣੀਆਂ ਹੋਈਆਂ ਰੇਖਾਵਾਂ ਪੜ੍ਹਨ ਦੀ ਜਾਚ ਆ ਗਈ ਸੀ। ਪਰ ਇਹ ਰੇਖਾਵਾਂ ਕਰਮਾਂ ਅਨੁਸਾਰ ਰੋਜ਼ ਬਦਲਦੀਆਂ ਨੇ। ਇਹ ਰੇਖਾਵਾਂ ਸਥਿਰ ਨਹੀਂ ਨੇ, ਇਹ ਟਿਕੀਆਂ ਹੋਈਆਂ ਨਹੀਂ ਨੇ। ਫਿਰ ਵੀ ਇਨ੍ਹਾਂ ਨੂੰ ਦੇਖ ਕੇ ਕੁਛ ਅੰਦਾਜ਼ੇ ਲਾਏ ਜਾ ਸਕਦੇ ਨੇ ਤੇ ਇਹ ਅੰਦਾਜ਼ੇ ਵੀ ਉਹੀ ਲਗਾ ਸਕਦਾ ਹੈ, ਜੋ ਥੋੜ੍ਹੀ ਬਹੁਤ ਅਧਿਆਤਮਕ ਦ੍ਰਿਸ਼ਟੀ ਰੱਖਦਾ ਹੈ। ਲੇਕਿਨ ਸਥਿਰ ਫ਼ੈਸਲਾ ਨਹੀਂ ਹੋਵੇਗਾ, ਕਿਉਂਕਿ ਰੇਖਾਵਾਂ ਕਰਮਾਂ ਕਰਕੇ ਬਦਲਦੀਆਂ ਰਹਿੰਦੀਆਂ ਹਨ, ਲਕੀਰਾਂ ਬਦਲਦੀਆਂ ਰਹਿੰਦੀਆਂ ਹਨ। ਸ਼ੁਭ ਕਰਮ ਕਰਦਾ ਜਾ ਰਿਹਾ ਹੈ, ਰੇਖਾਵਾਂ ਕੁਛ ਹੋਰ ਰੂਪ ਧਾਰਨ ਕਰ ਰਹੀਆਂ ਨੇ। ਅਸ਼ੁਭ ਕਰਮ ਕਰਦਾ ਜਾ ਰਿਹਾ ਹੈ, ਰੇਖਾਵਾਂ ਕੁਛ ਹੋਰ ਰੂਪ ਧਾਰਨ ਕਰਦੀਆਂ ਜਾ ਰਹੀਆਂ ਨੇ।

ਇਸ ਸਿਧਾਂਤ ਨੂੰ ਇਕ ਪਾਸੇ ਰੱਖ ਕੇ ਸਿਰਫ਼ ਰੇਖਾਵਾਂ ਤੇ ਗ੍ਰਹਿ ਨਛੱਤਰਾਂ ਦੀ ਗੱਲ ਕਰਨੀ, ਇਹ ਮਨੁੱਖਤਾ ਨੂੰ ਭੁਲੇਖੇ ਵਿਚ ਪਾਣਾ ਹੈ। ਚੂੰਕਿ ਮਨੁੱਖ

ਦੇ ਅੰਦਰ ਭਵਿੱਖ ਦੀ ਬੜੀ ਚਿੰਤਾ ਹੈ। ਤੋ ਜੋਤਸ਼ੀ ਲੋਕ ਚਿੰਤਾਤੁਰ ਮਨੁੱਖਾਂ ਤੋਂ ਹੀ ਲਾਭ ਉਠਾਉਂਦੇ ਨੇ। ਜਿਨ੍ਹਾਂ ਨੂੰ ਇਹ ਜਾਣਨ ਦਾ ਬਹੁਤ ਸ਼ੌਕ ਹੁੰਦਾ ਹੈ ਕਿ ਮੇਰਾ ਭਵਿੱਖ ਕੈਸਾ ਹੋਵੇਗਾ। ਰਟੀਆਂ ਰਟਾਈਆਂ ਗੱਲਾਂ ਇਹ ਫ਼ੁੱਟਪਾਥ 'ਤੇ ਬੈਠੇ ਜੋਤਸ਼ੀ ਦਸਦੇ ਨੇ ਕਿ ਧਨ ਤਾਂ ਆਉਂਦਾ ਹੈ, ਪਰ ਰੁਕਦਾ ਨਹੀਂ। ਧਨ ਤਾਂ ਕਿਸੇ ਕੋਲ ਵੀ ਨਹੀਂ ਰੁਕਦਾ। ਧਨ ਦਾ ਕੰਮ ਹੈ ਗਰਦਸ਼ ਕਰਨਾ, ਚੱਲਣਾ। ਪੱਛਮੀ ਲੋਕਾਂ ਨੇ ਇਸ ਦਾ ਨਾਮ ਕਰੰਸੀ (Currency) ਰੱਖਿਆ ਹੈ। ਠੀਕ ਹੀ ਤਾਂ ਹੈ, ਇਹ ਚੱਲਦੀ ਹੈ, ਚਲਾਇਮਾਨ ਹੈ। ਤੋ ਧਨ ਤਾਂ ਚਲਾਇਮਾਨ ਹੈ; ਔਰ ਧਨ ਚਲੇ, ਚੱਲਣ ਨਾਲ ਹੀ ਤਾਂ ਜ਼ਿੰਦਗੀ ਚੱਲਦੀ ਹੈ, ਐਸਾ ਨਿਯਮ ਬਣਿਆ ਹੋਇਆ ਹੈ।

ਰੇਖਾਵਾਂ ਵਿਚ ਸੰਤਾਨ, ਦੁਖ-ਸੁਖ, ਇਤਿਆਦਿਕ ਹੋ ਸਕਦਾ ਹੈ, ਲੇਕਿਨ ਫਿਰ ਵੀ ਮੂਲ ਰੂਪ ਵਿਚ ਇਹ ਛਾਪ ਕਰਮਾਂ ਕਰਕੇ ਬਣਦੀ ਹੈ, ਇਸ ਵਾਸਤੇ ਕਰਮ ਦੀ ਫ਼ਿਕਰ ਕਰਨੀ ਚਾਹੀਦੀ ਹੈ:

ਕਰਮ ਭੂਮਿ ਮਹਿ ਬੋਅਹੁ ਨਾਮੁ ॥ *(ਗਉੜੀ ਮ: ੫, ਪੰਨਾ 176)*

ਇਹ ਤਨ ਕਰਮ-ਭੂਮੀ ਹੈ। ਇਸ ਦੇ ਵਿਚ ਪਰਮਾਤਮਾ ਦਾ ਨਾਮ ਬੀਜ ਹੈ ਔਰ ਇਸ ਬੀਜ ਤੋਂ ਜਿਹੜੇ ਫਲ ਪੈਦਾ ਹੁੰਦੇ ਨੇ, ਬਾਰਾਂ ਮਹੀਨੇ ਸੁਖ ਦੇਣ ਵਾਲੇ ਹੁੰਦੇ ਨੇ, ਮਿੱਠੇ ਫਲ ਹੁੰਦੇ ਨੇ।

ਕਬੀਰ ਐਸਾ ਬੀਜੁ ਬੋਇ ਬਾਰਹ ਮਾਸ ਫਲੰਤ ॥
ਸੀਤਲ ਛਾਇਆ ਗਹਿਰ ਫਲ ਪੰਖੀ ਕੇਲ ਕਰੰਤ ॥

(ਸਲੋਕ ਕਬੀਰ, ਪੰਨਾ 1376)

ਤੋ ਜੋਤਿਸ਼ ਦੀ ਚਿੰਤਾ ਛੱਡ ਕੇ ਨਾਮ ਜਪਣ ਦੀ ਫ਼ਿਕਰ ਕਰੀਏ। ਭਵਿੱਸ਼ ਦਾ ਫ਼ਿਕਰ ਛੱਡ ਕੇ ਪ੍ਰਭੂ ਦਾ ਚਿੰਤਨ ਕਰੀਏ। ਭਵਿੱਸ਼ ਦੇ ਵਿਚ ਤਾਂ ਮੈਨੂੰ ਉਹੀ ਮਿਲੇਗਾ, ਜੋ ਮੈਂ ਅੱਜ ਬੋ ਰਿਹਾ ਹਾਂ। ਤੇ ਜੋ ਮੈਂ ਬੋ ਰਿਹਾ ਹਾਂ, ਉਸ ਦੀ ਚਿੰਤਾ ਕਰਾਂ, ਭਵਿੱਸ਼ ਦੀ ਚਿੰਤਾ ਕਰਨ ਦੀ ਲੋੜ ਹੀ ਨਹੀਂ ਹੈ। ਸ਼ੁਭ ਬੀਜਿਆ ਹੋਇਆ ਹੀ ਅਗਲੇ ਜਨਮ ਵਿਚ ਸੁਖਦਾਇਕ ਫਲ ਬਣ ਕੇ ਪ੍ਰਾਪਤ ਹੁੰਦਾ ਹੈ।

•

ਨਿਰਾਸ਼ਾ

ਜਗਤ ਇਕ ਦੁਖ ਹੈ, ਜੀਵਨ ਇਕ ਦੁਖ ਹੈ; ਜਨਮ ਇਕ ਦੁਖ ਹੈ, ਮਰਨ ਇਕ ਦੁਖ ਹੈ। ਇਤਨੇ ਵਿਆਪਕ ਦੁਖ ਦੇ ਵਿਚ ਮਨੁੱਖ ਕਿਸ ਤਰ੍ਹਾਂ ਜੀਅ ਲੈਂਦਾ ਹੈ ? ਪਸ਼ੂ ਤਾਂ ਇਸ ਵਾਸਤੇ ਜੀਅ ਲੈਂਦਾ ਹੈ, ਕਿਉਂਕਿ ਉਸ ਨੂੰ ਜਗਤ ਦਾ ਬੋਧ ਨਹੀਂ ਹੈ ਕਿ ਇਹ ਦੁਖ-ਰੂਪ ਹੈ; ਉਸ ਨੂੰ ਜਨਮ ਦਾ ਬੋਧ ਨਹੀਂ ਹੈ ਕਿ ਇਹ ਦੁਖਾਂ ਦੀ ਬੁਨਿਆਦ ਹੈ ਔਰ ਉਸ ਨੂੰ ਮਰਨ ਦਾ ਵੀ ਬੋਧ ਨਹੀਂ ਹੈ, ਜੋ ਕਿ ਮਹਾਨ ਦੁਖ ਹੈ। ਇਸ ਵਾਸਤੇ ਭਾਵੇਂ ਪਸ਼ੂ ਆਨੰਦਿਤ ਤਾਂ ਨਹੀਂ ਹੈ, ਮਹਾਂ ਸੁਖੀ ਤਾਂ ਨਹੀਂ ਹੈ, ਲੇਕਿਨ ਦੁਖ ਦਾ ਬੋਧ ਨਾ ਹੋਣ ਕਰਕੇ ਦੁਖੀ ਵੀ ਨਹੀਂ ਹੈ। ਜਦ ਉਸ ਨੂੰ ਦੁਖ ਦਾ ਬੋਧ ਨਹੀਂ ਹੈ, ਤਾਂ ਸੁਖ ਦਾ ਬੋਧ ਵੀ ਨਹੀਂ ਹੋ ਸਕਦਾ। ਸੰਸਾਰ ਦੁਖ ਹੈ ਤਾਂ ਉਸ ਨੂੰ ਨਿਰੰਕਾਰ ਦੀ ਵੀ ਸਮਝ ਨਹੀਂ ਹੈ। ਸਮਝਦਾਰ ਪ੍ਰਾਣੀਆਂ ਵਿਚ ਕੇਵਲ ਮਨੁੱਖ ਹੀ ਦੁਖੀ ਹੈ ਔਰ ਮਨੁੱਖਾਂ ਵਿਚ ਉਹ ਮਨੁੱਖ ਹੀ ਦੁਖੀ ਹੈ, ਜੋ ਜ਼ਿਆਦਾ ਸਿਆਣਾ ਹੈ। ਕਿਸ ਤਰ੍ਹਾਂ ਨਾਪਾਂਗੇ ? ਨਾਪ ਤੋਲ ਦਾ ਪੈਮਾਨਾ ਇਹ ਹੀ ਹੈ ਕਿ ਜਿਤਨਾ ਜ਼ਿਆਦਾ ਸਮਝਦਾਰ, ਜਿਤਨਾ ਗਹਿਰਾ ਚਿੰਤਕ ਹੋਵੇਗਾ, ਉਤਨਾ ਹੀ ਜ਼ਿਆਦਾ ਦੁਖੀ ਹੋਵੇਗਾ। ਸਿਆਣੇ ਤੋਂ ਮੁਰਾਦ ਜਿਸ ਨੂੰ ਜੀਵਨ ਦੀ ਜ਼ਿਆਦਾ ਸਮਝ ਹੈ, ਸੰਸਾਰ ਦੀ ਜ਼ਿਆਦਾ ਸਮਝ ਹੈ। ਤੇ ਸੰਸਾਰ ਇਕ ਦੁਖ ਹੈ; ਉਸ ਨੂੰ ਦੁਖ ਦੀ ਜ਼ਿਆਦਾ ਸਮਝ ਹੋਵੇਗੀ।

ਮਨੁੱਖ ਨੂੰ ਜਦ ਬੇਹੋਸ਼ (ਅਚੇਤ) ਕਰ ਦਿੱਤਾ ਜਾਂਦਾ ਹੈ, ਉਸ ਨੂੰ ਦੁਖ ਨਹੀਂ ਹੁੰਦਾ। ਪਸ਼ੂ ਜੀਵਨ ਕਿਉਂਕਿ ਅਚੇਤ ਜੀਵਨ ਹੈ, ਉਸ ਨੂੰ ਦੁਖ ਮਹਿਸੂਸ ਨਹੀਂ ਹੁੰਦਾ। ਲੇਕਿਨ ਇਸ ਤੋਂ ਇਹ ਮੁਰਾਦ ਨਹੀਂ ਕਿ ਉਹ ਸੁਖੀ ਨੇ, ਕਿਉਂਕਿ ਸੁਖ ਨੂੰ ਮਹਿਸੂਸ ਕਰਨ ਲਈ ਲਾਜ਼ਮੀ ਹੈ, ਉਸ ਨੂੰ ਦੁਖ ਮਹਿਸੂਸ ਹੋਣਾ। ਜਿਸ ਨੂੰ ਅੰਧਕਾਰ ਦਿਖਾਈ ਨਹੀਂ ਦੇਂਦਾ, ਸਪੱਸ਼ਟ ਹੈ ਕਿ ਉਸ ਨੂੰ ਚਾਨਣਾ ਵੀ ਦਿਖਾਈ ਨਹੀਂ ਦੇਂਦਾ। ਅੰਧੇ ਨੂੰ ਅੰਧੇਰਾ ਨਹੀਂ ਦਿਖਾਈ ਦੇਂਦਾ। ਅਗਰ ਅੰਧੇਰਾ ਦਿਖਾਈ ਦੇਵੇ ਤਾਂ ਉਹ ਅੰਧਾ ਨਹੀਂ ਹੈ। ਸੋ, ਜਿਤਨਾ ਹੀ ਮਨੁੱਖ ਸਿਆਣਾ ਹੈ, ਉਤਨਾ ਹੀ ਉਹ ਦੁਖੀ ਹੈ। ਔਰ ਜਦ ਸੰਸਾਰ ਦੁਖ ਹੈ, ਜਨਮ ਦੁਖ ਹੈ, ਮਰਨ ਦੁਖ ਹੈ, ਜੀਵਨ ਦੁਖ ਹੈ, ਤੇ ਇਹ ਸਿਆਣਾ ਮਨੁੱਖ ਸੰਸਾਰ 'ਤੇ ਜੀਵਨ ਦੀ ਲਾਲਸਾ ਤਾਂ ਰੱਖ ਹੀ ਨਹੀਂ ਸਕਦਾ।

ਜਿਨ੍ਹਾਂ ਨੂੰ ਜੀਵਨ ਰੂਪ ਸੁਖ ਦਿਖਾਈ ਦਿੰਦਾ ਹੈ, ਐਸੇ ਮਨੁੱਖ ਜੀਵਨ ਭਰ ਜਨਮ ਦਿਨ ਮਨਾਉਂਦੇ ਰਹਿੰਦੇ ਨੇ। ਕਿਉਂਕਿ ਜਨਮ ਖ਼ੁਸ਼ੀ ਹੈ, ਜਨਮ ਆਨੰਦ ਹੈ, ਉਨ੍ਹਾਂ ਨੂੰ ਐਸਾ ਮਹਿਸੂਸ ਹੁੰਦਾ ਹੈ। ਉਨ੍ਹਾਂ ਨੂੰ ਦੁਖ ਇੱਕੋ ਹੀ ਦਿਖਾਈ ਦਿੰਦਾ ਹੈ—ਮੌਤ (ਮਰਨ), ਔਰ ਜਿਤਨਾ ਮਰਨ (ਮੌਤ) ਦਾ ਦੁਖ ਹੈ, ਉਤਨਾ ਹੀ ਜਨਮ ਮਨਾ ਕੇ ਆਪਣੇ ਆਪ ਨੂੰ ਖ਼ੁਸ਼ ਰੱਖਦੇ ਨੇ ਔਰ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਜਨਮ ਖ਼ੁਸ਼ੀ ਹੈ, ਆਨੰਦ ਹੈ। ਜਦ ਦੁਖ ਇਤਨਾ ਵਿਆਪਕ ਹੈ ਤਾਂ ਹੈਰਾਨਗੀ ਹੁੰਦੀ ਹੈ ਕਿ ਇਹ ਮਨੁੱਖ ਕਿਸ ਤਰ੍ਹਾਂ ਜੀਅ ਲੈਂਦਾ ਹੈ। ਇੱਕੋ ਹੀ ਜਵਾਬ ਹੈ—ਆਸਾ ਦੇ ਸਹਾਰੇ। ਅੱਜ ਦੁਖ ਹੈ, ਕੱਲ ਨਹੀਂ ਹੋਵੇਗਾ, ਬਸ ਇਸੇ ਸਹਾਰੇ ਜੀਅ ਲੈਂਦਾ ਹੈ, ਔਰ ਜੀਵਨ ਇਸੇ ਤਰ੍ਹਾਂ ਚਲਦਾ ਹੈ, ਭਵਿੱਸ਼ ਦੇ ਸਹਾਰੇ 'ਤੇ।

ਭਵਿੱਸ਼ ਦੇ ਸਹਾਰੇ 'ਤੇ ਉਹ ਜੀਵਨ ਜੀਅ ਲੈਂਦਾ ਹੈ, ਇਸ ਵਾਸਤੇ ਹਰ ਮਨੁੱਖ ਜੁਟਿਆ ਹੋਇਆ ਹੈ ਆਪਣੇ ਭਵਿੱਸ਼ ਨੂੰ ਸੰਵਾਰਨ ਵਾਸਤੇ। ਹਰ ਮਨੁੱਖ ਯਤਨਸ਼ੀਲ ਹੈ, ਭਵਿੱਸ਼ ਨੂੰ ਆਨੰਦਿਤ ਬਣਾਣ ਦੇ ਲਈ। ਕੌਣ ਦੱਸੇ ਇਸ ਮਨੁੱਖ ਨੂੰ ਕਿ ਅਗਰ ਅੱਜ ਦੁਖ ਹੈ ਤਾਂ ਭਵਿੱਸ਼ ਦੇ ਵਿਚ ਵੀ ਦੁਖ ਹੈ। ਜੋ ਅੱਜ ਪਿੱਤਲ ਹੈ, ਕੱਲ ਵੀ ਪਿੱਤਲ ਹੋਵੇਗਾ। ਜੋ ਅੱਜ ਲੋਹਾ ਹੈ, ਕੱਲ ਵੀ ਲੋਹਾ ਹੈ। ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਜੋ ਅੱਜ ਲੋਹਾ ਹੈ, ਕੱਲ ਸੋਨਾ ਹੋ ਜਾਏ ? ਅੱਜ ਜੀਵਨ ਦੁਖ ਹੈ ਤੇ ਕੱਲ ਸੁਖ ਹੋ ਜਾਏ ? ਨਹੀਂ, ਸੁਖ ਸਿਰਫ਼ ਆਸਾ 'ਤੇ ਨਿਰਭਰ ਹੈ, ਇਸ ਵਾਸਤੇ ਮਨੁੱਖ ਸੁਖ ਦੀ ਆਸਾ 'ਤੇ ਜੀਅ ਰਿਹਾ ਹੈ। ਸੁਖ ਦੀ ਆਸਾ ਬਣਾਈ ਬੈਠਾ ਹੈ, ਜਨਮ ਦਿਨ ਮਨਾਉਂਦਾ ਹੈ।

ਇਕ ਆਲਮ ਦਾ ਕਹਿਣਾ ਹੈ ਕਿ ਇਕ ਰਿਸ਼ਟ-ਪੁਸ਼ਟ ਸਰੀਰ (ਇਕ ਸੰਤੁਸ਼ਟ ਕਾਇਆ) 40 ਦਿਨ ਰੋਟੀ ਤੋਂ ਬਿਨਾਂ ਰਹਿ ਸਕਦੀ ਹੈ ਔਰ ਇਕ ਤੰਦਰੁਸਤ ਮਨੁੱਖ ਪਾਣੀ ਤੋਂ ਬਿਨਾਂ ਤਿੰਨ ਦਿਨ ਤਕ ਰਹਿ ਸਕਦਾ ਹੈ। ਜੋ ਪ੍ਰਾਣਾਯਾਮ ਦੀ ਸਾਧਨਾ ਕਰਦੇ ਨੇ, ਉਨ੍ਹਾਂ ਦਾ ਕਹਿਣਾ ਹੈ ਕਿ ਮਨੁੱਖ 8 ਮਿੰਟ ਤਕ ਸਵਾਸਾਂ ਤੋਂ ਬਿਨਾਂ ਰਹਿ ਸਕਦਾ ਹੈ। ਭੋਜਣ, ਪਾਣੀ, ਸਵਾਸ ਇਨ੍ਹਾਂ ਤੋਂ ਬਿਨਾਂ ਤਾਂ ਮਨੁੱਖ ਕੁਛ ਦੇਰੀ ਤਕ ਤਾਂ ਰਹਿ ਸਕਦਾ ਹੈ, ਪਰ ਆਸਾ ਤੋਂ ਬਿਨਾਂ ਇਕ ਸੈਕਿੰਡ ਵੀ ਜਿਊਣਾ ਮੁਸ਼ਕਿਲ ਹੋਵੇਗਾ। ਬਸ ਸੁਖ ਦੀ ਆਸਾ ਹੈ, ਇਸ ਵਾਸਤੇ ਜੀਵਨ ਦੀ ਲਾਲਸਾ ਬਣੀ ਰਹਿੰਦੀ ਹੈ। ਯਾ ਇੰਜ ਕਹਿ ਲਈਏ ਕਿ ਜੀਵਨ ਇਕ ਆਸਾ ਹੈ, ਖ਼ਾਹਸ਼ਾਤ ਦਾ ਮਜਮੂਆ ਹੈ। ਤਰ੍ਹਾਂ ਤਰ੍ਹਾਂ ਦੀਆਂ ਇੱਛਾਵਾਂ ਦਾ ਨਾਮ ਹੀ ਜੀਵਨ ਹੈ, ਇਸੇ ਦਾ ਨਾਮ ਜ਼ਿੰਦਗੀ ਹੈ। ਅਸੀਂ ਦੇਖ ਰਹੇ ਹਾਂ ਕਿ ਜੋ ਸੁਖਾਂ ਤੋਂ ਨਿਰਾਸ਼ ਹੋ ਜਾਂਦਾ ਹੈ, ਉਹ ਆਤਮ-ਹੱਤਿਆ (ਖ਼ੁਦਕੁਸ਼ੀ) ਕਰ ਲੈਂਦਾ ਹੈ। ਕਦੇ ਕਿਸੇ ਪਸ਼ੂ ਨੇ ਆਤਮ-ਹੱਤਿਆ ਨਹੀਂ ਕੀਤੀ, ਕਿਉਂਕਿ ਉਸ ਨੂੰ ਦੁਖ ਦਾ ਬੋਧ ਨਹੀਂ ਹੈ। ਸੰਸਾਰ ਵਿਚ ਇੱਕੋ ਪ੍ਰਾਣੀ ਮਨੁੱਖ

ਹੀ ਹੈ, ਜੋ ਨਿਰਾਸ਼ਾ ਵਿਚ ਆਤਮ-ਹੱਤਿਆ ਕਰ ਲੈਂਦਾ ਹੈ। ਅਗਰ ਆਖਿਆ ਜਾਏ ਕਿ ਆਸਾ ਹੀ ਜੀਵਨ ਹੈ ਤਾਂ ਨਿਰਾਸ਼ਾ ਮੌਤ ਹੈ। ਇਸ ਵਾਸਤੇ ਮਨੁੱਖ ਜੀਵਨ ਨੂੰ ਚਾਲੂ ਰੱਖਣ ਵਾਸਤੇ ਨਿਤਾਪ੍ਰਤੀ ਨਵੀਆਂ ਇੱਛਾਵਾਂ ਨੂੰ ਜਨਮ ਦਿੰਦਾ ਹੈ। ਔਰ ਇਹ ਜੀਵਨ ਵਾਸਤੇ ਲਾਜ਼ਮੀ ਹੈ। ਇੱਛਾਵਾਂ ਦਾ ਆਪਣਾ ਇਕ ਨਿਯਮ ਹੈ। ਅੱਵਲ ਤੇ ਪੂਰੀਆਂ ਹੀ ਨਹੀਂ ਹੁੰਦੀਆਂ, ਅਗਰ ਕੋਈ ਇਕ ਇੱਛਾ ਪੂਰੀ ਹੁੰਦੀ ਹੈ ਤਾਂ ਪੂਰੀ ਹੁੰਦਿਆਂ ਹੁੰਦਿਆਂ ਦਸ ਇੱਛਾਵਾਂ ਨੂੰ ਜਨਮ ਦੇ ਜਾਂਦੀ ਹੈ। ਇਕ ਦਾ ਬੋਝ ਲੱਥਾ ਤੇ ਦਸ ਦਾ ਬੋਝ ਆਣ ਪਿਆ। ਹਰ ਇੱਛਾ ਨਾਲ ਇਹੀ ਨਿਯਮ ਜੁੜਿਆ ਹੋਇਆ ਹੈ। ਜੈਸੇ ਇਕ ਮਨੁੱਖ ਚਿਤਾ ਤਕ ਪਹੁੰਚਦਿਆਂ ਪਹੁੰਚਦਿਆਂ ਦੋ ਚਾਰ ਪੰਜ ਬੱਚਿਆਂ ਨੂੰ ਜਨਮ ਦੇ ਜਾਂਦਾ ਹੈ, ਇਵੇਂ ਹੀ ਇਕ ਇੱਛਾ ਪੂਰੀ ਹੁੰਦਿਆਂ ਹੁੰਦਿਆਂ ਅਨੰਤ ਇੱਛਾਵਾਂ ਨੂੰ ਜਨਮ ਦੇ ਜਾਂਦੀ ਹੈ। ਉਮਰ ਦੇ ਵਧਣ ਨਾਲ ਇੱਛਾਵਾਂ ਦਾ ਬੋਝ ਵਧ ਜਾਂਦਾ ਹੈ, ਕਿਉਂਕਿ ਜੀਵਨ ਵਾਸਤੇ ਇੱਛਾ ਲਾਜ਼ਮੀ ਚਾਹੀਦੀ ਹੈ। ਅਗਰ ਇਹ ਪੂਰੀ ਹੋ ਜਾਏ ਤਾਂ ਫਿਰ ਕਿਸ ਤਰ੍ਹਾਂ ਜੀਵਿਆ ਜਾਏ। ਤੋ ਅਨੰਤ ਇੱਛਾਵਾਂ ਦਾ ਜਨਮ ਹੋ ਜਾਂਦਾ ਹੈ, ਕਿਉਂਕਿ ਖ਼ਾਹਿਸ਼ ਜ਼ਿੰਦਗੀ ਹੈ, ਉਸ ਦੇ ਵਿਚ ਜੀਵਨ ਦੀ ਲਾਲਸਾ ਜੁੜੀ ਹੁੰਦੀ ਹੈ। ਔਰ ਜੀਵਨ ਦੀ ਲਾਲਸਾ ਇਸ ਵਾਸਤੇ ਹੈ, ਕਿਉਂਕਿ ਅਸੀਂ ਮੰਨੀ ਬੈਠੇ ਹਾਂ ਕਿ ਜੀਵਨ ਸੁਖ ਹੈ, ਲੇਕਿਨ ਐਸਾ ਦੇਖਿਆ ਗਿਆ ਹੈ ਕਿ :

ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥

(ਆਸਾ ਮ: ੯, ਪੰਨਾ 411)

ਸਤਿਗੁਰੂ ਜੀ ਫ਼ੁਰਮਾਉਂਦੇ ਹਨ :

ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ॥ *(ਸਲੋਕ ਮ: ੫, ਪੰਨਾ 322)*

ਸੁਖ ਤਾਂ ਇਕ ਮ੍ਰਿਗ ਤ੍ਰਿਸ਼ਨਾ ਹੈ। ਸਹਿਰਾ (ਮਾਰੂਥਲ) ਵਿਚ ਤਪਦੀ ਹੋਈ ਰੇਤ ਨੂੰ ਹਿਰਨ ਪਾਣੀ ਸਮਝ ਲੈਂਦਾ ਹੈ। ਦੌੜ ਕੇ ਜਾਂਦਾ ਹੈ ਉਧਰ ਨੂੰ। ਇਹ ਪਿਆਸਾ ਹਿਰਨ ਕੀ ਦੇਖਦਾ ਹੈ ਕਿ ਰੇਤ ਹੈ। ਲੇਕਿਨ ਅੱਗੇ ਫਿਰ ਉਸ ਨੂੰ ਚਮਕਦੀ ਹੋਈ ਰੇਤ, ਪਾਣੀ ਦਿਖਾਈ ਦਿੰਦੀ ਹੈ ਤੇ ਉਹ ਫਿਰ ਉਧਰ ਦੌੜਦਾ ਹੈ। ਇਸ ਤਰ੍ਹਾਂ ਸਹਿਰਾ ਵਿਚ ਦੌੜਦਾ ਰਹਿੰਦਾ ਹੈ। ਪਾਣੀ ਦਿਖਾਈ ਦਿੰਦਾ ਹੈ, ਪਰ ਅਸਲ ਵਿਚ ਰੇਤ ਹੁੰਦੀ ਹੈ। ਉਹ ਹੋਰ ਅੱਗੇ ਦੌੜਦਾ ਹੈ ਔਰ ਦੌੜਦਿਆਂ ਦੌੜਦਿਆਂ ਪਿਆਸੇ ਹਿਰਨ ਦੇ ਪ੍ਰਾਣ ਨਿਕਲ ਜਾਂਦੇ ਹਨ। ਇਵੇਂ ਹੀ ਜਿਧਰ ਜਿਧਰ ਮਨੁੱਖ ਨੂੰ ਸੁਖ ਦਿਖਾਈ ਦਿੰਦਾ ਹੈ, ਉਧਰ ਦੀ ਹੀ ਉਹ ਦੌੜ ਲਗਾਈ ਰੱਖਦਾ ਹੈ, ਪਰ ਸੁਖ ਤਾਂ ਕਿਧਰੇ ਵੀ ਨਹੀਂ ਮਿਲਦਾ। ਅਸੀਂ ਦੇਖਦੇ ਹਾਂ, ਇਕ ਬੇ-ਔਲਾਦ ਹੈ, ਬੱਚੇ ਦੀ ਖ਼ਾਤਰ ਤੀਰਥਾਂ 'ਤੇ ਰਟਨ ਕਰਦਾ ਫਿਰਦਾ ਹੈ; ਹਵਨ ਯੱਗ ਕਰਾ ਰਿਹਾ ਹੈ; ਮੰਦਿਰ ਵਿਚ, ਮਸਜਿਦ ਵਿਚ, ਗੁਰਦੁਆਰਿਆਂ ਵਿਚ ਪ੍ਰਾਰਥਨਾਵਾਂ ਕਰਾ ਰਿਹਾ ਹੈ,

ਕੇਵਲ ਇਕ ਪੁੱਤਰ ਲਈ। ਲੇਕਿਨ ਉਸ ਨੂੰ ਸਮਝ ਨਹੀਂ ਆਉਂਦੀ ਕਿ ਜਿਸ ਦੇ ਚਾਰ ਚਾਰ ਪੁੱਤਰ ਨੇ, ਉਹ ਤਾਂ ਪਹਿਲਾਂ ਹੀ ਦੁਖੀ ਹੈ, ਔਰ ਜਿਸ ਵਕਤ ਪੁੱਤਰ ਦੀ ਪ੍ਰਾਪਤੀ ਹੋਈ, ਸੁਖ ਤਾਂ ਖ਼ਤਮ ਹੋ ਗਿਆ। ਹੁਣ ਹੋਰ ਆਸਾਂ ਆਣ ਘੇਰਦੀਆਂ ਹਨ। ਇਸ ਤਰ੍ਹਾਂ ਇਕ ਆਸਾ ਪੂਰੀ ਹੁੰਦੀ ਹੈ ਤੇ ਪੂਰੀ ਹੁੰਦਿਆਂ ਹੀ ਮਰ ਜਾਂਦੀ ਹੈ। ਤੋ ਜ਼ਿੰਦਾ ਰਹਿਣ ਵਾਸਤੇ ਔਰ ਸੁਖ ਨੂੰ ਕਾਇਮ ਰੱਖਣ ਵਾਸਤੇ ਕਿਸੇ ਹੋਰ ਆਸਾ ਨੂੰ ਜਨਮ ਦੇਣਾ ਪੈਂਦਾ ਹੈ। ਸਿਆਣੇ ਤਾਂ ਇੰਜ ਕਹਿੰਦੇ ਨੇ ਕਿ ਹਰ ਸੁਆਸ ਪਰ ਆਸ ਸੁਆਰ ਹੁੰਦੀ ਹੈ। ਅੰਤਿਮ ਸਮੇਂ ਸੁਆਸ ਨਹੀਂ ਨਿਕਲਦੇ, ਬਲਕਿ ਅਨੰਤ ਆਸਾਂ ਦਾ ਹੀ ਖ਼ਾਤਮਾ ਹੁੰਦਾ ਹੈ :

ਹਜ਼ਾਰੋਂ ਸਾਂਸ ਲੇਕਰ ਆਖ਼ਿਰ ਦਮ ਨਿਕਲਤਾ ਹੈ

ਮਨੁੱਖੀ ਦੁਨੀਆ ਵਿਚ ਸਾਰੇ ਕਰਮ ਆਸਾ 'ਤੇ ਅਸਵਾਰ ਹੋ ਕੇ ਗਵਨ ਕਰਦੇ ਹਨ। ਇੱਛਾਵਾਂ ਜਿਤਨੀਆਂ ਪ੍ਰਬਲ ਹੁੰਦੀਆਂ ਹਨ, ਉਤਨਾ ਹੀ ਉਹ ਪ੍ਰਾਣੀ ਕਰਮ ਪਰਵਿਰਤ ਹੁੰਦਾ ਹੈ। ਇਸ ਵਾਸਤੇ ਇੱਛਾਵਾਂ ਅੰਤ ਸਮੇਂ ਤਕ ਮਨੁੱਖ ਨੂੰ ਕਰਮ ਵਿਚ ਪਰਵਿਰਤ ਰੱਖਦੀਆਂ ਹਨ। ਔਰ ਸਿਆਣੇ ਕਹਿੰਦੇ ਨੇ ਕਿ ਮਨੁੱਖ ਹੈ ਹੀ ਕਰਮ ਕਰਣੀ। ਕੁਛ ਕਰਦਾ ਰਹੇ; ਕਿਉਂਕਿ ਕੁਛ ਕਰਨ ਨਾਲ ਹੀ ਸੁਖ ਦੀ ਪ੍ਰਾਪਤੀ ਹੁੰਦੀ ਹੈ। ਬੜੇ ਬੜੇ ਕਰਮਸ਼ੀਲ ਮਨੁੱਖ, ਕਰਮ ਦੇ ਵਿਚ ਪਰਵਿਰਤ ਮਨੁੱਖ, ਦੇਖਣ ਵਿਚ ਬੜੇ ਹੀ ਦੁਖੀ ਨਜ਼ਰ ਆਏ ਹਨ। ਕੀ ਕੋਈ ਸਿਕੰਦਰ ਤੋਂ ਵੀ ਜ਼ਿਆਦਾ ਪਰਵਿਰਤ ਹੋਇਆ ਹੈ ? ਮੁਲਕ ਦਰ ਮੁਲਕ ਫ਼ਤਹਿ ਕਰਦਾ ਗਿਆ, ਪਰ ਦੁਖੀ ਹੁੰਦਾ ਗਿਆ, ਬੇਜ਼ਾਰ ਹੁੰਦਾ ਗਿਆ। ਬੇਅੰਤ ਮੁਲਕ ਫ਼ਤਹਿ ਕਰ ਕੇ ਵੀ ਅੰਤ ਨੂੰ ਖ਼ਾਲੀ ਹੱਥ ਹੀ ਰੁਖ਼ਸਤ ਹੋਇਆ। ਉਸ ਦੇ ਖ਼ਾਲੀ ਹੱਥ ਇਹ ਸੰਦੇਸਾ ਸਨ ਕਿ ਮੈਨੂੰ ਸੁਖ ਨਹੀਂ ਮਿਲਿਆ। ਸੰਸਾਰ ਤੋਂ ਕਿਸ ਨੂੰ ਸੁਖ ਮਿਲਿਆ ਹੈ, ਭਾਵ ਜਨਮ ਤੋਂ, ਜੀਵਨ ਤੋਂ, ਕਿਸ ਨੂੰ ਸੁਖ ਮਿਲਿਆ ਹੈ ! ਐਸਾ ਕੋਈ ਇਕ ਪ੍ਰਾਣੀ ਵੀ ਅਸੀਂ ਰੂਏ-ਜ਼ਮੀਨ 'ਤੇ ਨਹੀਂ ਦੇਖ ਸਕਦੇ। ਅਗਰ ਕੋਈ ਕਹਿੰਦਾ ਹੈ ਕਿ ਜਗਤ ਇਕ ਸੁਖ ਹੈ, ਜੀਵਨ ਇਕ ਸੁਖ ਹੈ, ਉਹ ਫਿਰ ਇਹੀ ਦੱਸ ਰਿਹਾ ਹੈ ਕਿ ਉਸ ਕੋਲ ਅਕਲ ਨਹੀਂ ਹੈ। ਐਸਾ ਪ੍ਰਾਣੀ ਹੋਸ਼ ਵਿਚ ਨਹੀਂ ਹੈ। ਲੇਕਿਨ ਤਾਰਕਕ ਕਹਿੰਦੇ ਨੇ ਕਿ ਅਗਰ ਜੀਵਨ ਸੁਖ ਨਹੀਂ ਹੈ ਤੋ ਫਿਰ ਜੀਵਨ ਦੀ ਲਾਲਸਾ ਕਿਉਂ ਹੈ ? ਲਾਲਸਾ ਤਾਂ ਸੁਖ ਦੀ ਹੀ ਹੋ ਸਕਦੀ ਹੈ, ਦੁਖ ਦੀ ਤਾਂ ਨਹੀਂ ਹੋ ਸਕਦੀ।

ਤੋ ਭਾਵੇਂ ਜੀਵਨ ਦੁਖ ਹੈ, ਲੇਕਿਨ ਜੀਵਨ ਵਿਚ ਸੁਖ ਦੀ ਆਸਾ ਕਾਇਮ ਹੈ, ਸੁਖੀ ਭਵਿੱਸ਼ ਦੀ ਆਸਾ। ਬਸ ਇਹੀ ਮਨੁੱਖ ਨੂੰ ਜੀਵਾਈ ਜਾ ਰਿਹਾ ਹੈ। ਮੈਂ ਅੱਜ ਰੋਗੀ ਹਾਂ, ਕੱਲ ਨੂੰ ਨਹੀਂ ਹੋਵਾਂਗਾ; ਅੱਜ ਪਰੇਸ਼ਾਨ ਹਾਂ, ਦੁਖੀ ਹਾਂ, ਕੱਲ ਸੁਖੀ ਹੋ ਜਾਵਾਂਗਾ। ਸੁਖ ਹਮੇਸ਼ਾ ਭਵਿੱਸ਼ ਵਿਚ ਹੀ ਹੁੰਦਾ ਹੈ, ਵਰਤਮਾਨ

ਵਿਚ ਨਹੀਂ। ਬਸ ਭਵਿੱਸ਼ ਵਿਚ ਹੀ ਸੁਖ ਦੀ ਲਾਲਸਾ ਦਿਖਾਈ ਦਿੰਦੀ ਹੈ ਔਰ ਅਸੀਂ ਉਸੇ ਨੂੰ ਹੀ ਕਹਿ ਦਿੰਦੇ ਹਾਂ ਕਿ ਇਹ ਸੁਖੀ ਹੈ। ਔਰ ਸਾਰੀ ਮਨੁੱਖਤਾ ਭਵਿੱਸ਼ ਦੀ ਚਿੰਤਾ ਕਰਦੀ ਹੈ ਕਿ ਭਵਿੱਸ਼ ਵਿਚ ਜੀਵਨ ਸੁਖੀ ਹੋਵੇ; ਭਵਿੱਸ਼ ਸੁਖੀ ਹੋਵੇਗਾ ਤਾਂ ਹੀ ਮੈਂ ਸੁਖੀ ਹੋਵਾਂਗਾ। ਪਰ ਮਨੁੱਖ ਨੇ ਕਦੇ ਨਹੀਂ ਸੋਚਿਆ ਕਿ ਜਿਸ ਢੰਗ ਨਾਲ ਮੈਂ ਜੀਅ ਰਿਹਾ ਹਾਂ, ਅਗਰ ਮੈਂ ਅੱਜ ਦੁਖੀ ਹਾਂ ਤਾਂ ਕੱਲ ਵੀ ਦੁਖੀ ਹੀ ਰਹਾਂਗਾ।

ਦੁਖ

ਦੁਖ ਵਿਆਪਕ ਹੈ, ਲੇਕਿਨ ਮਨੁੱਖ ਲੰਬੀ ਨਿਗਾਹ ਕਰ ਕੇ ਭਵਿੱਸ਼ ਵਿਚ ਸੁਖ ਨੂੰ ਦੇਖਣ ਲਈ ਯਤਨਸ਼ੀਲ ਹੈ, ਪਰ ਇਹ ਵਾਸਤਵਿਕਤਾ ਨਹੀਂ ਹੈ। ਜਿਤਨਾ ਮਨੁੱਖ ਸੁਪਨਿਆਂ ਵਿਚ ਜਿਊਣ ਵਾਲਾ ਹੁੰਦਾ ਹੈ, ਅਸੀਂ ਉਸ ਨੂੰ ਸੁਖੀ ਮੰਨ ਲੈਂਦੇ ਹਾਂ, ਉਸ ਨੂੰ ਅਸੀਂ ਖ਼ੁਸ਼ਹਾਲ ਮੰਨ ਲੈਂਦੇ ਹਾਂ। ਖ਼ੁਸ਼ਹਾਲ ਤੋਂ ਮੁਰਾਦ, ਜੋ ਸੁਪਨਿਆਂ ਵਿਚ ਜੀਅ ਰਿਹਾ ਹੈ। ਕਾਸ਼! ਜਾਗੇ ਤਾਂ ਪਤਾ ਚੱਲੇ ਕਿ ਜਗਤ ਤੇ ਜੀਵਨ ਇਕ ਦੁਖ ਹੈ।

ਦੁਖ ਹਕੀਕਤ ਹੈ, ਸੁਖ ਇਕ ਸੁਪਨਾ ਹੈ। ਜੀਵਨ ਨੂੰ ਜੋ ਸੁਖ ਮੰਨ ਕੇ ਜੀਅ ਰਿਹਾ ਹੈ, ਉਹ ਫਿਰ ਹਕੀਕਤ ਵਿਚ ਨਹੀਂ ਜੀਅ ਰਿਹਾ, ਵਾਸਤਵਿਕਤਾ ਵਿਚ ਨਹੀਂ ਜੀਅ ਰਿਹਾ, ਸੁਪਨਿਆਂ ਵਿਚ ਜੀਅ ਰਿਹਾ ਹੈ। ਜੈਸੇ ਹੀ ਮਨੁੱਖ ਦੀ ਸੂਝ-ਬੂਝ ਵਧਦੀ ਹੈ, ਉਹ ਨਿਗਾਹ ਲੰਬੀ ਕਰਦਾ ਹੈ। ਸਾਹਿਬ ਵੀ ਤਾਂ ਕਹਿੰਦੇ ਨੇ:

...ਦੇ ਲੰਮੀ ਨਦਰਿ ਨਿਹਾਲੀਐ॥ *(ਵਾਰ ਆਸਾ ਮ: ੧, ਪੰਨਾ 474)*

ਉਸ ਨੂੰ ਹਰ ਜਗ੍ਹਾ ਦੁਖ ਹੀ ਵਿਆਪਕ ਦਿਖਾਈ ਦਿੰਦਾ ਹੈ। ਸ਼ਹਿਰ ਬਦਲਣ ਨਾਲ ਤਾਂ ਮਨੁੱਖ ਥੋੜ੍ਹਾ ਬਦਲ ਜਾਂਦਾ ਹੈ, ਪਰ ਨਾਮ ਅਤੇ ਮਜ਼ਹਬ ਦੇ ਬਦਲਣ ਨਾਲ ਮਨੁੱਖ ਨਹੀਂ ਬਦਲਦਾ। ਮਨੁੱਖ ਜਿਥੇ ਵੀ ਜਾਵੇ, ਦੁਖ ਉਸਦੇ ਨਾਲ ਹੀ ਜਾਂਦਾ ਹੈ ਔਰ ਜੈਸੇ ਜੈਸੇ ਸੂਝ-ਬੂਝ ਵਧਦੀ ਹੈ, ਉਸਦੇ ਵਧਣ ਦੇ ਨਾਲ ਦੁਖ ਦਾ ਪਤਾ ਚਲਦਾ ਹੈ। ਜੈਸੇ ਅਸੀਂ ਦੇਖਦੇ ਹਾਂ ਕਿ ਡਾਕਟਰ ਨੇ ਜਿਸਦਾ ਉਪਰੇਸ਼ਨ ਕਰਨਾ ਹੁੰਦਾ ਹੈ, ਉਸ ਨੂੰ ਬੇਹੋਸ਼ ਕਰ ਲੈਂਦਾ ਹੈ, ਕਿਉਂਕਿ ਬੇਹੋਸ਼ੀ ਦੇ ਵਿਚ ਦੁਖ ਮਹਿਸੂਸ ਨਹੀਂ ਹੁੰਦਾ। ਇਵੇਂ ਹੀ ਮੂੜ੍ਹ ਬੰਦੇ (ਮੂਰਖ ਬੰਦੇ) ਨੂੰ ਦੁਖ ਮਹਿਸੂਸ ਨਹੀਂ ਹੁੰਦਾ। ਜਿਤਨਾ ਸਿਆਣਾ ਹੋਵੇਗਾ, ਉਤਨਾ ਹੀ ਜ਼ਿਆਦਾ ਦੁਖੀ ਹੋਵੇਗਾ ਔਰ ਦੁਖ ਜਗਤ ਤੋਂ ਨਿਰਾਸ਼ ਕਰ ਦੇਵੇਗਾ, ਉਦਾਸ ਕਰ ਦੇਵੇਗਾ।

ਨਿਰਾਸ਼ਾ, ਜੋ ਪ੍ਰਭੂ ਨੇ ਪੈਦਾ ਕੀਤੀ ਹੈ, ਸ਼ਾਇਦ ਜੀਵਨ ਵਿਚ ਇਸ ਦੀ ਲੋੜ ਹੋਵੇ। ਜੋ ਕੁਛ ਵੀ ਜੀਵਨ ਵਿਚ ਘਟਿਤ ਹੁੰਦਾ ਹੈ, ਜੀਵਨ ਵਿਚ ਇਸ

ਦੀ ਲੋੜ ਹੁੰਦੀ ਹੈ। ਇਕ ਸਿਆਣਾ ਮਨੁੱਖ ਇਸ ਦਾ ਸਹੀ ਪ੍ਰਯੋਗ ਕਰ ਲੈਂਦਾ ਹੈ। ਜੋ ਜੀਵਨ ਦਾ ਗ਼ਲਤ ਪ੍ਰਯੋਗ ਕਰ ਰਿਹਾ ਹੈ, ਉਹ ਨਿਰਾਸ਼ਾ ਦਾ ਸਹੀ ਪ੍ਰਯੋਗ ਕਿਸ ਤਰ੍ਹਾਂ ਕਰੇਗਾ। ਲਿਹਾਜ਼ਾ ਉਹ ਨਿਰਾਸ਼ਾ ਤੋਂ ਵੀ ਕੁਛ ਨਹੀਂ ਸਿੱਖ ਸਕੇਗਾ। ਇਹ ਠੀਕ ਹੈ ਕਿ ਮਨੁੱਖ ਜਦ ਚਾਰੋਂ ਪਾਸਿਆਂ ਤੋਂ ਨਿਰਾਸ਼ ਹੋ ਜਾਏ, ਉਸਦੇ ਲਈ ਘੁੱਪ ਹਨੇਰਾ, ਮਾਨੋ ਮੱਸਿਆ ਦੀ ਰਾਤ ਚਾਰੋਂ ਪਾਸੇ ਛਾ ਜਾਂਦੀ ਹੈ। ਐਸੇ ਅੰਧੇਰੇ ਵਿਚ ਉਹ ਜੀਵਨ ਦਾ ਉੱਧਾਰ ਕੈਸੇ ਢੂੰਡੇ; ਦੋ ਹੀ ਢੰਗ ਹੋ ਸਕਦੇ ਨੇ :

(1) ਪੂਰਨ ਤੌਰ 'ਤੇ ਨਿਰਾਸ਼ ਮਨੁੱਖ ਯਾ ਤਾਂ ਆਪਣੇ ਜੀਵਨ ਨੂੰ ਖ਼ਤਮ ਕਰ ਸਕਦਾ, ਮਿਟਾਅ ਸਕਦਾ ਹੈ;

(2) ਯਾ ਫਿਰ ਉਸ ਅੰਦਰ ਸਹੀ ਸੋਚਣੀ ਦਾ ਜਨਮ ਹੋ ਸਕਦਾ ਹੈ :

ਕਿ ਮੈਂ ਆਪਣੇ ਜੀਵਨ ਦੇ ਢੰਗ ਨੂੰ ਬਦਲਾਂ, ਤਰਜ਼ੇ-ਜ਼ਿੰਦਗੀ ਬਦਲਾਂ, ਸ਼ਾਇਦ ਇਸ ਨਾਲ ਕੁਛ ਹੋਵੇ। ਇਕ ਹੋਰ ਵੀ ਗ਼ਲਤ ਪ੍ਰਯੋਗ ਹੋ ਸਕਦਾ ਹੈ ਕਿ ਜਿਸ ਸਿਆਣਪ ਨੇ ਇਤਨਾ ਨਿਰਾਸ਼ ਤੇ ਉਦਾਸ ਕਰ ਦਿੱਤਾ ਹੈ, ਦੁਖੀ ਕਰ ਦਿੱਤਾ ਹੈ, ਤਾਂ ਫਿਰ ਕਿਉਂ ਨਾ ਇਸ ਸਿਆਣਪ ਨੂੰ ਮਿਟਾਈਏ। ਤੇ ਸਮਝ ਦੇ ਤਲ ਤੋਂ ਮਨੁੱਖ ਥੱਲੇ ਵੀ ਜਾ ਸਕਦਾ ਹੈ, ਨਸ਼ਾ ਕਰ ਕੇ। ਕੋਈ ਵੀ ਨਸ਼ਾ ਹੋਵੇ, ਸਮਝ ਦੇ ਤਲ ਤੋਂ ਹੇਠਾਂ ਡੇਗ ਸਕਦਾ ਹੈ। ਇਹ ਜੁਗ ਬੜਾ ਸਿਆਣਾ ਜੁਗ ਹੈ, ਇਹੀ ਕਾਰਨ ਹੈ ਕਿ ਨਸ਼ਾ ਇਤਨਾ ਵਿਆਪਕ ਹੈ। ਯੂਰਪੀਅਨ ਲੋਕ ਪਾਣੀ ਦੀ ਤਰ੍ਹਾਂ ਸ਼ਰਾਬ ਪੀ ਰਹੇ ਹਨ। ਅਕਲ ਤੋਂ ਥੱਲੇ ਚਲੇ ਜਾਣਾ ਚਾਹੁੰਦੇ ਨੇ, ਕਿਉਂਕਿ ਜੈਸੇ ਜੈਸੇ ਅਕਲ ਵਧਦੀ ਹੈ, ਸੰਸਾਰ ਛੋਟਾ ਹੁੰਦਾ ਜਾਂਦਾ ਹੈ, ਔਰ ਫਿਰ ਇਹ ਛੋਟਾ ਸੰਸਾਰ ਖਿਡਾਉਣਾ ਪ੍ਰਤੀਤ ਹੋਣ ਲੱਗ ਜਾਂਦਾ ਹੈ। ਜੈਸੇ ਬਾਲਗ਼ ਮਨੁੱਖ ਦਾ ਛੋਟੇ ਖਿਡਾਉਣਿਆਂ ਨਾਲ ਖੇਲਣਾ ਚੰਗਾ ਨਹੀਂ ਲਗਦਾ, ਹਾਸੋ-ਹੀਣੀ ਗੱਲ ਹੋ ਜਾਂਦੀ ਹੈ, ਇਸੇ ਤਰ੍ਹਾਂ ਇਕ ਸਿਆਣੇ ਮਨੁੱਖ ਦਾ ਇਸ ਸੰਸਾਰ ਵਿਚ ਜਿਊਣਾ ਮੁਸ਼ਕਿਲ ਹੋ ਜਾਂਦਾ ਹੈ। ਲੇਕਿਨ ਸਿਆਣਪ ਦਾ ਅਤੇ ਨਿਰਾਸ਼ਾ ਭਰੀ ਅਵਸਥਾ ਦਾ ਸਹੀ ਉਪਯੋਗ ਇਹ ਹੈ ਕਿ ਉਹ ਆਪਣੀ ਜ਼ਿੰਦਗੀ ਨੂੰ ਬਦਲੇ; ਆਪਣੇ ਜੀਵਨ ਨੂੰ ਬਦਲੇ। ਪੂਰਨ ਤੌਰ 'ਤੇ ਨਿਰਾਸ਼ ਹੋਏ ਮਨੁੱਖ ਆਪਣੇ ਜੀਵਨ ਨੂੰ ਯਾ ਤਾਂ ਬਦਲਣਗੇ ਯਾ ਜੀਵਨ ਖ਼ਤਮ ਕਰਨਗੇ। ਯਾ ਫਿਰ ਐਸਾ ਹੋ ਸਕਦਾ ਹੈ ਕਿ ਨਸ਼ਾ ਕਰ ਕੇ ਸਿਆਣਪ ਤੋਂ ਥੱਲੇ ਜੀਵਣ। ਜੈਸੇ ਪਸ਼ੂ ਬੋਰ (Bore) ਨਹੀਂ ਹੁੰਦੇ, ਚਿੰਤਾਤੁਰ ਨਹੀਂ ਹੁੰਦੇ; ਪਸ਼ੂ ਮਾਨਸਿਕ ਤਲ 'ਤੇ ਦੁਖੀ, ਉਦਾਸ, ਨਿਰਾਸ਼ ਨਹੀਂ ਹੁੰਦੇ। ਪਸ਼ੂ ਸਾਰੇ ਦੇ ਸਾਰੇ ਸੁਖ ਵਿਚ ਜਿਊਂਦੇ ਹਨ। ਅਕਲ ਤੋਂ ਥੱਲੇ ਚਲੇ ਜਾਣ ਨਾਲ ਮਹਾਨ ਸੁਖ ਦੀ ਪ੍ਰਾਪਤੀ ਤਾਂ ਨਹੀਂ ਹੁੰਦੀ, ਪਰ ਦੁਖ ਦਾ ਜੋ ਅਭਾਉ ਹੋ ਜਾਏਗਾ, ਬਸ ਉਸ ਨੂੰ ਸੁਖ ਸਮਝ ਕੇ ਜੀਵਿਆ ਜਾ ਸਕਦਾ ਹੈ, ਤਾਂ ਹੀ ਤਾਂ ਸ਼ਰਾਬ ਦੀ ਕਸ਼ਿਸ਼ ਸਾਰੀ ਦੁਨੀਆ ਵਿਚ ਹੋ ਗਈ ਹੈ ਔਰ

ਜਣਾ-ਖਣਾ ਸ਼ਰਾਬ ਪੀ ਰਿਹਾ ਹੈ, ਜੈਸੇ ਜ਼ਿੰਦਗੀ ਕੇਵਲ ਨਸ਼ੇ ਲਈ ਹੀ ਹੋਵੇ।

ਨਸ਼ੇ ਵਿਚ ਮਨੁੱਖ ਦੁਖ ਨੂੰ ਭੁੱਲ ਜਾਂਦਾ ਹੈ ਔਰ ਦੁਖ ਦੇ ਭੁੱਲਣੇ ਨੂੰ ਹੀ ਸੁਖ ਸਮਝ ਲੈਂਦਾ ਹੈ। ਔਰ ਇਹ ਇਲਾਜ ਬੀਮਾਰੀ ਨਾਲੋਂ ਵੀ ਭੈੜਾ ਹੁੰਦਾ ਹੈ, ਕਿਉਂਕਿ ਇਹ ਰੋਗ ਨੂੰ ਲੰਬਾ ਕਰ ਦਿੰਦਾ ਹੈ।

ਨਿਰਾਸ਼ਾ ਜੇ ਪ੍ਰਭੂ ਨੇ ਦਿੱਤੀ ਹੈ, ਬਣਾਈ ਹੈ, ਤਾਂ ਲਾਜ਼ਮੀ ਹੈ ਕਿ ਇਸ ਦਾ ਪ੍ਰਯੋਗ ਹੋਵੇ। ਧੰਨ ਗੁਰੂ ਤੇਗ਼ ਬਹਾਦਰ ਸਾਹਿਬ ਫ਼ੁਰਮਾਉਂਦੇ ਨੇ:

ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥

(ਸੋਰਠਿ ਮਹਲਾ ੯, ਪੰਨਾ 633)

ਦਰਅਸਲ ਕਹਿੰਦੇ ਨੇ ਕਿ ਮਨੁੱਖ 40 ਦਿਨ ਰੋਟੀ ਤੋਂ ਬਿਨਾਂ ਜੀਅ ਸਕਦੈ, ਤਿੰਨ ਦਿਨ ਪਾਣੀ ਤੋਂ ਬਿਨਾਂ ਵੀ ਜੀਅ ਸਕਦਾ ਹੈ ਔਰ 8 ਮਿੰਟ ਸਵਾਸਾਂ ਤੋਂ ਬਿਨਾਂ ਵੀ ਜੀਅ ਸਕਦਾ ਹੈ। ਲੇਕਿਨ ਆਸਾ ਤੋਂ ਬਿਨਾਂ ਜੀਵਣਾ ਕਠਿਨ ਹੈ, ਇਕ ਸੈਕਿੰਡ ਵੀ ਨਹੀਂ ਜੀਅ ਸਕਦਾ। ਹਰ ਸਵਾਸ ਉਪਰ ਆਸਾ ਸਵਾਰ ਹੁੰਦੀ ਹੈ। ਲੇਕਿਨ ਇਥੇ ਇਸ ਰਮਜ਼ ਨੂੰ ਸਮਝਣਾ ਹੈ। ਠੀਕ ਹੈ ਕਿ ਆਸਾ ਤੋਂ ਬਿਨਾਂ ਜਿਊਣਾ ਔਖਾ ਹੈ, ਜਗਤ ਤੋਂ ਨਿਰਾਸ਼ ਹੋ ਜਾਣਾ ਮੁਸ਼ਕਿਲ ਹੋ ਜਾਂਦਾ ਹੈ, ਤੇ ਆਸਾ ਦਾ ਰੁਖ਼ ਮੋੜ ਦੇਣਾ ਹੈ:

ਕਬੀਰ ਆਸਾ ਕਰੀਐ ਰਾਮ ਕੀ ਅਵਰੈ ਆਸ ਨਿਰਾਸ॥

(ਸਲੋਕ ਕਬੀਰ ਜੀ, ਪੰਨਾ 1369)

ਜਗਤ ਤੋਂ ਨਿਰਾਸ਼ ਹੋ ਕੇ ਪ੍ਰਭੂ ਦੀ ਆਸਾ ਵਿਚ ਜਿਊਣਾ ਹੈ। ਇਹ ਆਸ ਜੀਵਨ ਨੂੰ ਬਦਲੇਗੀ, ਜੀਵਨ ਨੂੰ ਆਨੰਦਿਤ ਬਣਾ ਦੇਵੇਗੀ। ਇਹ ਆਸ ਜੀਵਨ ਦਾ ਫਲ ਪ੍ਰਦਾਨ ਕਰੇਗੀ। ਲੇਕਿਨ ਮਨੁੱਖ ਦਾ ਪ੍ਰਥਮ ਤੌਰ 'ਤੇ ਜਗਤ ਤੋਂ ਨਿਰਾਸ਼ ਹੋਣਾ ਕਠਿਨ ਹੈ, ਤੇ ਜੇ ਨਿਰਾਸ਼ ਹੋ ਗਿਆ ਤਾਂ ਫਿਰ ਆਸਾ ਦੀ ਡੋਰੀ ਪ੍ਰਭੂ ਨਾਲ ਜੋੜਨੀ ਹੈ, ਜੋ ਕਿ ਔਖੀ ਹੈ, ਇਸ ਵਾਸਤੇ ਰੋਜ਼ ਦਾ ਸਤਿਸੰਗ ਜ਼ਰੂਰੀ ਹੈ, ਸੂਝ ਚਾਹੀਦੀ ਹੈ, ਨਹੀਂ ਤਾਂ ਅਗਰ ਜਗਤ ਤੋਂ ਨਿਰਾਸ਼ ਹੋ ਗਿਆ ਤਾਂ ਇਹ ਗ਼ਲਤ ਚੁਣਾਉ ਵੀ ਕਰ ਸਕਦਾ ਹੈ। ਇਹ ਉਸ ਨਿਰਾਸ਼ਾ ਨੂੰ ਭੁਲਾਣ ਵਾਸਤੇ ਸ਼ਰਾਬ ਪੀ ਸਕਦਾ ਹੈ ਔਰ ਨਿਰਾਸ਼ਾ ਤੋਂ ਹੋਏ ਦੁਖ ਨੂੰ ਭੁਲਾ ਕੇ ਸੁਖ ਸਮਝ ਸਕਦਾ ਹੈ। ਇਸ ਤਰ੍ਹਾਂ ਇਹ ਆਪਣੀ ਜ਼ਿੰਦਗੀ ਨੂੰ ਤਬਾਹ ਕਰ ਸਕਦਾ ਹੈ, ਬਰਬਾਦ ਕਰ ਸਕਦਾ ਹੈ।

ਸੰਸਾਰਕ ਆਸਾ, ਇੱਛਾ, ਦੁਖਾਂ ਦਾ ਮੂਲ ਹੈ। ਅੱਵਲ ਤਾਂ ਇੱਛਾ ਪੂਰੀ ਨਹੀਂ ਹੁੰਦੀ, ਜੇ ਹੋ ਗਈ ਏ ਤਾਂ ਉਹ ਪੂਰੀ ਹੁੰਦਿਆਂ ਹੁੰਦਿਆਂ ਘੱਟ ਤੋਂ ਘੱਟ ਦਸ ਹੋਰ ਇੱਛਾਵਾਂ ਨੂੰ ਜਨਮ ਦੇ ਜਾਂਦੀ ਹੈ; ਔਰ ਉਹ ਦਸ ਇੱਛਾਵਾਂ ਪੂਰੀਆਂ

ਹੋਵਣ ਤੱਕ ਸੌ ਇੱਛਾਵਾਂ ਨੂੰ ਜਨਮ ਦੇ ਜਾਂਦੀਆਂ ਹਨ ਤੇ ਫਿਰ ਸੌ ਇੱਛਾਵਾਂ ਪੂਰੀਆਂ ਹੋਵਣ ਤਕ ਹਜ਼ਾਰਾਂ ਇੱਛਾਵਾਂ ਨੂੰ ਜਨਮ ਦੇ ਜਾਂਦੀਆਂ ਹਨ; ਔਰ ਹਜ਼ਾਰਾਂ ਇੱਛਾਵਾਂ ਪੂਰੀਆਂ ਹੋਵਣ, ਇਤਨੀ ਜ਼ਿੰਦਗੀ ਹੀ ਨਹੀਂ ਹੈ। ਜੈਸੇ ਜੈਸੇ ਜੀਵਨ ਵਧਦਾ ਜਾਂਦਾ ਹੈ, ਉਮਰ ਲੰਬੀ ਹੁੰਦੀ ਜਾਂਦੀ ਹੈ, ਤੈਸੇ ਤੈਸੇ ਖ਼ਾਹਸ਼ਾਂ ਦਾ ਬੋਝ, ਇੱਛਾਵਾਂ ਦਾ ਭਾਰ ਸਿਰ 'ਤੇ ਵਧਦਾ ਜਾਂਦਾ ਹੈ:

ਬਰਧੰਤਿ ਜਰੂਆ ਹਿਤੰੑਤ ਮਾਇਆ॥

(ਸਲੋਕ ਸਹਸਕ੍ਰਿਤੀ ਮ: ੫, ਪੰਨਾ 1354)

ਔਰ ਇਨ੍ਹਾਂ ਦੇ ਭਾਰ ਥੱਲੇ ਦਬ ਕੇ ਜੀਵਨ ਦਾ ਅੰਤ ਹੋ ਜਾਂਦਾ ਹੈ।

ਜਿਤਨਾ ਸਿਆਣਾ ਮਨੁੱਖ ਹੋਵੇਗਾ, ਉਹ ਇਸ ਰਮਜ਼ ਨੂੰ ਸਮਝ ਲਏਗਾ। ਨਿਰਾਸ਼ ਹੋਵੇਗਾ, ਪਰ ਨਿਰਾਸ਼ ਹੋ ਕੇ ਜੀਵਣਾ ਕਠਿਨ ਹੈ। ਜੀਵਨ ਨੂੰ ਜਿਊਣ ਦੀ ਕੋਈ ਆਸ ਤਾਂ ਚਾਹੀਦੀ ਹੀ ਹੈ। ਨਿਰਾਸ਼ ਹੋ ਗਿਆ, ਤੇ ਨਿਰਾਸ਼ਾ ਬਹੁਤ ਵੱਡਾ ਬੋਝ ਹੈ, ਨਿਰਾਸ਼ਾ ਬਹੁਤ ਵੱਡਾ ਸੰਤਾਪ ਹੈ। ਹੁਣ ਇਸ ਨਿਰਾਸ਼ਾ ਤੋਂ ਬਚਣ ਦਾ ਉਪਰਾਲਾ ਕੀ ਹੈ ? ਬਸ ਆਸਾ ਦੀ ਡੋਰੀ ਪਰਮਾਤਮਾ ਨਾਲ ਜੋੜ ਦੇਈਏ। ਔਰ ਇਸ ਡੋਰੀ ਦੇ ਜੋੜਦਿਆਂ ਹੀ ਪ੍ਰਭੂ ਆਨੰਦ ਹੈ, ਪ੍ਰਕਾਸ਼ ਹੈ, ਰਸ ਹੈ। ਜੀਵਨ ਮਹਾਂ ਰਸ ਨਾਲ ਭਰ ਜਾਂਦਾ ਹੈ, ਆਨੰਦ ਨਾਲ ਭਰ ਜਾਂਦਾ ਹੈ, ਖੇੜੇ ਤੇ ਖ਼ੁਸ਼ੀਆਂ ਨਾਲ ਦਾਮਨ ਸਰਸ਼ਾਰ ਹੋ ਜਾਂਦਾ ਹੈ।

ਸੰਸਾਰ ਇਕ ਆਸਾ ਦਾ ਮੂਲ ਹੈ:

ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ॥
ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ॥

(ਸਾਰੰਗ ਕੀ ਵਾਰ ਮ: ੪, ਪੰਨਾ 1249)

ਪਰ ਪੂਰਨ ਤੌਰ 'ਤੇ ਨਿਰਾਸ਼ ਵੀ ਹੋ ਜਾਈਏ ਤੇ ਆਸਾ ਦੀ ਡੋਰੀ ਪ੍ਰਭੂ ਨਾਲ ਵੀ ਨਾ ਜੋੜੀਏ ਤਾਂ ਵੀ ਸੰਤਾਪ ਹੈ, ਤਾਂ ਵੀ ਵਿਆਕੁਲਤਾ, ਬੇਚੈਨੀ, ਸੋਚ, ਚਿੰਤਾ, ਛੱਡਣ ਨਹੀਂ ਲੱਗੀਆਂ। ਬਸ ਇਹ ਇਕ ਮਹਾਨ ਕਲਾ ਹੈ ਕਿ ਸੰਸਾਰ ਤੋਂ ਨਿਰਾਸ਼ ਹੋਇਆ ਮਨੁੱਖ ਆਸਾ ਦੀ ਡੋਰੀ ਪ੍ਰਭੂ ਨਾਲ ਜੋੜੇ। ਸੰਸਾਰਕ ਆਸਾ ਇਕ ਮਹਾਨ ਦੁਖ ਹੈ। ਨਿਰਾਸ਼ ਹੋ ਜਾਣਾ ਇਕ ਮਹਾਨ ਸੰਤਾਪ ਹੈ। ਮਹਾਂ ਅਨੰਦ ਹੈ—ਆਸਾ ਦੀ ਡੋਰੀ ਪ੍ਰਭੂ ਨਾਲ ਜੋੜਨੀ। ਲੇਕਿਨ ਪਰਮਾਤਮਾ ਤੋਂ ਵੀ ਨਿਰਾਸ਼ ਹੋ ਜਾਣਾ ਇਹ ਸਪੱਸ਼ਟ ਕਰ ਰਿਹਾ ਹੈ ਕਿ ਅਗਿਆਨਤਾ ਹੈ, ਨਾਸਮਝੀ ਹੈ। ਜੈਸੇ ਇਕ ਆਲਮ ਕਹਿੰਦਾ ਹੈ:

ਉਠਤੇ ਨਹੀਂ ਹੈਂ ਅਬ ਤੋ ਦੁਆ ਕੇ ਲੀਏ ਹਾਥ,
ਇਸ ਕਦਰ ਨਾ-ਉਮੀਦ ਹੂੰ ਪਰਵਰਦਿਗਾਰ ਸੇ।

ਸੰਸਾਰ ਤੋਂ ਵੀ ਨਿਰਾਸ਼, ਨਿਰੰਕਾਰ ਤੋਂ ਵੀ ਨਿਰਾਸ਼, ਐਸੇ ਮਨੁੱਖ ਲਈ

ਤਾਂ ਇੱਕੋ ਹੀ ਰਸਤਾ ਰਹਿ ਜਾਂਦਾ ਹੈ, ਨਿਰਾਸ਼ਾ ਵਿਚ ਗੁਸੇ ਹੋਏ ਮਨੁੱਖ ਇੱਕੋ ਰਸਤੇ ਦਾ ਚੁਣਾਉ ਕਰਦੇ ਨੇ—ਆਤਮ-ਹੱਤਿਆ।

ਮੁਨਹਸਿਰ ਮਰਨੇ ਪਿ ਹੋ, ਜਿਸ ਕੀ ਉਮੀਦ
ਨਾ-ਉਮੀਦੀ ਉਸ ਕੀ, ਦੇਖਾ ਚਾਹੀਏ।

ਠੀਕ ਹੈ, ਜੀਵਨ ਜਿਊਣ ਲਈ ਕੋਈ ਆਸ ਚਾਹੀਦੀ ਹੈ। ਸੰਸਾਰੀ ਅਸੀਂ ਉਸ ਨੂੰ ਕਹਿੰਦੇ ਹਾਂ ਜੋ ਵਿਅਰਥ ਦੀਆਂ ਇੱਛਾਵਾਂ ਵਿਚ ਆਪਣਾ ਜੀਵਨ ਬਤੀਤ ਕਰਦਾ ਹੈ, ਜੋ ਕਦੀ ਪੂਰੀਆਂ ਹੀ ਨਹੀਂ ਹੁੰਦੀਆਂ। ਜੇ ਹੁੰਦੀਆਂ ਨੇ ਤਾਂ ਅਨੰਤ ਨੂੰ ਜਨਮ ਦੇ ਜਾਂਦੀਆਂ ਨੇ। ਲੇਕਿਨ ਸਿਆਣਾ ਮਨੁੱਖ ਉਹ ਹੈ, ਜੋ ਆਸਾ ਦੀ ਡੋਰੀ ਪਰਮਾਤਮਾ ਨਾਲ ਜੋੜ ਦਿੰਦਾ ਹੈ:

ਪ੍ਰਭ ਡੋਰੀ ਹਾਥਿ ਤੁਮਾਰੇ॥ *(ਸੋਰਠਿ ਮ: ੫, ਪੰਨਾ 626)*

ਹੁਣ ਜਿਧਰ ਪਰਮਾਤਮਾ ਲੈ ਜਾਏ, ਓਧਰ ਹੀ ਉਹ ਆਨੰਦਿਤ ਹੋ ਜਾਂਦਾ ਹੈ:

ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ॥
ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ॥੭੪॥

(ਸਲੋਕ ਕਬੀਰ ਜੀ, ਪੰਨਾ 1368)

ਸੰਸਾਰ ਜਿਤਨਾ ਵੀ ਕਿਸੇ ਨੂੰ ਆਪਣੀ ਤਰਫ਼ ਖਿੱਚਦਾ ਹੈ, ਉਤਨਾ ਹੀ ਤਬਾਹ ਕਰ ਦਿੰਦਾ ਹੈ, ਉਤਨਾ ਹੀ ਬਰਬਾਦ ਕਰ ਦਿੰਦਾ ਹੈ। ਲੇਕਿਨ ਪਰਮਾਤਮਾ ਜਿਸ ਨੂੰ ਆਪਣੇ ਵੱਲ ਖਿੱਚਣਾ ਸ਼ੁਰੂ ਕਰਦਾ ਹੈ, ਉਤਨਾ ਹੀ ਉਸ ਨੂੰ ਆਨੰਦਿਤ ਕਰ ਦਿੰਦਾ ਹੈ, ਉਤਨਾ ਰਸਦਾਇਕ ਬਣਾ ਦਿੰਦਾ ਹੈ, ਉਤਨੀ ਹੀ ਉਸ ਦੀ ਝੋਲੀ ਖ਼ੁਸ਼ੀਆਂ ਅਤੇ ਖੇੜਿਆਂ ਨਾਲ ਭਰ ਦਿੰਦਾ ਹੈ। ਸੋ, ਸਭ ਤੋਂ ਵੱਡੀ ਸਿਆਣਪ ਇਹ ਹੈ ਕਿ ਆਸਾ ਦੀ ਡੋਰੀ ਸੰਸਾਰ ਨਾਲੋਂ ਤੋੜ ਕੇ ਨਿਰੰਕਾਰ ਨਾਲ ਜੋੜਨੀ ਹੈ। ਲੇਕਿਨ ਅਗਰ ਪਰਮਾਤਮਾ ਕੋਲੋਂ ਵੀ ਕੁਛ ਸੰਸਾਰਕ ਪਦਾਰਥ ਮੰਗਿਆ ਜਾ ਰਿਹਾ ਹੈ ਤਾਂ ਇਹ ਪਰਮਾਤਮਾ ਦੇ ਨਾਮ 'ਤੇ ਡੋਰੀ ਸੰਸਾਰ ਨਾਲ ਜੋੜੀ ਹੋਈ ਹੈ, ਨਿਰੰਕਾਰ ਨਾਲ ਨਹੀਂ।

ਸੰਸਾਰ ਤੋਂ ਜੋ ਟੋਟਲੀ (Totally) ਨਿਰਾਸ਼ ਹੋ ਜਾਂਦਾ ਹੈ, ਉਹ ਹੀ ਨਿਰੰਕਾਰ ਦੀ ਆਸਾ ਕਰਦਾ ਹੈ। ਧੰਨ ਭਾਗ ਨੇ ਉਸ ਮਨੁੱਖ ਦੇ ਜੋ ਪਰਮਾਤਮਾ ਦੀ ਆਸ ਵਿਚ ਜਿਊਂਦਾ ਹੈ, ਔਰ ਇਹੀ ਆਸ ਆਨੰਦ ਬਣਾ ਦਿੰਦੀ ਹੈ, ਜੀਵਨ ਨੂੰ ਸਰਸਬਜ਼ ਬਾਗ਼ ਬਣਾ ਦਿੰਦੀ ਹੈ।

ਸੰਸਾਰਕ ਆਸਾਂ 'ਤੇ ਇੱਛਾਵਾਂ ਬੰਧਨ ਨੇ:

ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ॥
ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ॥

(ਸੋਰਠਿ ਮ: ੧, ਪੰਨਾ 635)

ਜਿਥੇ ਸੰਸਾਰ ਦੀ ਇਕ ਇਕ ਇੱਛਾ ਬੰਧਨ ਹੈ, ਉਥੇ ਪਰਮਾਤਮਾ ਦੀ ਇੱਛਾ ਮੋਖਸ਼ ਹੈ, ਮੁਕਤੀ ਹੈ। ਇਕ ਮੋਖਸ਼ ਹੈ, ਇਕ ਮੁਕਤੀ ਹੈ; ਇਕ ਆਜ਼ਾਦੀ ਹੈ, ਇਕ ਜੇਲ੍ਹ ਹੈ; ਇਕ ਦੁਖਾਂ ਦਾ ਮੂਲ ਹੈ, ਇਕ ਆਨੰਦ ਦਾ ਘਰ ਹੈ। ਹੁਣ ਇਹ ਚੁਣਾਉ ਮਨੁੱਖ ਨੇ ਹੀ ਕਰਨਾ ਹੈ ਕਿ ਸੰਸਾਰ ਦੀਆਂ ਇੱਛਾਵਾਂ ਵਿਚ ਜਿਊਣਾ ਹੈ ਯਾ ਫਿਰ ਨਿਰੰਕਾਰ ਦੀ ਆਸਾ ਵਿਚ ਜਿਊਣਾ ਹੈ। ਲੇਕਿਨ ਸੰਸਾਰ ਦੀਆਂ ਇੱਛਾਵਾਂ ਛੱਡਣੀਆਂ ਕੋਈ ਬੱਚਿਆਂ ਦਾ ਖੇਲ ਨਹੀਂ ਹੈ।

ਜੋਗੀ ਭਰਥਰੀ ਹਰੀ ਕਹਿੰਦੇ ਨੇ:

ਮੂ ਤਜ ਮਾਤਰ ਮਾ ਅਬ ਤੂ ਭਜ ਆਨ ਕਿਸੇ।
ਜੋ ਤੋਹਿ ਭੋਗਨ ਹੇਤ ਭਜੇ ਤੁਮ ਸੇਵ ਤਿਸੇ।

ਹੇ ਮਾਇਆ, ਹੇ ਸੰਸਾਰ, ਹੇ ਜਗਤ ਦੇ ਰਸ! ਮੈਨੂੰ ਛੋੜ। ਹੇ ਮਾਇਆ! ਮੈਂ ਤੈਨੂੰ ਮਾਂ ਕਹਿੰਦਾ ਹਾਂ, ਤੂੰ ਛੋੜ ਮੈਨੂੰ। ਜੋ ਤੈਨੂੰ ਭੋਗਣ ਲਈ ਚਾਹੁੰਦੇ ਨੇ, ਇਸਤਰੀ ਕਰ ਕੇ ਮੰਨਦੇ ਨੇ, ਤੂੰ ਉਨ੍ਹਾਂ ਦੇ ਪਿੱਛੇ ਜਾ, ਉਨ੍ਹਾਂ ਨੂੰ ਤੰਗ ਕਰ। ਮੈਂ ਤਾਂ ਤੈਨੂੰ ਮਾਂ ਕਹਿੰਦਾ ਹਾਂ, ਪ੍ਰਣਾਮ ਕਰਦਾ ਹਾਂ, ਛੋੜ ਮੈਨੂੰ। ਇਹ ਜੋਦੜੀ ਦੱਸ ਰਹੀ ਹੈ ਕਿ ਸੰਸਾਰਕ ਇੱਛਾਵਾਂ ਨੂੰ ਛੋੜਨਾ ਕਿਤਨਾ ਮੁਸ਼ਕਿਲ ਹੈ, ਕੋਈ ਸੌਖਾ ਕੰਮ ਨਹੀਂ ਹੈ, ਬਹੁਤ ਹੀ ਕਠਿਨ ਹੈ। ਅੱਵਲ ਤਾਂ ਸੰਸਾਰ ਤੋਂ ਨਿਰਾਸ਼ ਹੋਣਾ ਬੜਾ ਕਠਿਨ ਹੈ, ਔਰ ਜੇ ਕਿਧਰੇ ਮਨੁੱਖ ਨਿਰਾਸ਼ ਹੋ ਗਿਆ ਤਾਂ ਆਸਾ ਦੀ ਡੋਰੀ ਪਰਮਾਤਮਾ ਨਾਲ ਜੋੜਨੀ ਕਠਿਨ ਹੈ, ਕਿਉਂਕਿ ਵਿਚ, ਅਗਿਆਨ ਰੁਕਾਵਟਾਂ ਖੜੀਆਂ ਕਰਦਾ ਹੈ, ਨਾਸਮਝੀ, ਅਸ਼ਰਧਾ, ਵਿਚ ਰੁਕਾਵਟ ਖੜ੍ਹੀ ਕਰਦੀ ਹੈ।

ਜੇ ਕਿਧਰੇ ਸਤਿਸੰਗ ਤੋਂ ਸੂਝ ਮਿਲੇ, ਸ਼ਰਧਾ ਅੰਦਰੋਂ ਪ੍ਰਬਲ ਤੌਰ 'ਤੇ ਉਮਡੇ ਤਾਂ ਫਿਰ ਮਨੁੱਖ ਆਸਾ ਦਾ ਸੰਬੰਧ ਪਰਮਾਤਮਾ ਨਾਲ ਜੋੜਦਾ ਹੈ। ਫਿਰ ਪਰਮਾਤਮਾ ਜਿਧਰ ਜਾਂਦਾ ਹੈ, ਇਹ ਉਧਰ ਹੀ ਜਾਂਦਾ ਹੈ। ਪਰਮਾਤਮਾ ਦੀ ਜ਼ਿੰਦਗੀ ਇਸ ਦੀ ਜ਼ਿੰਦਗੀ ਬਣ ਜਾਂਦੀ ਹੈ। ਇਸ ਨੂੰ ਪਰਮਾਤਮ-ਰਸ ਦੀ ਪ੍ਰਾਪਤੀ ਹੋ ਜਾਂਦੀ ਹੈ। ਪਰਮਾਤਮਾ ਦਾ ਸਿੰਘਾਸਨ ਇਸ ਦਾ ਸਿੰਘਾਸਨ ਬਣ ਜਾਂਦਾ ਹੈ। ਇਸ ਦੀ ਇਹ ਅਵਸਥਾ ਹੋ ਜਾਂਦੀ ਹੈ, ਜਿਸ ਦੇ ਬਾਰੇ ਸ਼੍ਰੋਮਣੀ ਭਗਤ ਕਬੀਰ ਜੀ ਫ਼ੁਰਮਾਉਂਦੇ ਨੇ:

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥

(ਰਾਮਕਲੀ ਕਬੀਰ ਜੀ, ਪੰਨਾ 969)

ਇਕ ਆਸਾ ਰਸਾਤਲ ਵਿਚ ਗਿਰਾ ਦਿੰਦੀ ਹੈ, ਇਕ ਆਸਾ ਰਾਮ ਦੇ ਸਿੰਘਾਸਨ 'ਤੇ ਬਿਠਾ ਦਿੰਦੀ ਹੈ। ਇਹ ਮਹਾਨ ਦਾਨਿਸ਼ਮੰਦੀ ਹੈ ਕਿ ਜੇ ਮਨੁੱਖ

ਕਿਧਰੇ ਰਾਮ ਦੀ ਆਸਾ ਵਿਚ ਆਪਣੇ ਜੀਵਨ ਦਾ ਪ੍ਰਯੋਗ ਕਰੇ। ਪ੍ਰਭੂ ਦੀ ਆਸਾ ਮਨੁੱਖ ਨੂੰ ਪ੍ਰਭੂ ਹੀ ਬਣਾ ਦੇਂਦੀ ਹੈ। ਸੰਸਾਰੀ ਇੱਛਾ ਮਨੁੱਖ ਨੂੰ ਭਿਖਾਰੀ ਬਣਾ ਦੇਂਦੀ ਹੈ, ਔਰ ਨਿਰੰਕਾਰ ਦੀ ਖ਼ਾਹਸ਼ ਮਨੁੱਖ ਨੂੰ ਰਾਜਿਆਂ ਦਾ ਰਾਜਾ ਬਣਾ ਦੇਂਦੀ ਹੈ, ਬਾਦਸ਼ਾਹਾਂ ਦਾ ਬਾਦਸ਼ਾਹ ਬਣਾ ਦੇਂਦੀ ਹੈ ਔਰ ਮਨੁੱਖ ਵਾਕਈ ਇਸ ਆਸਾ ਨਾਲ ਬਾਦਸ਼ਾਹ ਬਣ ਜਾਂਦਾ ਹੈ:

ਜਿਸ ਨੋ ਬਖਸੇ ਸਿਫਤਿ ਸਾਲਾਹ॥
ਨਾਨਕ ਪਾਤਿਸਾਹੀ ਪਾਤਿਸਾਹੁ॥ *(ਜਪੁ ਜੀ)*

ਜਗਤ ਦੁਖੀ ਹੈ, ਕਿਉਂਕਿ ਇੱਛਾ ਵਿਚ ਜੀਅ ਰਿਹਾ ਹੈ। ਲਹਿਰਾਂ ਦੀ ਕਾਮਨਾ ਕਰਨ ਵਾਲਾ ਮਨੁੱਖ ਦੁਖੀ ਤਾਂ ਹੋਵੇਗਾ ਹੀ। ਜਿਤਨੀ ਦੇਰ ਵਿਚ ਇਕ ਲਹਿਰ ਪਕੜ ਵਿਚ ਆਉਂਦੀ ਹੈ, ਦੂਜੀ ਹੱਥੋਂ ਨਿਕਲ ਜਾਂਦੀ ਹੈ। ਸੰਸਾਰ ਕਿਸ ਦੇ ਹੱਥ ਆਉਂਦਾ ਹੈ। ਪਰ ਮਨੁੱਖ ਜੇਕਰ ਆਪਣੇ ਆਪ ਨੂੰ ਨਿਰੰਕਾਰ ਦੇ ਹੱਥਾਂ ਵਿਚ ਸੌਂਪ ਦੇਵੇ ਤਾਂ ਨਿਰੰਕਾਰ ਦੇ ਹੱਥ ਉਸ ਮਨੁੱਖ ਦੇ ਬਣ ਜਾਂਦੇ ਹਨ। ਸੰਸਾਰ ਦੀ ਆਸਾ ਰੱਖਣ ਵਾਲਿਆਂ ਦੇ ਹੱਥ ਹਮੇਸ਼ਾ ਖ਼ਾਲੀ ਰਹਿੰਦੇ ਹਨ ਔਰ ਨਿਰੰਕਾਰ ਦੀ ਆਸਾ ਰੱਖਣ ਵਾਲੇ ਦਾਤੇ ਬਣ ਜਾਂਦੇ ਹਨ, ਉਨ੍ਹਾਂ ਦੇ ਹੱਥ ਦਾਤਾਂ ਨਾਲ ਭਰ ਜਾਂਦੇ ਹਨ। ਸੰਸਾਰ ਦੀ ਆਸਾ ਰੱਖਣ ਵਾਲੇ ਦੁਖੀ ਰਹਿੰਦੇ ਹਨ ਔਰ ਦੁਖ ਹੀ ਵੰਡਦੇ ਹਨ, ਪਰ ਪਰਮਾਤਮਾ ਦੀ ਆਸਾ ਰੱਖਣ ਵਾਲੇ, ਸੁਖਾਂ ਦੇ ਵੰਡਣ ਵਾਲੇ ਮਹਾਨ ਦਾਤੇ ਬਣ ਜਾਂਦੇ ਹਨ:

ਓਇ ਦਾਤੇ ਦੁਖ ਕਾਟਨਹਾਰ॥ *(ਗਉੜੀ ਸੁਖਮਨੀ ਮ: ੫, ਪੰਨਾ 285)*

•

ਬਿਰਹੀ

ਨਾਨਕ ਬਿਰਹੀ ਬ੍ਰਹਮ ਕੇ ਆਨ ਨ ਕਤਹੂ ਜਾਹਿ॥

(ਚਉਬੋਲੇ ਮ: ੫, ਪੰਨਾ 1364)

ਜਿਸਦਾ ਹਿਰਦਾ ਪ੍ਰਭਾਉ ਕਬੂਲ ਕਰ ਲੈਂਦਾ ਹੈ, ਉਹ ਮੰਗ ਬਣ ਜਾਂਦਾ ਹੈ। ਪ੍ਰਬਲ ਵਸਤੂ ਯਾਦਾਂ ਵਿਚ ਇਸ ਤਰ੍ਹਾਂ ਗਤੀਮਾਨ ਹੋ ਜਾਂਦੀ ਹੈ, ਜਿਵੇਂ ਨਸਾਂ ਵਿਚ ਖ਼ੂਨ ਗਰਦਸ਼ ਕਰਦਾ ਹੈ, ਜਿਵੇਂ ਤਨ ਵਿਚ ਸਵਾਸ ਚਲਦੇ ਹਨ। ਐਸੀ ਯਾਦ ਬਿਰਹੇ ਦੀ ਪੀੜ ਬਣ ਜਾਂਦੀ ਹੈ। ਹੁਣ ਮਿਲਾਪ ਹੋਵੇ ਤਾਂ ਹੀ ਇਹ ਪੀੜਾ ਦੂਰ ਹੋਵੇ। ਬਿਰਹੇ ਨੂੰ ਤੀਰ ਨਾਲ ਤੁਲਨਾ ਦਿੱਤੀ ਜਾਂਦੀ ਹੈ:

ਲਾਗੀ ਹੋਇ ਸੁ ਜਾਨੈ ਪੀਰ॥
ਰਾਮ ਭਗਤਿ ਅਨੀਆਲੇ ਤੀਰ॥ *(ਗਉੜੀ ਕਬੀਰ ਜੀ, ਪੰਨਾ 327)*

ਤੀਰ ਤਨ ਨੂੰ ਲੱਗੇ, ਖ਼ੂਨ ਨਿਕਲਦਾ ਹੈ, ਔਰ ਜਿਸ ਨੂੰ ਵੀ ਤੀਰ ਲਗਦਾ ਹੈ, ਉਸ ਦਾ ਤੜਪਦਾ ਹੋਇਆ ਤਨ 'ਹਾਏ ਪਾਣੀ ਹਾਏ ਪਾਣੀ' ਕਰਦਾ ਹੈ। ਜਦੋਂ ਯਾਦਾਂ ਬਿਰਹੇ ਦਾ ਤੀਰ ਬਣ ਜਾਣ ਔਰ ਇਹ ਬਿਰਹੇ ਦਾ ਤੀਰ ਜਦ ਮਨ ਨੂੰ ਲਗਦਾ ਹੈ ਤਾਂ ਤੜਪਦਾ ਹੋਇਆ ਮਨ ਫਿਰ ਕਹਿ ਉਠਦਾ ਹੈ— ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ।

ਬਿਰਹੇ ਦੀ ਸਿਖਰਤਾ ਉਦੋਂ ਹੀ ਮੰਨੀ ਜਾਂਦੀ ਹੈ, ਜਦ ਬਿਰਹਾ ਰੋਣਾ ਬਣ ਜਾਵੇ, ਰੁਲਾ ਕੇ ਰਖ ਦੇਵੇ, ਤੜਫ਼ਾ ਕੇ ਰੱਖ ਦੇਵੇ। ਮਨ ਨੂੰ ਬਿਰਹੇ ਦੀ ਪੀੜ ਰੁਲਾ ਕੇ ਰੱਖ ਦੇਂਦੀ ਹੈ:

ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ॥
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ॥

(ਵਡਹੰਸੁ ਮ: ੧, ਪੰਨਾ 558)

ਇਹ ਬਿਰਹਾ ਰੁਦਨ ਨਹੀਂ ਬਣਿਆ, ਇਹ ਬਿਰਹਾ ਰੋਣਾ ਨਹੀਂ ਬਣਿਆ। ਬਿਰਹੇ ਦੀ ਪੀੜ ਜਦ ਰੁਲਾ ਕੇ ਰੱਖ ਦੇਂਦੀ ਹੈ, ਤੜਫ਼ਾ ਕੇ ਰੱਖ ਦੇਂਦੀ ਹੈ, ਤਾਂ ਸਮੂਹ ਬ੍ਰਹਿਮੰਡ ਰੁਦਨ ਕਰਦਾ ਹੋਇਆ ਦਿਖਾਈ ਦਿੰਦਾ ਹੈ। ਸਾਰੀ ਕਾਇਨਾਤ ਪ੍ਰਭੂ ਦੀ ਪੂਜਾ ਹੀ ਦਿਖਾਈ ਦਿੰਦੀ ਹੈ। ਜਗਤ ਦਾ ਜ਼ੱਰਾ ਜ਼ੱਰਾ ਬਿਰਹੀ ਮਾਲੂਮ ਹੁੰਦਾ

ਹੈ। ਪਰਮਾਤਮਾ ਦੀ ਮੰਗ ਕਰਦਾ ਹੋਇਆ ਦਿਖਾਈ ਦਿੰਦਾ ਹੈ। ਬਿਰਹੀ ਪੁਰਸ਼ਾਂ ਨੂੰ ਐਸਾ ਹੀ ਦਿਖਾਈ ਦਿੰਦਾ ਹੈ। ਬਿਰਹੀ ਮਨੁੱਖ ਗਿਲਿਆਂ ਨਾਲ ਵੀ ਭਰ ਜਾਂਦਾ ਹੈ। ਔਰ ਗਿਲੇ ਵੀ ਇੰਜ ਕਰਦਾ ਹੈ ਜਿਵੇਂ ਲਾਡਲੇ ਪੁੱਤਰ ਆਪਣੇ ਮਾਂ-ਬਾਪ 'ਤੇ ਕਰਦੇ ਨੇ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਫ਼ੁਰਮਾਨ ਕਰਦੇ ਨੇ :

ਸੁਣਿ ਨਾਹ ਪਿਆਰੇ ਇਕ ਬੇਨੰਤੀ ਮੇਰੀ॥
ਤੂ ਨਿਜ ਘਰਿ ਵਸਿਅੜਾ ਹਉ ਰੁਲਿ ਭਸਮੈ ਢੇਰੀ॥

(ਤੁਖਾਰੀ ਮ: ੧, ਪੰਨਾ 1111)

ਹੇ ਪ੍ਰਭੂ! ਤੂੰ ਆਪਣੇ ਨਿੱਜ ਸਰੂਪ ਵਿਚ ਆਨੰਦਿਤ ਹੈਂ, ਮਸਤ ਹੈਂ, ਪਰ ਅਸੀਂ ਤਾਂ ਤੈਨੂੰ ਟੋਲ ਟੋਲ ਕੇ ਭਸਮ ਹੋ ਗਏ ਹਾਂ। ਹੇ ਪ੍ਰਭੂ! ਅਸੀਂ ਤਾਂ ਤੇਰੀ ਤਲਾਸ਼ ਵਿਚ ਰਾਖ਼ ਹੋ ਗਏ ਹਾਂ, ਫ਼ੌਤ ਹੋ ਗਏ ਹਾਂ। ਇਹ ਬਿਰਹੀ ਮਨੁੱਖ ਦੇ ਹਿਰਦੇ ਵਿੱਚੋਂ ਗਿਲੇ ਵੀ ਨਿਕਲਦੇ ਨੇ, ਬਿਰਹੀ ਮਨੁੱਖ ਇਹ ਫ਼ਰਿਆਦ ਵੀ ਕਰਦਾ ਹੈ :

ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ॥
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ॥

(ਸਲੋਕ ਫਰੀਦ ਜੀ, ਪੰਨਾ 1379)

ਹੇ ਪ੍ਰਭੂ! ਸਾਡੇ ਕੋਲ ਤਾਂ ਬਿਰਹੇ ਤੋਂ ਬਿਨਾਂ ਹੋਰ ਕੁਛ ਵੀ ਨਹੀਂ ਹੈ।

ਬਿਰਹੇ ਤਕ ਪਹੁੰਚ ਜਾਣਾ, ਜਗਿਆਸੂ ਨੇ ਮਾਨੋ ਬਹੁਤ ਹੀ ਵੱਡੀ ਵਾਟ ਤਹਿ ਕਰ ਲਈ ਹੈ। ਹਿਰਦੇ 'ਤੇ ਜਿਸਦਾ ਪ੍ਰਭਾਉ ਪੈ ਜਾਏ, ਮਨ ਉਸੇ ਨੂੰ ਮੰਗਣ ਲੱਗ ਪੈਂਦਾ ਹੈ, ਹਿਰਦਾ ਉਸ ਨੂੰ ਯਾਦ ਕਰਨ ਲੱਗ ਪੈਂਦਾ ਹੈ। ਯਾਦਾਂ ਬਿਰਹਾ ਬਣ ਜਾਂਦੀਆਂ ਹਨ। ਯਾਦਾਂ ਬਿਰਹੇ ਨੂੰ ਜਨਮ ਦਿੰਦੀਆਂ ਹਨ। ਵਿਛੋੜਾ ਇਕ ਬਹੁਤ ਵੱਡੀ ਪੀੜਾ ਬਣ ਜਾਂਦਾ ਹੈ ਔਰ ਇਹ ਬਿਰਹਾ ਰੁਲਾ ਕੇ, ਤੜਫ਼ਾ ਕੇ ਰੱਖ ਦਿੰਦਾ ਹੈ। ਪਰ ਪ੍ਰਭੂ ਦਾ ਬਿਰਹਾ (ਵਿਛੋੜਾ) ਮਨ ਦੀ ਭਟਕਣ ਨੂੰ ਮਿਟਾ ਕੇ ਰੱਖ ਦਿੰਦਾ ਹੈ :

ਨਾਨਕ ਬਿਰਹੀ ਬ੍ਰਹਮ ਕੇ ਆਨ ਨ ਕਤਹੂ ਜਾਹਿ॥

ਉਹ ਕਿਸੇ ਹੋਰ ਪਾਸੇ ਨਹੀਂ ਜਾਂਦੇ। ਬਿਰਹਾ, ਬਿਰਹੀ ਮਨੁੱਖਾਂ ਨੂੰ ਬ੍ਰਹਮ ਦੀ ਯਾਦ ਵਿਚ ਜੋੜੀ ਰੱਖਦਾ ਹੈ, ਯਾਦ ਦਿਲਾਂਦਾ ਹੈ। ਬ੍ਰਹਮ ਦੀਆਂ ਯਾਦਾਂ ਬਿਰਹਾ ਨੂੰ ਵਧਾਉਂਦੀਆਂ ਨੇ ਔਰ ਇਸ ਤਰ੍ਹਾਂ ਇਹ ਬਿਰਹੇ ਦੀ ਪੀੜਾ ਵਧ ਜਾਂਦੀ ਹੈ। ਤਾਂ ਹੀ ਤਾਂ ਬਾਬਾ ਫ਼ਰੀਦ ਜੀ ਕਹਿੰਦੇ ਨੇ ਕਿ ਹੇ ਪ੍ਰਭੂ! ਇਸ ਬਿਰਹੇ ਦੀ ਪੀੜਾ ਤੋਂ ਇਲਾਵਾ ਸਾਡੇ ਕੋਲ ਹੋਰ ਕੁਛ ਵੀ ਨਹੀਂ ਹੈ। ਸੱਚੇ ਸਾਹਿਬ! ਸਾਡੀ ਹਾਲਤ ਦੇਖ :

ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ॥
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ॥

ਭਗਤ ਕਬੀਰ ਜੀ ਕਹਿੰਦੇ ਨੇ ਕਿ ਹਿਰਦੇ ਦੀ ਸ਼ਾਖਾ 'ਤੇ ਬਿਰਹੇ ਦਾ ਪੰਛੀ ਆਣ ਬੈਠਾ ਹੈ, ਬੋਲ ਰਿਹਾ ਹੈ, ਤੜਪ ਰਿਹਾ ਹੈ, ਹੁਣ ਖਾਣਾ-ਪੀਣਾ, ਪਹਿਨਣਾ ਚੰਗਾ ਨਹੀਂ ਲਗਦਾ :

ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ ॥

(ਤੁਖਾਰੀ ਮ: ੧, ਪੰਨਾ 1108)

ਰਾਤਾਂ ਦੀ ਨੀਂਦ ਉਡ ਗਈ, ਦਿਨ ਦਾ ਚੈਨ ਉਡ ਗਿਆ; ਬਿਰਹੇ ਦੀ ਪੀੜਾ ਐਸੀ ਹੈ।

ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥
ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥

(ਸਲੋਕ ਕਬੀਰ ਜੀ, ਪੰਨਾ 1368)

ਇਹ ਰਾਮ ਤੋਂ ਵਿੱਛੜ ਕੇ ਨਹੀਂ ਜੀਅ ਸਕਦਾ। ਹੁਣ ਕੋਈ ਕਾਜ, ਕੋਈ ਵਸੀਲੇ, ਕੋਈ ਵਸਤੂ ਮਨ ਨੂੰ ਪਰਚਾਣ ਦਾ ਸਾਧਨ ਨਹੀਂ ਬਣਦੇ। ਹੁਣ ਤਾਂ ਰਾਮ ਦਾ ਮਿਲਾਪ ਹੋਵੇ ਤਾਂ ਪੀੜਾ ਜਾਏ, ਨਹੀਂ ਤਾਂ ਇਹ ਬਿਰਹੇ ਦੀ ਪੀੜਾ ਵਧਦੀ ਜਾਏਗੀ।

ਕਈ ਦਫ਼ਾ ਜਗਿਆਸੂ ਦੀਆਂ ਯਾਦਾਂ ਬਿਰਹੇ ਦੀ ਪੀੜਾ ਤਾਂ ਬਣ ਜਾਂਦੀਆਂ ਨੇ, ਪਰ ਇਹ ਪੀੜਾ ਰੁਦਨ ਨਹੀਂ ਬਣਦੀ। ਠੀਕ ਹੈ ਕਿ ਮਨੁੱਖ ਅੱਜ ਤਕ ਬਹੁਤ ਰੋਇਆ ਹੈ। ਇਕ ਆਲਮ ਦਾ ਕਹਿਣਾ ਹੈ ਕਿ ਸੱਤਾਂ ਸਮੁੰਦਰਾਂ ਵਿਚ ਇਤਨਾ ਪਾਣੀ ਨਹੀਂ ਹੈ, ਜਿਤਨਾ ਮਨੁੱਖ ਦੀਆਂ ਅੱਖਾਂ ਵਿੱਚੋਂ ਅੱਜ ਤਕ ਵਗ ਚੁੱਕਿਆ ਹੈ। ਕਿਸੇ ਦਾ ਕਾਰੋਬਾਰ ਤਬਾਹ ਹੋਇਆ ਹੈ ਤਾਂ ਰੋਇਆ ਹੈ; ਕਿਸੇ ਦਾ ਕੋਈ ਸਾਕ ਸੰਬੰਧੀ ਵਿੱਛੜ ਗਿਆ, ਤਾਂ ਰੋਇਆ; ਕਿਸੇ ਦੀ ਪ੍ਰਭੁਤਾ ਨਸ਼ਟ ਹੋਈ ਹੈ, ਰੋਇਆ ਹੈ; ਕਿਸੇ ਨੂੰ ਕੋਈ ਸਰੀਰਕ ਰੋਗ ਹੈ, ਅਰ ਸਰੀਰਕ ਪੀੜਾ ਹੈ, ਰੋਇਆ ਹੈ; ਕਿਸੇ ਦੀ ਕੋਈ ਕਾਮਨਾ ਪੂਰੀ ਨਹੀਂ ਹੋਈ, ਰੋਇਆ ਹੈ। ਰੋਂਦੇ ਹੋਏ ਮਨੁੱਖ ਸਾਰੀ ਪ੍ਰਿਥਵੀ 'ਤੇ ਮਿਲਣਗੇ। ਰੋਣ ਦੇ ਕਾਰਨ ਤਾਂ ਵੱਖ ਵੱਖ ਹੋ ਸਕਦੇ ਨੇ, ਪਰ ਰੋਏ ਜ਼ਰੂਰ ਨੇ। ਕੋਈ ਪਰਿਵਾਰ ਦਾ, ਕੋਈ ਸੰਸਾਰ ਦਾ ਸਤਾਇਆ ਹੋਇਆ ਰੋ ਰਿਹਾ ਹੈ; ਕੋਈ ਕਿਸੇ ਜਾਬਰ ਦੀ ਮਾਰ ਖਾ ਕੇ ਰੋ ਰਿਹਾ ਹੈ; ਕੋਈ ਕਾਰੋਬਾਰ ਦੀ ਸੱਟ ਖਾ ਕੇ ਰੋ ਰਿਹਾ ਹੈ। ਚਾਰੋਂ ਪਾਸਿਉਂ ਮਨੁੱਖਤਾ ਜਿੰਨੀ ਮਰਜ਼ੀ ਰੋਂਦੀ ਹੋਈ ਦਿਖਾਈ ਦੇਵੇ, ਪਰ ਜਦ ਤਕ ਰੱਬੀ ਵਿਛੋੜੇ ਵਿਚ, ਰੱਬੀ ਬਿਰਹੇ ਵਿਚ ਨਾ ਰੋਵੇ, ਉਸ ਆਨੰਦੀ ਨਾਲ ਮਿਲਾਪ ਨਹੀਂ ਹੁੰਦਾ, ਉਸ ਪਰਿਪੂਰਨ ਪਰਮਾਤਮਾ ਦਾ ਮਿਲਣ ਨਸੀਬ ਨਹੀਂ ਹੁੰਦਾ :

ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥

ਰੋਂਦੇ ਹੋਏ ਨੂੰ ਸਾਰਾ ਜਗਤ ਹੀ ਰੋਂਦਾ ਹੋਇਆ ਦਿਖਾਈ ਦਿੰਦਾ ਹੈ। ਉਸਨੂੰ ਫੁੱਲਾਂ ਦੀ ਮੁਸਕਰਾਹਟ ਵੀ ਰੁਦਨ ਕਰਦੀ ਦਿਖਾਈ ਦਿੰਦੀ ਹੈ। ਚੰਦਰਮਾ ਦੀ ਸ਼ੀਤਲਤਾ ਵੀ ਅਗਨ ਪ੍ਰਤੀਤ ਹੁੰਦੀ ਹੈ। ਚਲਦੀਆਂ ਹੋਈਆਂ ਠੰਡੀਆਂ ਹਵਾਵਾਂ ਇਹ ਮਾਨੋ ਸੋਟੀਆਂ ਦੀ ਮਾਰ ਪ੍ਰਤੀਤ ਹੁੰਦੀ ਹੈ। ਐਸੀ ਬਿਰਹਾ ਦੀ (ਵਿਛੋੜੇ ਦੀ) ਹਾਲਤ ਵਿਚ ਮਨੁੱਖ ਨੂੰ ਕੁਛ ਵੀ ਨਹੀਂ ਸਖਾਉਂਦਾ, ਪਰ ਪ੍ਰਭੂ ਦਾ ਬਿਰਹਾ ਜੇ ਕਦੀ ਰੋ ਪਵੇ ਤਾਂ ਆਨੰਦ ਮਿਲ ਜਾਂਦਾ ਹੈ। ਇਹ ਰੱਬੀ ਬਿਰਹਾ ਕਿਸੇ ਕਿਸੇ ਦਾ ਹੀ ਰੋਂਦਾ ਹੈ, ਜਗਿਆਸਾ ਭਾਵੇਂ ਬਹੁਤਿਆਂ ਅੰਦਰ ਹੁੰਦੀ ਹੈ। ਪ੍ਰਭੂ ਨੂੰ ਯਾਦ ਤਾਂ ਬਹੁਤ ਕਰਦੇ ਨੇ, ਸਿਮਰਨ ਤਾਂ ਬਹੁਤ ਕਰਦੇ ਨੇ, ਕਿਸੇ ਦੇ ਕੀਤੇ ਹੋਏ ਸਿਮਰਨ ਸਦਕਾ ਪ੍ਰਭੂ ਦੀਆਂ ਯਾਦਾਂ ਸਿਰੇ ਤਕ ਪਹੁੰਚ ਵੀ ਜਾਂਦੀਆਂ ਹਨ, ਪਰ ਬਿਰਹੇ ਦੀ ਤੜਪ ਇਤਨੀ ਨਹੀਂ ਨਸੀਬ ਹੁੰਦੀ ਕਿ ਬਿਰਹਾ ਰੋ ਪਵੇ।

ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥

ਇਸ ਬਿਰਹੇ ਨੇ ਵਿਛੋੜ ਕੇ ਰੱਖਿਆ ਹੋਇਆ ਹੈ, ਰੁਦਨ ਨਹੀਂ ਕਰਨ ਦਿੰਦਾ। ਇਹ ਰੋਇਆ ਹੀ ਨਹੀਂ। ਇਕ ਮਾਸੂਮ ਬੱਚਾ, ਉਸ ਕੋਲ ਅਜੇ ਬੋਲ ਨਹੀਂ ਨੇ, ਹੱਥਾਂ ਵਿਚ ਅਜੇ ਸ਼ਕਤੀ ਨਹੀਂ ਹੈ, ਅਜੇ ਪੈਰਾਂ ਨਾਲ ਚੱਲ ਵੀ ਨਹੀਂ ਸਕਦਾ। ਭੁੱਖਾ ਹੋਵੇ, ਦੁਖੀ ਹੋਵੇ, ਬਸ ਉਸ ਕੋਲ ਤਾਂ ਰੋਣਾ ਹੈ, ਰੁਦਨ ਹੈ, ਬਸ ਰੋਇਆ ਤਾਂ ਮਾਂ ਪਹੁੰਚ ਗਈ। ਇਸੇ ਤਰ੍ਹਾਂ ਜਦ ਬਿਰਹਾ ਰੋ ਪੈਂਦਾ ਹੈ, ਪ੍ਰਭੂ ਮਿਲ ਪੈਂਦਾ ਹੈ, ਪ੍ਰਭੂ ਪ੍ਰਗਟ ਹੋ ਜਾਂਦਾ ਹੈ, ਔਰ ਇਸ ਰੋਂਦੇ ਹੋਏ ਨੂੰ ਗਲਵਕੜੀ ਵਿਚ ਲੈ ਲੈਂਦਾ ਹੈ। ਇਸੇ ਵਾਸਤੇ ਇਸ ਰੋਂਦੇ ਹੋਏ ਬਿਰਹੇ ਨੂੰ ਬਾਬਾ ਫ਼ਰੀਦ ਨੇ ਸੁਲਤਾਨ ਕਹਿ ਦਿੱਤਾ ਹੈ :

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥

(ਸਲੋਕ ਫਰੀਦ ਜੀ, ਪੰਨਾ 1379)

ਠੀਕ ਜਿਤਨੇ ਧਰਮ ਦੇ ਗੁਣ ਨੇ, ਉਨ੍ਹਾਂ ਦੀ ਆਪਣੀ ਮਹਾਨਤਾ ਹੋਵੇਗੀ। ਦਾਨ ਹੈ, ਗਿਆਨ ਹੈ, ਸੇਵਾ ਹੈ, ਪਰਉਪਕਾਰ ਹੈ, ਪੂਜਾ ਹੈ, ਪਾਠ ਹੈ। ਇਹ ਇਸ ਤਰ੍ਹਾਂ ਹੈ ਕਿ ਕੋਈ ਹੁਕਮਰਾਨ ਹੋਵੇ, ਮਨਿਸਟਰ ਹੋਵੇ, ਪਰ ਇਹ ਅਜੇ ਪੂਰਨ ਤੌਰ 'ਤੇ ਸੁਲਤਾਨ ਨਹੀਂ ਹੋਇਆ, ਦੇਸ਼ ਦਾ ਪ੍ਰੈਜ਼ੀਡੈਂਟ ਨਹੀਂ ਹੋਇਆ, ਛੋਟੇ-ਮੋਟੇ ਅਹੁਦੇ ਨੇ। ਬਿਰਹਾ ਰੋ ਉਠੇ, ਇਹ ਤਾਂ ਸੁਲਤਾਨ ਹੈ—ਬਿਰਹਾ ਤੂੰ ਸੁਲਤਾਨ :

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥

ਜਿਸ ਹਿਰਦੇ ਵਿਚ ਬਿਰਹੇ ਦੀ ਪੀੜਾ ਨਹੀਂ, ਉਥੇ ਕੋਈ ਹੋਰ ਸੰਸਾਰਕ ਪੀੜਾ ਹੋਵੇਗੀ। ਜਿਥੇ ਬਿਰਹੇ ਦੀ ਅਗਨ ਨਹੀਂ ਜਲੀ, ਉਥੇ ਤ੍ਰਿਸ਼ਨਾ ਦੀ ਅਗਨ ਹੋਵੇਗੀ। ਤ੍ਰਿਸ਼ਨਾ ਦੀ ਅਗਨ ਦੇ ਹੁੰਦਿਆਂ ਮਨੁੱਖ ਦੇ ਸਾਰੇ ਗੁਣ ਜਲ ਕੇ ਰਾਖ਼ ਹੋ ਜਾਂਦੇ ਹਨ। ਤ੍ਰਿਸ਼ਨਾਲੂ ਮਨੁੱਖ ਦੇ ਅੰਦਰ ਕੋਈ ਗੁਣ ਨਹੀਂ ਰਹਿ ਜਾਂਦਾ। ਤ੍ਰਿਸ਼ਨਾ ਸਾਰੇ ਗੁਣਾਂ ਦੀ ਹੱਤਿਆ ਕਰ ਦੇਂਦੀ ਹੈ ਔਰ ਬਿਰਹੇ ਦੀ ਅਗਨ ਸਾਰੇ ਅਉਗੁਣਾਂ ਨੂੰ ਜਲਾ ਕੇ ਭਸਮ ਕਰ ਦੇਂਦੀ ਹੈ; ਬਿਰਹੀ ਮਨੁੱਖ ਦੇ ਅੰਦਰ ਕੋਈ ਅਉਗੁਣ ਨਹੀਂ ਹੁੰਦਾ।

ਪ੍ਰਭੂ-ਪਿਆਰ ਵਿਚ ਭਿੱਜਾ ਹਿਰਦਾ (ਬਿਰਹੀ ਹਿਰਦਾ) ਨਿਰਮਲ ਹੋ ਜਾਂਦਾ ਹੈ, ਸ਼ਾਂਤ ਹੋ ਜਾਂਦਾ ਹੈ; ਪਰ ਜਿਥੇ ਤ੍ਰਿਸ਼ਨਾ ਹੈ, ਉਥੇ ਹਿਰਦਾ ਤ੍ਰਿਸ਼ਨਾ ਦੀ ਅੱਗ ਦੇ ਭਾਂਬੜ ਵਿਚ ਬਲ ਕੇ ਸ਼ਮਸ਼ਾਨ ਬਣ ਜਾਂਦਾ ਹੈ। ਫ਼ਰਕ ਸਿਰਫ਼ ਇਤਨਾ ਹੈ ਕਿ ਸ਼ਮਸ਼ਾਨ-ਘਾਟ ਵਿਚ ਮੁਰਦੇ ਜਲਾਏ ਜਾਂਦੇ ਨੇ, ਤ੍ਰਿਸ਼ਨਾ ਦੀ ਅਗਨ ਵਿਚ ਜ਼ਿੰਦਾ ਮਨੁੱਖ ਜਲਦੇ ਨੇ। ਤਾਂ ਹੀ ਤਾਂ ਬਾਬਾ ਫ਼ਰੀਦ ਜੀ ਸ਼ਮਸ਼ਾਨ-ਘਾਟ ਨਾਲ ਤਸ਼ਬੀਹ ਦਿੰਦੇ ਹਨ:

ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥

ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਅਨਿਨ ਭਗਤ ਭਾਈ ਸਾਹਿਬ ਨੰਦ ਲਾਲ ਜੀ ਇਸ ਤਰ੍ਹਾਂ ਬਿਆਨ ਕਰਦੇ ਨੇ:

ਸ਼ਾਖ਼ੇ ਉਮੀਦੇ ਆਸ਼ਕ ਹਰਗਿਜ਼ ਸਮਰ ਨਾ ਗੀਰਦ।

ਐ ਰੱਬੀ ਆਸ਼ਕ! ਤੂੰ ਉਮੀਦ ਦਾ ਬੂਟਾ ਤਾਂ ਲਾਇਐ, ਪਰ ਇਸ ਨੂੰ ਮਿਲਾਪ ਦਾ ਫਲ ਨਹੀਂ ਲੱਗੇਗਾ। ਕਿਉਂ ? ਭਾਈ ਸਾਹਿਬ ਕਹਿੰਦੇ ਨੇ ਕਿ ਤੂੰ ਉਸ ਬੂਟੇ ਨੂੰ ਤਾਂ ਸਿੰਚਿਆ ਹੀ ਨਹੀਂ, ਸਿਰਫ਼ ਬੂਟਾ ਹੀ ਲਗਾ ਦਿੱਤਾ ਹੈ। ਬਾਕੀ ਦੇਖ-ਰੇਖ ਕਰ ਰਿਹਾ ਹੈਂ, ਪਰ ਸਿੰਚੇ ਬਿਨਾਂ ਇਹ ਹਰਾ-ਭਰਾ ਨਹੀਂ ਹੋਵੇਗਾ, ਸਿੰਚੇ ਬਿਨਾਂ ਇਹ ਪ੍ਰਫੁਲਤ ਵੀ ਨਹੀਂ ਹੋਵੇਗਾ, ਇਹ ਫਲ ਤਕ ਨਹੀਂ ਅੱਪੜੇਗਾ। ਤੋ ਇਸ ਉਮੀਦ ਦੇ ਬੂਟੇ ਨੂੰ ਕਿਸ ਜਲ ਨਾਲ ਸਿੰਚੀਏ, ਕਿਸ ਤਰ੍ਹਾਂ ਸਿੰਚੀਏ ? ਭਾਈ ਸਾਹਿਬ ਕਹਿੰਦੇ ਨੇ ਕਿ ਅੱਖਾਂ ਵਿੱਚੋਂ ਜੋ ਪ੍ਰੇਮ ਦਾ ਜਲ ਨਿਕਲਦਾ ਹੈ, ਉਮੀਦ ਦੇ ਬੂਟੇ ਨੂੰ ਰੱਬੀ ਮਿਲਾਪ ਦੇ ਫਲ ਤਕ ਲੈ ਜਾਂਦਾ ਹੈ:

ਸ਼ਾਖ਼ੇ ਉਮੀਦੇ ਆਸ਼ਕ ਹਰਗਿਜ਼ ਸਮਰ ਨ ਗੀਰਦ।
ਅਜ਼ ਅਸ਼ਕੇ ਆਬਿ ਮਿਝਗਾਂ ਤਾ ਸਬਜ਼ਤਰ ਨ ਬਾਸ਼ਦ।

(ਦੀਵਾਨਿ ਗੋਇਆ, ਭਾਈ ਨੰਦ ਲਾਲ ਜੀ)

ਪ੍ਰਭੂ ਦੇ ਵਿਛੋੜੇ ਵਿਚ ਅੱਖਾਂ ਵਿੱਚੋਂ ਨਿਕਲਿਆ ਹੋਇਆ ਇਹ ਜਲ, ਬਿਰਹੇ ਦਾ ਜਲ, ਦੁਨੀਆ ਦੇ ਸਾਰੇ ਤੀਰਥਾਂ ਦੇ ਜਲ ਤੋਂ ਕੁਰਬਾਨ

ਕੀਤਾ ਜਾ ਸਕਦਾ ਹੈ। ਇਹ ਦੋ ਹੰਝੂ ਹਿਰਦੇ ਨੂੰ ਬਾਗ਼ ਬਾਗ਼ ਕਰ ਦਿੰਦੇ ਨੇ:

ਦੋ ਚਸ਼ਮਿ ਮਨ ਕਿ ਦਰਿਆਇ ਅਜ਼ੀਮੁੱਸ਼ਾਨ ਬਵਦ ਗੋਇਆ।
ਜ਼ਿ ਹਰ ਅਸ਼ਕਮ ਬਵਦ ਸ਼ਾਦਾਬੀਏ ਸਦ ਬਾਗ਼ ਬਾਗ਼ਿ ਈਂ ਜਾ।

ਇਨ੍ਹਾਂ ਦੋ ਹੰਝੂਆਂ ਨੇ ਸੁੱਕੇ ਸੜੇ ਹਿਰਦੇ ਨੂੰ ਬਾਗ਼ੋ ਬਾਗ਼ ਕਰ ਦਿੱਤਾ। ਇਧਰ ਬੱਚਾ ਰੋਇਆ, ਉਧਰ ਲਪਕ ਕੇ ਮਾਂ ਆ ਗਈ। ਇਧਰ ਬਿਰਹਾ ਰੋਇਆ, ਉਧਰ ਪ੍ਰਭੂ ਪ੍ਰਗਟ ਹੋਇਆ। ਤਦੇ ਤਾਂ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ:

ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ॥
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ॥

ਇਹ ਬਿਰਹਾ ਰੋਇਆ, ਇਸ ਨੇ ਵਿਛੋੜਾ ਪਾਇਆ ਹੋਇਆ ਹੈ। ਇਹ ਜਿਤਨੇ ਚਿਰ ਤਕ ਰੁਦਨ ਨਹੀਂ ਕਰਦਾ, ਉਤਨੇ ਚਿਰ ਤਕ ਮਿਲਣਾ ਨਹੀਂ ਹੈ। ਇਕ ਉਰਦੂ ਦੇ ਸੂਫ਼ੀ ਸ਼ਾਇਰ ਦਾ ਤਾਂ ਕਹਿਣਾ ਹੈ ਕਿ ਐ ਖ਼ੁਦਾ! ਹੁਣ ਇਸ ਬਿਰਹੇ ਨੂੰ ਰੋਣ ਹੀ ਦੇ, ਧੁਲ ਗਏ ਨੇ ਗੁਨਾਹ, ਇਤਨਾ ਹੀ ਕਾਫ਼ੀ ਹੈ, ਉਤਰ ਗਿਆ ਹੈ ਬੋਝ, ਜੇ ਹੁਣ ਤੂੰ ਨਹੀਂ ਵੀ ਮਿਲਦਾ ਤਾਂ ਕੋਈ ਗੱਲ ਨਹੀਂ। ਜੇ ਹੁਣ ਤੇਰਾ ਮਿਲਣਾ ਨਾ ਵੀ ਹੋਵੇ, ਇਸ ਬਿਰਹੇ ਨੇ ਆਨੰਦ ਬਣਾਇਆ ਹੋਇਆ ਹੈ। ਕਿਉਂ? ਕਿਉਂਕਿ ਬਿਰਹਾ ਰੋ ਪਿਆ ਹੈ, ਰੁਦਨ ਨੇ ਹਿਰਦਾ ਹਰਾ-ਭਰਾ ਕਰ ਦਿੱਤਾ ਹੈ:

ਯਾ ਰਬ ਦੁਆਏ ਵਸਲ, ਨਾ ਹਰਗਿਜ਼ ਕਬੂਲ ਹੋ,
ਫਿਰ ਦਿਲ ਮੇ ਕਿਆ ਰਹੇਗਾ, ਜੋ ਹਸਰਤ ਨਿਕਲ ਗਈ।

ਇਹ ਜੋ ਮੇਰਾ ਰੋਂਦਾ ਹੋਇਆ ਬਿਰਹਾ ਹੈ, ਇਹ ਕਹਿੰਦਾ ਹੈ—ਐ ਖ਼ੁਦਾ! ਤੂੰ ਮਿਲਣ ਕਬੂਲ ਨਾ ਕਰੀਂ, ਇਸ ਤਰ੍ਹਾਂ ਰੋਣ ਦੇ ਵਿਚ, ਤੇਰੇ ਅੱਗੇ ਫ਼ਰਿਆਦ ਕਰਨ ਵਿਚ, ਤੇਰਾ ਨਾਮ ਲੈਣ ਵਿਚ ਵੀ ਬੜਾ ਆਨੰਦ ਹੈ, ਇਸ ਵਿਚ ਵੀ ਬੜਾ ਰਸ ਹੈ। ਹੇ ਪ੍ਰਭੂ! ਅਸੀਂ ਇਸ 'ਤੇ ਵੀ ਸ਼ੁਕਰਾਨਾ ਕਰ ਲਵਾਂਗੇ। ਤੋ ਐਸੀ ਹਾਲਤ ਵੀ ਬਣ ਜਾਂਦੀ ਹੈ।

ਉਸ ਪੀੜਾ ਵਿਚ, ਬਿਰਹੇ ਦੀ ਤੜਪਨ ਵਿਚ, ਪੀੜਾ ਤਾਂ ਭਿਅੰਕਰ ਹੈ, ਪਰ ਜਿਤਨੀ ਭਿਅੰਕਰ ਪੀੜਾ ਹੈ, ਉਤਨਾ ਮਹਾਨ ਰਸ ਵੀ ਹੈ। ਇਹ ਦੋਵੇਂ ਇਕੱਠੇ ਚਲਦੇ ਨੇ। ਕਈ ਬਿਰਹੀ, ਇਥੇ ਬਿਰਹੇ ਵਿਚ ਰੁਕੇ ਰਹਿਣਾ ਪ੍ਰਭੂ ਕੋਲੋਂ ਮੰਗਦੇ ਰਹਿੰਦੇ ਨੇ! ਕੁਛ ਇਸ ਤਰ੍ਹਾਂ ਦੇ ਮਨੁੱਖਾਂ ਦੇ ਟੋਲਿਆਂ ਨੂੰ ਵੀ ਬੈਰਾਗੀ ਸਾਧੂ ਆਖਿਆ ਗਿਆ ਹੈ। ਰਾਗ ਨਹੀਂ ਰਿਹਾ, ਸੰਸਾਰ ਦੀ ਖਿੱਚ ਨਹੀਂ ਰਹੀ। ਪ੍ਰਭੂ ਦੀ ਤੜਪ ਪੈਦਾ ਹੋ ਗਈ, ਬਿਰਹਾ ਦੀ ਖਿੱਚ ਪੈਦਾ ਹੋ ਗਈ। ਗੁਰਬਾਣੀ ਐਸਾ ਫ਼ੁਰਮਾਨ ਕਰਦੀ ਹੈ:

ਬਿਨੁ ਬੈਰਾਗ ਨ ਛੂਟਸਿ ਮਾਇਆ॥ *(ਗਉੜੀ ਕਬੀਰ ਜੀ, ਪੰਨਾ 329)*

ਇਹ ਸੰਸਾਰ ਦਾ ਬੋਝ ਬਿਨਾਂ ਬੈਰਾਗ ਨਹੀਂ ਉਤਰਦਾ। ਪਰਮਾਤਮਾ ਤੋਂ ਪ੍ਰਭਾਵਿਤ ਹੋ ਕੇ ਉਸ ਦੀ ਮੰਗ, ਫਿਰ ਮੰਗ ਵੀ ਇਤਨੀ ਪ੍ਰਬਲ ਕਿ ਯਾਦ ਬਣੇ; ਯਾਦਾਂ ਇਤਨੀਆਂ ਪ੍ਰਬਲ ਕਿ ਪਿਆਰ ਬਣ ਜਾਏ ਔਰ ਪਿਆਰ ਇਤਨਾ ਪ੍ਰਬਲ ਕਿ ਬਿਰਹਾ ਬਣ ਜਾਏ, ਰੁਲਾ ਦੇਵੇ, ਤੜਪਾ ਦੇਵੇ, ਮਨੁੱਖ ਦਾ ਸੰਸਾਰ 'ਤੇ ਆਇਆ ਸਫਲ ਹੋ ਜਾਵੇ। ਜੀਵਨ ਯਾਤਰਾ ਸਫਲ ਹੋ ਜਾਂਦੀ ਹੈ। ਜਨਮ-ਮਰਨ ਦੇ ਬੰਧਨ ਟੁੱਟ ਜਾਂਦੇ ਨੇ। ਇਸ ਤਰ੍ਹਾਂ ਦੇ ਪਿਆਰ ਤੋਂ ਬਿਨਾਂ ਮਨੁੱਖ ਦਾ ਸੰਸਾਰ ਵਿਚ ਆਵਣਾ-ਜਾਵਣਾ ਬਣਿਆ ਰਹਿੰਦਾ ਹੈ। ਜਨਮ-ਮਰਨ ਦੇ ਬੰਧਨ ਨਹੀਂ ਟੁੱਟਦੇ, ਆਵਣੇ-ਜਾਵਣੇ ਰੁਕਦੇ ਨਹੀਂ।

ਪ੍ਰਭੂ ਦੀ ਪਿਆਸ, ਪ੍ਰਭੂ ਦੀ ਯਾਦ ਬੈਰਾਗ ਨੂੰ ਉਤਪੰਨ ਕਰਦੀ ਹੈ। ਕੋਈ ਸੰਸਾਰ ਦਾ ਰਾਗ ਨਹੀਂ ਰਿਹਾ। ਜਿਤਨੇ ਚਿਰ ਤਕ ਪਰਿਵਾਰ ਅਤੇ ਪਦਾਰਥਾਂ ਦੀ ਪਕੜ ਹੈ, ਜਿਤਨੇ ਚਿਰ ਤਕ ਧਨ ਦੀ ਭੁੱਖ ਹੈ ਔਰ ਜਿਤਨੇ ਚਿਰ ਤਕ ਹਿਰਦਾ ਧਨ ਨੂੰ ਮੰਗੇਗਾ, ਉਤਨੇ ਚਿਰ ਤਕ ਰੱਬੀ ਪਿਆਰ, ਰੱਬੀ ਬੈਰਾਗ ਪੈਦਾ ਨਹੀਂ ਹੁੰਦਾ। ਜੈਸੇ ਕੋਈ ਮਨੁੱਖ ਰੋਟੀ ਖਾ ਰਿਹਾ ਹੈ ਤੇ ਕੋਈ ਪਰੋਸ ਰਿਹਾ ਹੈ। ਰੋਟੀ ਖਾਣ ਵਾਲਾ ਕਹਿੰਦਾ ਹੈ, ਇਕ ਫੁਲਕਾ ਹੋਰ ਦਿਓ, ਤੇ ਥੋੜ੍ਹੀ ਦੇਰ ਬਾਦ ਇਕ ਫੁਲਕਾ ਹੋਰ, ਇਕ ਫੁਲਕਾ ਹੋਰ। ਇਹ ਬਾਰ ਬਾਰ ਰੋਟੀ ਦੀ ਮੰਗ ਦੱਸ ਰਹੀ ਹੈ ਕਿ ਭੁੱਖ ਨਹੀਂ ਮਿਟੀ, ਰੋਟੀ ਤਾਂ ਮੰਗੇਗਾ ਹੀ।

ਬਾਰ ਬਾਰ ਧਨ ਦੀ ਮੰਗ, ਪਦਾਰਥਾਂ ਦੀ ਮੰਗ ਦੱਸਦੀ ਹੈ ਕਿ ਅਜੇ ਧਨ ਦੀ ਭੁੱਖ ਨਹੀਂ ਮਿਟੀ। ਤੇ ਬਾਰ ਬਾਰ ਧਨ ਦੀ ਭੁੱਖ ਧਨ ਨੂੰ ਹੀ ਮੰਗੇਗੀ, ਪਦਾਰਥਾਂ ਨੂੰ ਹੀ ਮੰਗੇਗੀ। ਇਹ ਭੁੱਖ ਜੇ ਕਿਧਰੇ ਮਨੁੱਖ ਨੂੰ ਮੰਦਿਰ, ਮਸਜਿਦ, ਗੁਰਦੁਆਰੇ ਵੀ ਲੈ ਜਾਏ ਤਾਂ ਉਥੇ ਵੀ ਇਹ ਭੁੱਖ ਧਨ ਨੂੰ ਤੇ ਪਦਾਰਥਾਂ ਨੂੰ ਹੀ ਮੰਗੇਗੀ, ਪ੍ਰਭੁਤਾ ਨੂੰ ਮੰਗੇਗੀ, ਪ੍ਰਭੂ ਨੂੰ ਨਹੀਂ ਮੰਗੇਗੀ। ਧਨ ਦੀ ਭੁੱਖ ਰੱਖਣ ਵਾਲਿਆਂ ਨੂੰ ਭਿਖਾਰੀ ਕਹਿੰਦੇ ਨੇ, ਪਰ ਜਿਨ੍ਹਾਂ ਦੇ ਅੰਦਰ, ਅਗਰ, ਧਰਮ ਦੀ ਭੁੱਖ ਪੈਦਾ ਹੋ ਜਾਏ ਤਾਂ ਉਹ ਪਾਤਸ਼ਾਹਾਂ ਦੇ ਪਾਤਸ਼ਾਹ ਬਣ ਜਾਂਦੇ ਨੇ:

ਸਾਚੇ ਨਾਮ ਕੀ ਲਾਗੈ ਭੂਖ॥
ਉਤੁ ਭੂਖੈ ਖਾਇ ਚਲੀਅਹਿ ਦੂਖ॥ *(ਆਸਾ ਮਹਲਾ ੧, ਪੰਨਾ 9)*

ਇਹ ਸੱਚੇ ਨਾਮ ਦੀ ਜੇ ਕਿਧਰੇ ਭੁੱਖ ਲੱਗ ਜਾਏ ਔਰ ਭੁੱਖ ਤੋਂ ਬਿਹਬਲ, ਬਿਰਹੀ ਹਿਰਦਾ ਜੇ ਕਿਧਰੇ ਰੋ ਪਏ ਤਾਂ ਇਹ ਪਾਤਸ਼ਾਹਾਂ ਦਾ ਪਾਤਸ਼ਾਹ ਬਣਾ ਦਿੰਦੀ ਹੈ। ਫ਼ੁਰਮਾਨ ਹੈ:

ਜਿਸ ਨੋ ਬਖਸੇ ਸਿਫਤਿ ਸਾਲਾਹ॥
ਨਾਨਕ ਪਾਤਿਸਾਹੀ ਪਾਤਿਸਾਹੁ॥ *(ਜਪੁ ਜੀ)*

ਤੇ ਜਦ ਪਰਮਾਤਮਾ ਦੀ ਭੁੱਖ ਪੈਦਾ ਹੁੰਦੀ ਹੈ, ਧਰਮ ਦੀ ਭੁੱਖ ਪੈਦਾ ਹੁੰਦੀ ਹੈ ਤਾਂ ਸੰਸਾਰ ਦੇ ਪਦਾਰਥਾਂ ਦੀ, ਧਨ ਦੀ ਭੁੱਖ ਸ਼ਾਂਤ ਹੋ ਜਾਂਦੀ ਹੈ। ਸੰਸਾਰ ਦੀ ਭੁੱਖ ਖ਼ਤਮ ਹੋਏ ਬਿਨਾਂ ਨਿਰੰਕਾਰ ਦੀ ਭੁੱਖ ਪੈਦਾ ਹੋ ਹੀ ਨਹੀਂ ਸਕਦੀ।

ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥

(ਸੋਰਠਿ ਨਾਮਦੇਵ ਜੀ, ਪੰਨਾ 657)

ਜਿਤਨੇ ਚਿਰ ਤਕ ਕੁਟੰਬ ਦੀ ਪ੍ਰੀਤੀ, ਪਰਿਵਾਰ ਦਾ ਪਿਆਰ ਤੇ ਸੰਸਾਰ ਦਾ ਪਿਆਰ ਹੈ, ਇਹ ਨਿਰੰਕਾਰ ਦੇ ਪਿਆਰ ਨੂੰ ਪੈਦਾ ਹੀ ਨਹੀਂ ਹੋਣ ਦੇਂਦੇ।

ਬਿਰਹਾ ਜਦ ਪਰਮਾਤਮਾ ਦਾ ਰੁਦਨ ਬਣ ਜਾਂਦਾ ਹੈ ਤਾਂ ਅੱਖਾਂ ਵਿੱਚੋਂ ਪਿਆਰ ਨਾਲ ਨਿਕਲੇ ਦੋ ਹੰਝੂ ਪਰਮਾਤਮਾ ਦੇ ਦਰਬਾਰ ਤਕ ਪੁੱਜ ਜਾਂਦੇ ਹਨ, ਕੋਈ ਹੋਰ ਭੇਟਾ ਉਸ ਤਕ ਨਹੀਂ ਪਹੁੰਚਦੀ, ਔਰ ਧਨ, ਸੋਨਾ, ਚਾਂਦੀ, ਬਸਤਰ, ਅੰਨ ਆਦਿ ਭੇਟਾਵਾਂ ਪਹੁੰਚ ਜਾਂਦੀਆਂ ਨੇ ਸੰਸਾਰ ਤਕ, ਸੰਸਾਰ ਨੂੰ ਇਨ੍ਹਾਂ ਦੀ ਲੋੜ ਹੈ। ਹੋ ਸਕਦਾ ਹੈ ਕਿ ਅੱਗੇ ਕੁਛ ਹੋਰ ਗਤੀ ਵੀ ਕਰ ਜਾਂਦੇ ਹੋਵਣ, ਪਰ ਪ੍ਰਭੂ ਦੇ ਦਰ ਤਕ ਨਹੀਂ ਪਹੁੰਚਦੇ, ਕਿਉਂਕਿ ਉਸ ਦਰ ਨੂੰ ਇਨ੍ਹਾਂ ਪਦਾਰਥਾਂ ਦੀ ਲੋੜ ਨਹੀਂ ਹੈ, ਇਹ ਪਦਾਰਥ ਸਿਰਫ਼ ਸੰਸਾਰ ਨੂੰ ਹੀ ਲੋੜੀਂਦੇ ਨੇ। ਤੇ ਪ੍ਰੇਮ ਦੇ ਨਿਕਲੇ ਦੋ ਹੰਝੂ ਪਹੁੰਚ ਜਾਂਦੇ ਨੇ। ਨਿਰੇ ਪਹੁੰਚਦੇ ਹੀ ਨਹੀਂ, ਬਲਕਿ ਕਬੂਲ ਹੋ ਜਾਂਦੇ ਨੇ। ਔਰ ਜੈਸੇ ਹੀ ਇਹ ਹੰਝੂ ਪ੍ਰਵਾਨ ਹੋ ਜਾਂਦੇ ਨੇ, ਔਰ ਜਿਸ ਦੀਆਂ ਅੱਖਾਂ ਵਿੱਚੋਂ ਇਹ ਹੰਝੂ ਨਿਕਲੇ ਹੁੰਦੇ ਹਨ, ਉਹ ਵੀ ਪ੍ਰਭੂ ਦੇ ਦਰ 'ਤੇ ਪ੍ਰਵਾਨ ਹੋ ਜਾਂਦਾ ਹੈ।

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਐਸੀ ਬਖ਼ਸ਼ਿਸ਼ ਕਰਨ ਕਿ ਪ੍ਰਭੂ ਦੀ ਜਗਿਆਸਾ ਪਿਆਰ ਬਣ ਜਾਏ; ਪਿਆਰ ਬਿਰਹੇ ਦੀ ਅਗਨ ਬਣ ਜਾਏ; ਬਿਰਹਾ ਤੜਪਾ ਕੇ ਰੱਖ ਦੇਵੇ, ਰੁਲਾ ਕੇ ਰੱਖ ਦੇਵੇ, ਤਾਂ ਫਿਰ ਜੀਵਨ ਮਾਲਾ-ਮਾਲ ਹੋ ਜਾਂਦਾ ਹੈ। ਹੰਝੂ ਫਿਰ ਹੰਝੂ ਨਹੀਂ ਹੁੰਦੇ, ਇਹ ਸਾਗਰ ਦੇ ਮੋਤੀ ਹੁੰਦੇ ਨੇ। ਇਹ ਜੀਵਨ-ਰੂਪੀ ਸਾਧ ਦੇ ਕੀਮਤੀ ਮੋਤੀ ਨੇ। ਬਾਕੀ ਨਿਕਲੇ ਹੋਏ ਹੰਝੂ ਜੀਵਨ-ਰੂਪੀ ਸਾਗਰ ਦਾ ਜਲ ਹੈ; ਖਾਰਾ ਜਲ। ਹੰਝੂ ਵੀ ਖਾਰੇ ਹੁੰਦੇ ਨੇ, ਸਾਗਰ ਦਾ ਪਾਣੀ ਵੀ ਖਾਰਾ ਹੁੰਦਾ ਹੈ। ਪਰ ਪ੍ਰਭੂ ਬੈਰਾਗ ਵਿਚ ਨਿਕਲੇ ਹੋਏ ਹੰਝੂ ਮੋਤੀ ਹੁੰਦੇ ਨੇ। ਇਹ ਮੋਤੀ ਪ੍ਰਭੂ ਦੇ ਚਰਨਾਂ ਵਿਚ ਭੇਟ ਹੋ ਜਾਂਦੇ ਨੇ। ਇਨ੍ਹਾਂ ਮੋਤੀਆਂ ਨੂੰ ਪ੍ਰਭੂ ਕਬੂਲ ਕਰ ਲੈਂਦਾ ਹੈ।

ਹੇ ਪ੍ਰਭੂ! ਇਹਨਾਂ ਮੋਤੀਆਂ ਨਾਲ ਜੀਵਨ ਦੀ ਝੋਲੀ ਭਰੀ ਰੱਖੀਂ, ਤਾਂਕਿ ਤੈਨੂੰ ਪ੍ਰਵਾਨ ਹੁੰਦੇ ਰਹੀਏ। ਤੇਰਾ ਮਿਲਣ ਸਾਨੂੰ ਨਸੀਬ ਹੋਵੇ। ਤੇਰਾ ਮਿਲਾਪ ਸਾਡੀ ਪ੍ਰਾਰਬਧ ਬਣੇ, ਤੇਰਾ ਮਿਲਾਪ ਸਾਡੀ ਕਿਸਮਤ ਬਣੇ!

•

ਨਿੰਦਾ-ਉਸਤਤ

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥

(ਗਉੜੀ ਮਹਲਾ ੯, ਪੰਨਾ 219)

ਮਨੁੱਖ ਦੇ ਜਿਤਨੇ ਗਿਆਨ-ਇੰਦਰੇ ਤੇ ਕਰਮ ਇੰਦਰੇ ਨੇ, ਇਨ੍ਹਾਂ ਵਿਚ ਸਭ ਤੋਂ ਅਧਿਕ ਵਰਤੋਂ ਮਨੁੱਖ ਜ਼ਬਾਨ ਦੀ ਕਰਦਾ ਹੈ। ਇਸ ਦੇ ਰਾਹੀਂ ਸਾਰਾ ਸੰਸਾਰਕ ਕਾਰ-ਵਿਹਾਰ ਚਲਦਾ ਹੈ। ਸਮਾਜ ਦੇ ਸੰਬੰਧ, ਰਿਸ਼ਤੇ ਚਲਦੇ ਹਨ। ਕਿਸੇ ਹੱਦ ਤਕ 90 ਫ਼ੀਸਦੀ ਮਨੁੱਖੀ ਜ਼ਿੰਦਗੀ ਦੀ ਸਾਰੀ ਕਾਰਜ-ਸ਼ੈਲੀ ਜ਼ਬਾਨ 'ਤੇ ਖੜ੍ਹੀ ਹੈ। ਇਸੇ ਕਾਰਨ ਅਸੀਂ ਦੇਖਦੇ ਹਾਂ ਕਿ ਗੁੰਗੇ ਮਨੁੱਖ ਦਾ ਸਾਰਾ ਕਾਰ-ਵਿਹਾਰ ਬਿਲਕੁਲ ਸੀਮਿਤ ਹੋ ਜਾਂਦਾ ਹੈ। ਸਮਾਜਿਕ ਸੰਬੰਧ ਔਰ ਇਸ ਤੋਂ ਇਲਾਵਾ ਕਾਰਜ-ਸ਼ੈਲੀ ਸੀਮਿਤ ਹੋ ਜਾਂਦੀ ਹੈ, ਕਿਉਂਕਿ ਇਸਦੀ ਜ਼ਬਾਨ ਕੰਮ ਨਹੀਂ ਕਰਦੀ।

ਜ਼ਬਾਨ ਸਰੀਰ ਦਾ ਸਭ ਤੋਂ ਮਹਾਨ ਇੰਦਰਾ ਹੈ, ਜੋ ਕਿ ਤਰ੍ਹਾਂ ਤਰ੍ਹਾਂ ਦੇ ਪਦਾਰਥਾਂ ਦੇ ਰਸ ਦਾ ਆਨੰਦ ਮਾਣਦੀ ਹੈ। ਪਰ ਬੋਲ ਕੇ ਹਿਰਦੇ ਦੇ ਜਜ਼ਬਾਤ ਵੀ ਪ੍ਰਗਟ ਕਰਦੀ ਹੈ; ਹਿਰਦੇ ਦੇ ਵਿਚਾਰ ਪ੍ਰਗਟ ਕਰਨ ਵਿਚ ਸਹਾਇਕ ਹੈ। ਜਗਤ ਨਾਲ ਸੰਬੰਧ ਰਸਨਾ ਕਰਕੇ ਜੁੜਦੇ ਹਨ, ਕਿਉਂਕਿ ਇਸ ਦੀ ਕਾਰਜ-ਸ਼ੈਲੀ ਦੀ ਜ਼ੁੰਮੇਵਾਰੀ ਵੀ ਅਧਿਕ ਹੋ ਜਾਂਦੀ ਹੈ। ਦੇਖਦੇ ਹਾਂ, ਹਾਥੀ ਦੇ ਉੱਤੇ ਮਹਾਵਤ ਬੈਠਾ ਹੈ ਕਿ ਇਹ ਕਾਬੂ ਵਿਚ ਚੱਲੇ। ਉਸ ਦੇ ਸਿਰ 'ਤੇ ਅੰਕਸ ਰੱਖਿਆ ਹੋਇਆ ਹੈ। ਘੋੜੇ ਦੇ ਮੂੰਹ ਵਿਚ ਲਗਾਮ ਵੀ ਇਸੇ ਕਰਕੇ ਹੀ ਹੈ ਕਿ ਕੰਟਰੋਲ ਵਿਚ ਰਹੇ ਔਰ ਜਿਥੇ ਮੋੜੀਏ ਮੁੜ ਸਕੇ। ਮੋਟਰਕਾਰ ਵਿਚ ਤਾਂ ਦੋ ਬਰੇਕਾਂ ਹਨ—ਹੈਂਡ ਬਰੇਕ, ਫ਼ੁਟ ਬਰੇਕ। ਰੇਲਗੱਡੀ (ਇੰਜਨ) ਚਲਦੀ ਤਾਂ ਇੱਕੋ ਥਾਂ ਤੋਂ ਹੈ, ਪਰ ਉਸ ਨੂੰ ਰੋਕਣ ਦਾ ਆਲਾ ਤਾਂ ਹਰ ਕੋਚ (ਡੱਬਾ) ਵਿਚ ਮੌਜੂਦ ਹੈ। 'ਚੇਨ ਪੁਲ' ਹਰ ਕੋਚ ਵਿੱਚੋਂ ਕੀਤੀ ਜਾ ਸਕਦੀ ਹੈ। ਇਸੇ ਤਰੀਕੇ ਨਾਲ ਜ਼ਬਾਨ ਕਿਵੇਂ ਚਲਣੀ ਚਾਹੀਦੀ ਹੈ, ਕਦੋਂ ਚਲਣੀ ਚਾਹੀਦੀ ਹੈ, ਇਹ ਕਿਥੇ ਰੁਕਣੀ ਚਾਹੀਦੀ ਹੈ, ਕਿਥੇ ਚਲਣੀ ਚਾਹੀਦੀ ਹੈ, ਇਹ ਸਭ ਕੁਛ ਦੀ ਸੂਝ-ਬੂਝ ਨੂੰ ਹੀ ਗਿਆਨ ਕਹਿੰਦੇ ਨੇ।

ਈਰਾਨ ਦੇ ਸੂਫ਼ੀ ਸੰਤ ਸ਼ੇਖ਼ ਸਾਅਦੀ ਸਾਹਿਬ ਕਹਿੰਦੇ ਨੇ:

ਜ਼ਬਾਨ ਬੁਰੀਦਾ ਬਕੁੰਜੇ ਨਿਸ਼ਸਤਾ ਸੁੱਮੁਨ ਬੁਕਮ।
ਬਿ ਅਜ਼ ਕਸੇ ਕਿ ਨਾਬਾਸ਼ਦ ਜ਼ਬਾਨਸ਼ ਅੰਦਰ ਹੁਕਮ।

ਉਹ ਗੁੰਗਾ ਔਰ ਜਿਸ ਦੀ ਜ਼ਬਾਨ ਕੱਟੀ ਹੋਈ ਹੈ, ਬੇਹਤਰ ਹੈ ਉਸ ਮਨੁੱਖ ਨਾਲੋਂ, ਜਿਸਦੀ ਜ਼ਬਾਨ ਉਸਦੇ ਕਾਬੂ ਵਿਚ ਨਹੀਂ ਹੈ। ਅਧਿਕ ਬੋਲਣ ਵਾਲੇ 'ਤੇ ਅਧਿਕ ਜ਼ੁੰਮੇਵਾਰੀਆਂ ਆ ਜਾਂਦੀਆਂ ਹਨ, ਕਿਉਂਕਿ ਉਹ ਮਨ ਨੂੰ ਜ਼ਿਆਦਾ ਖਿੰਡਾਂਦਾ ਹੈ ਅਤੇ ਐਸਾ ਮਨੁੱਖ ਅਧਿਕ ਬੋਲਣ ਦੇ ਕਾਰਨ ਕਈ ਦਫ਼ਾ ਕਲੇਸ਼ ਵਿਚ ਵੀ ਫਸ ਜਾਂਦਾ ਹੈ:

ਬੋਲਤ ਬੋਲਤ ਬਢਹਿ ਬਿਕਾਰਾ॥
ਬਿਨੁ ਬੋਲੇ ਕਿਆ ਕਰਹਿ ਬੀਚਾਰਾ॥

(ਰਾਗੁ ਗੋਂਡ ਕਬੀਰ ਜੀ, ਪੰਨਾ 870)

ਤੋ ਜ਼ਬਾਨ 'ਤੇ ਜ਼ਿੰਮੇਵਾਰੀਆਂ ਬਹੁਤ ਆਉਂਦੀਆਂ ਨੇ। ਗੁਰੂ ਮੰਤ੍ਰ ਨੂੰ ਜ਼ਬਾਨ (ਰਸਨਾ) ਜਪਦੀ ਹੈ ਔਰ ਸੁਰਤ ਉਸ ਵਾਕ (ਸ਼ਬਦ) ਨੂੰ ਸੁਣ ਕੇ, ਜੁੜ ਕੇ ਪ੍ਰਭੂ ਦਾ ਆਨੰਦ ਮਾਣਦੀ ਹੈ। ਜ਼ਬਾਨ ਹੀ ਪ੍ਰਭੂ ਨਾਲ ਜੋੜਨ ਵਿਚ ਸਹਾਇਕ ਹੈ, ਮਦਦਗਾਰ ਹੈ। ਨਾਮਦੇਵ ਜੀ ਤਾਂ ਕਹਿੰਦੇ ਨੇ:

ਰੇ ਜਿਹਬਾ ਕਰਉ ਸਤ ਖੰਡ॥
ਜਾਮਿ ਨ ਉਚਰਸਿ ਸ੍ਰੀ ਗੋਬਿੰਦ॥ *(ਭੈਰਉ ਸ੍ਰੀ ਨਾਮਦੇਵ ਜੀ, ਪੰਨਾ 1163)*

ਹੇ ਜਿਹਬਾ! ਤੇਰੇ ਸੱਤ ਟੁਕੜੇ ਕਰ ਦਿਆਂ, ਜੇ ਤੂੰ ਪ੍ਰਭੂ ਦਾ ਨਾਮ ਨਹੀਂ ਜਪਦੀ।

ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥
ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ॥

(ਫੁਨਹੇ ਮ: ੫, ਪੰਨਾ 1362)

ਗੁਰੂ ਅਰਜਨ ਦੇਵ ਜੀ ਮਹਾਰਾਜ ਫੁਨਹੇ ਛੰਦ ਵਿਚ ਫ਼ੁਰਮਾਉਂਦੇ ਨੇ ਕਿ ਐਸੀ ਰਸਨਾ ਜਿਹੜੀ ਪਰਮਾਤਮਾ ਦਾ ਨਾਮ ਨਹੀਂ ਜਪਦੀ, ਉਸ ਨੂੰ ਤਿਲ ਤਿਲ ਕਰ ਕੇ ਕੱਟ ਦੇਣਾ ਚਾਹੀਦਾ ਹੈ। ਇਹ ਜ਼ਬਾਨ ਸਭ ਤੋਂ ਜ਼ਿਆਦਾ ਕਾਰਜ-ਸ਼ੈਲੀ ਵਿਚ ਪਰਵਿਰਤ ਹੁੰਦੀ ਹੈ। ਨਿੰਦਾ ਉਸਤਤ—ਮਨੁੱਖ ਦਾ ਕੁਛ ਐਸਾ ਸੁਭਾਉ ਹੈ, ਯਾ ਤਾਂ ਇਹ ਗੱਲ ਵਧਾ ਕੇ ਕਰਦਾ ਹੈ ਜਾਂ ਘਟਾ ਕੇ ਕਰਦਾ ਹੈ। ਜੋ ਘਟਾ ਕੇ ਗੱਲ ਕਰਨੀ ਹੈ, ਨਿੰਦਾ ਹੈ ਔਰ ਜੋ ਗੱਲ ਵਧਾ ਕੇ ਕਰਨੀ ਹੈ, ਖ਼ੁਸ਼ਾਮਦ ਕਰਨੀ ਹੈ, ਇਹ ਉਸਤਤ ਹੈ। ਨਾ ਘਟਾ ਕੇ ਗੱਲ ਕਰਨੀ, ਨਾ ਵਧਾ ਕੇ ਗੱਲ ਕਰਨੀ, ਇਸ ਨੂੰ ਸੱਚ ਕਹਿੰਦੇ ਨੇ। ਸੱਚ ਕੋਈ ਕੋਈ ਬੋਲਦਾ

ਹੈ ਔਰ ਉਹੋ ਹੀ ਸੱਚ ਬੋਲਦਾ ਹੈ, ਜਿਸ ਦੇ ਹਿਰਦੇ ਅੰਦਰ ਸੱਚ ਦਾ ਵਾਸਾ ਹੋਵੇ, ਵਰਨਾ ਮਨੁੱਖ ਸੱਚ ਅਧੂਰਾ ਹੀ ਬੋਲਦਾ ਹੈ, ਪੂਰਾ ਨਹੀਂ ਬੋਲਦਾ। ਜੈਸੇ ਕਿ : ਫੁੱਲ ਨੂੰ ਕੰਡਾ ਕਹਿਣਾ ਨਿੰਦਾ ਹੈ, ਦਿਨ ਨੂੰ ਰਾਤ ਕਹਿਣਾ ਨਿੰਦਾ ਹੈ, ਵੈਸੇ ਹੀ ਰਾਤ ਨੂੰ ਦਿਨ ਕਹਿਣਾ ਝੂਠੀ ਉਸਤਤਿ ਹੈ। ਕੰਡੇ ਨੂੰ ਫੁੱਲ ਕਹਿਣਾ ਖ਼ੁਸ਼ਾਮਦ ਹੈ, ਠੱਗ ਨੂੰ ਸੱਜਣ ਕਹਿਣਾ ਖ਼ੁਸ਼ਾਮਦ ਹੈ। ਝੂਠੀ ਉਸਤਤ ਅਕਸਰ ਮਨੁੱਖ ਨੂੰ ਝੂਠ ਬੋਲਣਾ ਸਿਖਾ ਦੇਂਦੀ ਹੈ। ਉਸਤਤ ਤੇ ਨਿੰਦਾ ਦੋਨੋਂ ਅਉਗੁਣ ਹਨ। ਧੰਨ ਗੁਰੂ ਤੇਗ਼ ਬਹਾਦਰ ਸਾਹਿਬ ਫ਼ੁਰਮਾਉਂਦੇ ਨੇ :

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥

ਇਹ ਕਠਿਨ ਹੈ ਕਿ ਮਨੁੱਖ ਤ੍ਰਿਸ਼ਨਾ ਤੇ ਲੋਭ ਵੱਸ ਹੋ ਕੇ ਝੂਠੀ ਉਸਤਤ ਨਾ ਕਰੇ। ਈਰਸ਼ਾ ਔਰ ਅਹੰਕਾਰ ਵੱਸ ਹੋ ਕੇ ਨਿੰਦਾ ਨਾ ਕਰੇ, ਕਠਿਨ ਹੈ, ਬਹੁਤ ਕਠਿਨ ਹੈ। ਐਸਾ ਵੀ ਦੇਖਣ ਵਿਚ ਆਇਆ ਹੈ ਕਿ ਮਨੁੱਖ ਸੱਚ ਅਧੂਰਾ ਬੋਲਦਾ ਹੈ। ਮਨੁੱਖ ਕਈ ਦਫ਼ਾ ਫੁੱਲ ਨੂੰ ਫੁੱਲ ਤਾਂ ਕਹਿ ਦਿੰਦਾ ਹੈ, ਪਰ ਕੰਡੇ ਨੂੰ ਕੰਡਾ ਕਹਿਣਾ ਉਸਦੀ ਬਿਸਾਤ ਤੋਂ ਪਰ੍ਹੇ ਹੈ; ਕੰਡੇ ਨੂੰ ਕੰਡਾ ਆਖੇਗਾ ਤਾਂ ਕੰਡਾ ਚੁਭੇਗਾ।

ਇਕ ਇਤਿਹਾਸਕ ਗਾਥਾ ਹੈ; ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ *ਜ਼ਫ਼ਰਨਾਮੇ* ਵਿਚ ਔਰੰਗਜ਼ੇਬ ਬਾਰੇ ਕੁਝ ਖ਼ੂਬੀਆਂ ਦਾ ਜ਼ਿਕਰ ਕਰਦੇ ਹਨ। ਸਾਹਿਬ ਕਹਿੰਦੇ ਨੇ—ਐ ਔਰੰਗਜ਼ੇਬ! ਤੂੰ ਖ਼ੂਬਸੂਰਤ ਵੀ ਬੜਾ ਹੈਂ; ਤੇਰਾ ਚਿਹਰਾ ਬਹੁਤ ਪ੍ਰਭਾਵਸ਼ਾਲੀ ਹੈ; ਤੂੰ ਬਸਤਰ ਬੜੇ ਸੁੰਦਰ ਪਹਿਨਦਾ ਹੈਂ ਤੇ ਦੋਨੋਂ ਵਕਤ ਕ਼ੁਰਾਨ ਦੀ ਤਲਾਵਤ ਵੀ ਬਹੁਤ ਕਰਦਾ ਹੈਂ। ਪੰਜ ਵਕਤ ਨਮਾਜ਼ ਵੀ ਪੜ੍ਹਦਾ ਹੈਂ, ਜੁੰਮੇਰਾਤ ਨੂੰ ਜ਼ਕਾਤ ਵੀ ਦੇਂਦਾ ਹੈਂ। ਹੱਥ ਵਿਚ ਤੂੰ ਤਸਬੀ ਵੀ ਰਖਦਾ ਹੈਂ ਔਰ ਤੂੰ ਸ਼ਰ੍ਹਾ ਦਾ ਪੱਕਾ ਪਾਬੰਦ ਵੀ ਹੈਂ। ਤੂੰ ਅਲਲਸਬਾਹ ਹੈਂ। ਅੰਮ੍ਰਿਤ ਵੇਲੇ ਉਠਦਾ ਹੈਂ। ਇਤਨੀਆਂ ਖ਼ੂਬੀਆਂ ਹੋਣ ਦੇ ਬਾਵਜੂਦ, ਐ ਔਰੰਗਜ਼ੇਬ! ਤੂੰ ਸ਼ੈਤਾਨ ਹੈਂ। ਤੋ ਸਤਿਗੁਰਾਂ ਫੁੱਲ ਨੂੰ ਫੁੱਲ ਕਹਿ ਦਿੱਤਾ, ਕੰਡੇ ਨੂੰ ਕੰਡਾ ਕਹਿ ਦਿੱਤਾ :

ਤੁਰਾ ਮਨ ਨ ਦਾਨਮ ਕਿ ਯਜ਼ਦਾਂ ਸ਼ਨਾਸ।
ਬਰਾਮਦ ਜ਼ਿ ਤੋ ਕਾਰਹਾ ਦਿਲ ਖ਼ਰਾਸ਼।

(ਜ਼ਫ਼ਰਨਾਮਾ, ਗੁਰੂ ਗੋਬਿੰਦ ਸਿੰਘ ਜੀ)

ਮੈਂ ਤੈਨੂੰ ਖ਼ੁਦਾ-ਸ਼ਨਾਸ ਨਹੀਂ ਸਮਝਦਾ। ਖ਼ੁਦਾ ਨੂੰ ਸਮਝਣ ਵਾਲੇ ਕਿਸੇ ਨੂੰ ਖ਼ਰਾਸ਼ ਨਹੀਂ ਪਹੁੰਚਾਉਂਦੇ, ਤੂੰ ਤਾਂ ਬੇਸ਼ੁਮਾਰ ਲੋਗਾਂ ਨੂੰ ਠੇਸ (ਖ਼ਰਾਸ਼) ਪਹੁੰਚਾਈ ਹੈ।

ਅਗਰ ਸਦ ਕੁਰਾਂ ਰਾ ਬਖ਼ੁਰਦੀ ਕਸਮ।
ਮਰਾ ਏਤਬਾਰੇ ਨ ਈਂ ਜ਼ੱਰਹ ਦਮ।

ਤੂੰ ਇਕ ਨਹੀਂ, ਕੁਰਾਨ ਦੀਆਂ ਸੌ ਕਸਮਾਂ ਵੀ ਖਾਵੇਂ, ਹੋ ਸਕਦਾ ਹੈ, ਭੁੱਲ ਕੇ ਕੋਈ ਭਾਰਤਵਾਸੀ ਤੇਰੇ 'ਤੇ ਭਰੋਸਾ ਕਰ ਲਵੇ, ਪਰ ਮੈਂ ਨਹੀਂ ਕਰ ਸਕਦਾ। ਤੂੰ ਝੂਠਾ, ਤੇਰੀ ਕੁਰਾਨ ਦੀ ਕਸਮ ਝੂਠੀ। ਤੋ ਕੰਡੇ ਨੂੰ ਕੰਡਾ ਕਹਿ ਦਿੱਤਾ। ਬੜੀ ਦਲੇਰੀ, ਜੁਰਅੱਤ ਤੇ ਸੂਰਬੀਰਤਾ ਚਾਹੀਦੀ ਹੈ। ਔਰ ਖ਼ਾਸ ਕਰਕੇ ਉਸ ਕੰਡੇ ਨੂੰ, ਜੋ ਨੁਕੀਲਾ ਹੋਵੇ, ਬੜਾ ਸਖ਼ਤ ਹੋਵੇ, ਬੜਾ ਤਿੱਖਾ ਹੋਵੇ, ਲੰਬਾ ਹੋਵੇ, ਸ਼ਕਤੀਸ਼ਾਲੀ ਵੀ ਹੋਵੇ ਔਰ ਹਰ ਇਕ ਨੂੰ ਚੁਭ ਚੁੱਕਿਆ ਹੋਵੇ, ਬਥੇਰਿਆਂ ਨੂੰ ਜ਼ਖ਼ਮੀ ਕਰ ਚੁੱਕਿਆ ਹੋਵੇ। ਇਹ ਕੰਡਾ ਪਿਉ ਨੂੰ ਵੀ ਚੁਭਿਆ, ਭਰਾਵਾਂ ਨੂੰ ਵੀ ਚੁਭਿਆ। "ਐ ਔਰੰਗਜ਼ੇਬ! ਤੂੰ ਆਪਣੇ ਪਿਉ ਨੂੰ, ਭਰਾਵਾਂ ਨੂੰ ਮਾਰ ਕੇ ਗੱਦੀ ਪ੍ਰਾਪਤ ਕਰਨ ਵਿਚ ਸਫਲ ਹੋਇਆ।" ਤੋ ਐਸੇ ਕੰਡੇ ਨੂੰ ਨੁਕੀਲਾ ਕੰਡਾ ਤੇ ਜ਼ਹਿਰੀਲਾ ਕੰਡਾ ਕਹਿਣਾ, ਇਹ ਕੇਵਲ ਰੂਏ-ਜ਼ਮੀਨ 'ਤੇ ਧੰਨ ਗੁਰੂ ਗੋਬਿੰਦ ਸਿੰਘ ਜੀ ਦੀ ਹਿੰਮਤ ਹੈ, ਉਹ ਹੀ ਕਹਿ ਸਕਦੇ ਸਨ। ਤੋ ਕਠਿਨ ਹੈ ਇਹ ਖੇਲ ਕਿ ਕੋਈ ਫੁੱਲ ਨੂੰ ਫੁੱਲ ਕਹੇ, ਔਰ ਕੰਡੇ ਨੂੰ ਕੰਡਾ ਕਹਿ ਦੇਵੇ। ਅਧੂਰਾ ਸੱਚ ਬਹੁਤੇ ਬੋਲ ਲੈਂਦੇ ਨੇ, ਫੁੱਲ ਨੂੰ ਫੁੱਲ ਕਹਿ ਦਿੰਦੇ ਨੇ, ਪਰ ਇਹ ਵੀ ਲੋਭ-ਵੱਸ ਹੋ ਕੇ ਕਹਿੰਦੇ ਨੇ; ਫੁੱਲ ਦੀ ਮਹਿਕ ਨਾਲ ਜਦ ਕੋਈ ਮਤਲਬ ਹੋਵੇ।

ਸੱਚ ਬੋਲਣ ਵਾਲੇ ਜਿਨ੍ਹਾਂ ਨੂੰ ਅਸੀਂ ਸੱਤਵਾਦੀ ਕਹਿੰਦੇ ਹਾਂ, ਬੇਸ਼ਤਰ ਉਨ੍ਹਾਂ ਦੇ ਸੱਚ ਅਧੂਰੇ ਹੁੰਦੇ ਨੇ; ਪੂਰੇ ਨਹੀਂ ਹੁੰਦੇ। ਖ਼ੁਸ਼ਾਮਦ ਲੋਭੀ ਕਰਦੇ ਨੇ, ਜ਼ਲੀਲ ਔਰ ਮੂੜ੍ਹ ਕਰਦੇ ਨੇ। ਨਿੰਦਾ ਈਰਸ਼ਾਲੂ ਕਰਦੇ ਨੇ, ਅਹੰਕਾਰੀ ਕਰਦੇ ਨੇ। ਈਰਾਨ ਦੇ ਮਹਾਨ ਸੂਫ਼ੀ ਸੰਤ ਹਾਫ਼ਿਜ਼ ਦਾ ਕਹਿਣਾ ਹੈ ਕਿ ਇਹ ਖ਼ੁਸ਼ਾਮਦ ਕਰਨ ਵਾਲੇ ਰਹਿਜ਼ਨ ਨੇ ਔਰ ਡਾਕੂ ਨੇ; ਕਿਉਂਕਿ ਵਧਾ ਕੇ ਉਪਮਾ, ਉਸਤਤ ਕਰਨ ਨਾਲ ਕਈ ਦਫ਼ਾ ਦੂਸਰਾ ਮਨੁੱਖ ਆਪਣੇ ਆਪ ਨੂੰ ਉਸ ਉਸਤਤ ਦੇ ਯੋਗ ਸਮਝ ਲੈਂਦਾ ਹੈ ਜਦ ਕਿ ਉਹ ਉਸ ਯੋਗ ਹੁੰਦਾ ਨਹੀਂ। ਉਸ ਦੀ ਉੱਨਤੀ ਐਸੀ ਖ਼ੁਸ਼ਾਮਦ ਕਾਰਣ ਰੁਕ ਸਕਦੀ ਹੈ। ਖ਼ੁਸ਼ਾਮਦ- ਪਸੰਦ ਮਨੁੱਖ ਅਕਸਰ ਨਿਵਾਣ ਵਿਚ ਹੀ ਜੀਂਵਦੇ ਨੇ, ਬੁਲੰਦੀਆਂ ਦੀ ਤਰਫ਼ ਉਨ੍ਹਾਂ ਦਾ ਧਿਆਨ ਨਹੀਂ ਜਾਂਦਾ। ਖ਼ੁਸ਼ਾਮਦ ਕਰਨ ਵਾਲਾ ਤੇ ਗੱਲ ਨੂੰ ਵਧਾ ਕੇ ਉਸਤਤ ਕਰਨ ਵਾਲਾ, ਝੂਠੀ ਉਸਤਤ ਕਰਨ ਵਾਲਾ, ਜਿਤਨੀ ਗੱਲ ਵਧਾ ਕੇ ਕਰਦਾ ਹੈ, ਉਤਨਾ ਹੀ ਆਪ ਛੋਟਾ ਹੋ ਜਾਂਦਾ ਹੈ ਔਰ ਇਕ ਦਿਨ ਆਪਣਾ ਮੂਲ ਗਵਾ ਕੇ ਨਿਰਮੂਲ ਹੋ ਜਾਂਦਾ ਹੈ। ਖ਼ੁਸ਼ਾਮਦ, ਗੱਲ ਵਧਾ ਕੇ ਕਰਨੀ, ਆਪਣੇ ਆਪ ਨੂੰ ਘਟਾਉਣਾ ਹੈ।

ਖ਼ੁਸ਼ਾਮਦ—ਇਹ ਦੋ-ਧਾਰੀ ਖੰਡਾ ਹੈ—ਉਸਤਤ ਕਰਨ ਵਾਲਾ ਆਪ

ਘਟਦਾ ਹੈ ਤੇ ਜਿਸ ਦੀ ਉਸਤਤ ਕੀਤੀ ਜਾ ਰਹੀ ਹੈ, ਉਸਦਾ ਵਿਕਾਸ ਰੁਕਦਾ ਹੈ।

ਨਿੰਦਾ—ਨਿੰਦਾ ਅਹੰਕਾਰ ਤੋਂ ਅਤੇ ਅਕਸਰ ਈਰਸ਼ਾ ਤੋਂ ਨਿਕਲਦੀ ਹੈ। ਨਿੰਦਾ ਉਸਦੀ ਕੀਤੀ ਜਾਂਦੀ ਹੈ, ਜੋ ਅਕਸਰ ਨਿੰਦਾ ਕਰਨ ਵਾਲੇ ਤੋਂ ਉਪਰ ਹੁੰਦਾ ਹੈ, ਜੋ ਚੰਗਾ ਹੁੰਦਾ ਹੈ, ਔਰ ਜੋ ਪਿੱਛੇ ਹੈ, ਉਸ ਨੂੰ ਤਾਂ ਭੰਡਣ ਦੀ ਲੋੜ ਹੀ ਨਹੀਂ ਹੈ; ਉਸਦੀ ਨਿੰਦਾ ਕਰਨ ਦੀ ਲੋੜ ਹੀ ਨਹੀਂ ਹੈ, ਉਹ ਤਾਂ ਹੈ ਹੀ ਪਿੱਛੇ।

ਜਿਸ ਨੂੰ ਮਨੁੱਖ ਕਿਸੇ ਤਰ੍ਹਾਂ ਵੀ ਪਿੱਛੇ ਨਹੀਂ ਕਰ ਸਕਦਾ, ਈਰਸ਼ਾ ਵੱਸ ਅਤੇ ਅਹੰਕਾਰ ਵੱਸ ਹੋ ਕੇ ਉਸ ਦੀ ਗੱਲ ਘਟਾ ਕੇ ਬਿਆਨ ਕਰਨ ਨੂੰ ਨਿੰਦਾ ਕਿਹਾ ਜਾਂਦਾ ਹੈ। ਨਿੰਦਾ ਵਾਸਤੇ ਸਤਿਗੁਰੂ ਜੀ ਪੁਰਜ਼ੋਰ ਸ਼ਬਦਾਂ ਵਿਚ ਰੋਕਦੇ ਨੇ :

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥

(ਸੂਹੀ ਮ: ੩, ਪੰਨਾ 755)

ਮੂੜ੍ਹ ਮਨੁੱਖ ਨਿੰਦਾ ਕਰਦਾ ਹੈ। ਦੂਸਰੇ ਨੂੰ ਈਰਸ਼ਾ ਵੱਸ ਹੋ ਕੇ, ਅਹੰਕਾਰ ਵੱਸ ਹੋ ਕੇ ਨਿੰਦਣਾ ਇਕ ਛੁਟਿਆਉਣ ਵਾਲੀ ਗੱਲ ਹੈ। ਬੋਲ ਕੇ ਨਿੰਦਾ ਕਰਨੀ; ਇਹ ਨਿੰਦਾ ਵਿਅਕਤੀ ਪੱਧਰ 'ਤੇ ਵੀ ਹੁੰਦੀ ਹੈ, ਕੌਮੀ ਪੱਧਰ 'ਤੇ ਵੀ ਕੀਤੀ ਜਾਂਦੀ ਹੈ। ਇਕ ਕੌਮ ਦੂਜੀ ਕੌਮ ਦੀ, ਇਕ ਦੇਸ਼ ਦੂਸਰੇ ਦੇਸ਼ ਦੀ ਨਿੰਦਾ ਕਰਦਾ ਹੈ। ਇਕ ਪਰਿਵਾਰ ਦੂਸਰੇ ਪਰਿਵਾਰ ਦੀ ਨਿੰਦਾ ਕਰਦਾ ਹੈ। ਇਕ ਵਿਅਕਤੀ ਦੂਸਰੇ ਵਿਅਕਤੀ ਦੀ ਨਿੰਦਾ ਕਰਦਾ ਹੈ। ਲੇਕਿਨ ਜੇ ਸੱਚਾਈ ਨੂੰ ਦੇਖੀਏ ਤੇ ਤਹਿ ਤਕ ਜਾਈਏ ਤਾਂ ਨਿੰਦਾ ਉਸੇ ਦੀ ਹੀ ਕੀਤੀ ਜਾਂਦੀ ਹੈ, ਜੋ ਅੱਗੇ ਹੈ। ਨਿੰਦਾ ਆਪਣੇ ਆਪ ਵਿਚ ਅਹੰਕਾਰੀਆਂ ਦਾ ਇਕ ਆਪਣਾ ਰਸ ਹੈ। ਅਹੰਕਾਰੀ ਪੁਰਸ਼ ਕਿਸੇ ਦੂਜੇ ਦੀ ਮਹਿਮਾ ਉਸਤਤ ਦੇਖ ਕੇ ਖ਼ੁਸ਼ ਨਹੀਂ ਹੁੰਦਾ, ਈਰਸ਼ਾ ਕਰੇਗਾ, ਕਿਉਂਕਿ ਕਿਸੇ ਦਾ ਵੱਡਾ ਹੋਣਾ ਵੇਖ ਕੇ ਅਹੰਕਾਰੀ ਪੁਰਸ਼ ਆਪਣੇ ਆਪ ਨੂੰ ਛੋਟਾ ਹੋਇਆ ਵੇਖਦਾ ਹੈ, ਛੋਟਾ ਹੋਣਾ ਦੁਖਦਾਈ ਹੈ ਅਤੇ ਚੁਭਦਾ ਹੈ।

ਅਕਸਰ ਅਹੰਕਾਰੀ ਮਨੁੱਖ ਆਪਣੇ ਆਪ ਤੋਂ ਛੋਟਿਆਂ ਦੇ ਕੋਲ ਬੈਠ ਕੇ ਪ੍ਰਸੰਨ ਹੁੰਦਾ ਹੈ, ਕਿਉਂਕਿ ਉਥੇ ਉਹ ਵੱਡੇ ਬਣੇ ਰਹਿੰਦੇ ਨੇ। ਗੁਣਵਾਨ ਕੋਲ, ਮਹਾਨ ਕੋਲ ਬੈਠਣ ਨਾਲ ਤਾਂ ਉਹ ਆਪ ਛੋਟੇ ਬਣ ਜਾਂਦੇ ਨੇ। ਇਸ ਵਾਸਤੇ ਅਹੰਕਾਰੀ ਮਨੁੱਖਾਂ ਦਾ ਵੱਡਪੁਣਾ, ਛੋਟੇ ਮਨੁੱਖਾਂ ਦੇ ਕੰਧਿਆਂ 'ਤੇ ਅਸਵਾਰ ਹੋ ਕੇ ਚੱਲਣ ਵਿਚ ਹੀ ਤਾਂ ਹੈ। ਲੇਕਿਨ ਸ਼ਰਧਾ ਹਮੇਸ਼ਾ ਵੱਡਿਆਂ ਨੂੰ ਹੀ ਲੱਭਦੀ ਹੈ; ਆਪਣੇ ਤੋਂ ਵੱਧ ਗੁਣਵਾਨਾਂ ਨੂੰ, ਕਲਾਕਾਰਾਂ ਨੂੰ, ਸਿਆਣਿਆਂ ਨੂੰ,

ਬੁੱਧੀਮਾਨਾਂ ਨੂੰ ਸ਼ਰਧਾ ਤਲਾਸ਼ ਕਰਦੀ ਹੈ। ਇਹ ਵੀ ਦੋ ਤਰਫ਼ਾ ਵਿਕਾਸ ਹੁੰਦਾ ਹੈ।

ਵੱਡੇ ਦੀ ਮਹਿਮਾ, ਮਹਾਨ ਮਨੁੱਖ ਦੀ ਮਹਿਮਾ, ਉਸਤਤੀ ਉਸ ਨੂੰ ਕੋਈ ਵੱਡਾ ਨਹੀਂ ਕਰਦੀ, ਪਰ ਛੁਟਿਆਂਦੀ ਵੀ ਨਹੀਂ। ਮਹਾਨ ਮਨੁੱਖ ਦੀ ਇਹ ਪਹਿਚਾਨ ਹੈ। ਸੂਰਜ ਨੂੰ ਵੱਡਾ ਵੱਡਾ ਆਖੀਏ, ਉਸਦਾ ਨੂਰ ਕੋਈ ਵਧ ਨਹੀਂ ਜਾਂਦਾ, ਜੇ ਨਾ ਆਖੀਏ ਤਾਂ ਘਟ ਨਹੀਂ ਜਾਂਦਾ। ਪਰਮਾਤਮਾ ਦੀ ਮਹਿਮਾ ਕਰੀਏ, ਉਹ ਕੋਈ ਵੱਡਾ ਨਹੀਂ ਹੋ ਜਾਂਦਾ, ਨਾ ਕਰੀਏ ਤਾਂ ਉਹ ਕੋਈ ਛੋਟਾ ਨਹੀਂ ਹੋ ਜਾਂਦਾ :

ਜੇ ਸਭਿ ਮਿਲਿ ਕੈ ਆਖਣ ਪਾਹਿ ॥
ਵਡਾ ਨ ਹੋਵੈ ਘਾਟਿ ਨ ਜਾਇ ॥ *(ਆਸਾ ਮ: ੧, ਪੰਨਾ 9)*

ਮਹਾਨ ਮਨੁੱਖ ਦੀ ਇਹ ਪਹਿਚਾਣ ਹੈ ਕਿ ਉਹ ਆਪਣੀ ਉਸਤਤੀ ਸੁਣ ਕੇ ਖ਼ੁਸ਼ ਨਹੀਂ ਹੁੰਦਾ। ਬਸ ਹਵਾ ਦੇ ਝੌਂਕੇ ਛੂਹ ਕੇ ਲੰਘ ਜਾਂਦੇ ਹਨ, ਉਹ ਬਾਕਾਇਦਾ ਅਸਪਰਸ਼ ਰਹਿ ਜਾਂਦਾ ਹੈ। ਲੇਕਿਨ ਉਸਤਤ ਕਰਨ ਵਾਲਾ, ਮਹਿਮਾ ਗਾਇਨ ਕਰਨ ਵਾਲਾ ਮਹਾਨ ਹੋ ਜਾਂਦਾ ਹੈ। ਕਿਸੇ ਨੂੰ ਮਹਾਨ ਮੰਨਣਾ, ਉਸ ਦੀ ਮਹਾਨਤਾ ਨੂੰ ਵੇਖ ਕੇ ਔਰ ਫਿਰ ਸ਼ਰਧਾ ਰੱਖਣੀ, ਆਪਣੇ ਆਪ ਨੂੰ ਮਹਾਨ ਬਣਾਣਾ ਹੈ। ਪਰ ਈਰਸ਼ਾਲੂ ਤੇ ਅਹੰਕਾਰੀ, ਮਹਾਨ ਪੁਰਸ਼ ਦੀ ਨਿੰਦਾ ਕਰੇਗਾ, ਗੁਣਵਾਨ ਦੀ ਨਿੰਦਾ ਕਰੇਗਾ; ਜੋ ਕਿਸੇ ਵੀ ਪੱਖ ਤੋਂ ਉਸ ਦੇ ਅੱਗੇ ਹੈ, ਨਿੰਦਕ ਉਸ ਦੀ ਨਿੰਦਾ ਕਰੇਗਾ। ਜਦ ਵੀ ਕੋਈ ਮਨੁੱਖ ਕਿਸੇ ਦੀ ਨਿੰਦਾ ਕਰ ਰਿਹਾ ਹੋਵੇ ਤਾਂ ਸਮਝ ਲੈਣਾ ਕਿ ਉਹ ਕਿਸੇ ਨਾ ਕਿਸੇ ਪਖੋਂ ਉਸ ਤੋਂ ਅੱਗੇ ਹੈ; ਧਨ ਵਿਚ ਯਾ ਗੁਣਾਂ ਵਿਚ ਅੱਗੇ ਹੋਵੇਗਾ। ਸੁਹੱਪਣ ਵਿਚ ਯਾ ਕਿਸੇ ਕਲਾ ਵਿਚ ਅੱਗੇ ਹੋਵੇਗਾ। ਕਿਉਂਕਿ ਨਿੰਦਾ ਹਮੇਸ਼ਾ ਉਸ ਦੀ ਹੁੰਦੀ ਹੈ, ਜੋ ਅੱਗੇ ਹੈ। ਨਿੰਦਾ ਸੁਣਨ ਦੀ ਯਾ ਨਿੰਦਾ ਕਰਨ ਦੀ ਵਾਦੀ ਪੈ ਜਾਵੇ ਤਾਂ ਇਹ ਆਦਤ (ਇਹ ਵਾਦੀ) ਫਿਰ ਛੁਟਦੀ ਨਹੀਂ। ਧੰਨ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਨੇ ਕਿ ਪਰਿਪੂਰਨ ਪਰਮਾਤਮਾ ਨੇ, ਕਰਤਾ ਪੁਰਖ ਨੇ ਹਰ ਰੋਗ ਦੇ ਇਲਾਜ ਲਈ ਜੜ੍ਹੀ ਬੂਟੀ, ਔਸ਼ਧੀ ਬਣਾਈ ਹੈ, ਪਰ ਨਿੰਦਾ ਇਕ ਐਸਾ ਮਾਨਸਿਕ ਰੋਗ ਹੈ, ਇਸ ਦੀ ਕੋਈ ਔਸ਼ਧੀ ਨਹੀਂ।

ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ ॥
(ਵਾਰ ਗਉੜੀ, ਮ: ੫, ਪੰਨਾ 315)

ਨਿੰਦਕ ਬੰਦੇ ਦਾ ਕੋਈ ਦਾਰੂ ਨਹੀਂ ਹੈ, ਕਿਉਂਕਿ ਨਿੰਦਾ ਕਰਨ ਦੀ ਉਸ ਨੂੰ ਵਾਦੀ ਪੈ ਗਈ ਹੈ, ਨਿੰਦਾ ਕਰਨਾ ਉਸ ਦਾ ਸੁਭਾਉ ਬਣ ਗਿਆ ਹੈ, ਨਿੰਦਾ ਕਰਨ ਵਿਚ ਉਸ ਨੂੰ ਰਸ ਆਉਂਦਾ ਹੈ। ਜਿਥੇ ਕਿਥੇ ਵੀ ਕਿਸੇ ਦੀ ਨਿੰਦਿਆ

ਹੋ ਰਹੀ ਹੁੰਦੀ ਹੈ, ਮਨੁੱਖ ਬੜੇ ਗ਼ੌਰ ਨਾਲ ਸੁਣਦਾ ਹੈ, ਬੜਾ ਚੁਕੰਨਾ ਹੋ ਕੇ ਸੁਣਦਾ ਹੈ। ਕਿਸੇ ਦੀ ਵੀ ਨਿੰਦਾ ਨਹੀਂ ਸੁਣਨੀ ਚਾਹੀਦੀ। ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ:

ਜੈਸੇ ਪਰ ਨਿੰਦਾ ਸੁਨੈ ਸਾਵਧਾਨ ਸੁਰਤਿ ਕੈ,
ਤੈਸੋ ਗੁਰ ਸਬਦ ਸੁਨੈ ਨ ਉਤਸਾਹ ਕੈ॥ *(ਕਬਿੱਤ ਸਵੈਯੇ)*

ਪਰਾਈ ਨਿੰਦਾ ਤਾਂ ਮਨੁੱਖ ਬਹੁਤ ਗ਼ੌਰ ਨਾਲ ਸੁਣਦਾ ਹੈ ਕਿ ਕਿਧਰੇ ਇਕ ਬੋਲ ਵੀ ਇਧਰ ਉਧਰ ਨਾ ਹੋ ਜਾਵੇ। ਉਸਤਤ ਵੀ ਸੁਣਨਾ ਚਾਹੁੰਦਾ ਹੈ, ਬਸ਼ਰਤੇ ਕਿ ਆਪਣੀ ਹੋਵੇ ਔਰ ਨਿੰਦਾ ਵੀ ਸੁਣਨਾ ਚਾਹੁੰਦਾ ਹੈ, ਬਸ਼ਰਤੇ ਕਿ ਕਿਸੇ ਦੀ ਹੋਵੇ। ਜਦ ਦੂਜੇ ਦੀ ਉਪਮਾ ਸੁਣਦਾ ਹੈ ਤਾਂ ਦੁਖੀ ਹੋ ਜਾਂਦਾ ਹੈ, ਔਰ ਦੁਖੀ ਤਾਂ ਵੀ ਹੋ ਜਾਂਦਾ ਹੈ, ਜਦ ਆਪਣੀ ਨਿੰਦਾ ਹੁੰਦੀ ਹੋਵੇ।

ਨਿੰਦਾ ਸੁਣਨ ਦੀ ਵਾਦੀ ਐਸੇ ਮਨੁੱਖ ਨੂੰ ਐਸੀ ਜਗ੍ਹਾ ਪਹੁੰਚਾ ਦਿੰਦੀ ਹੈ ਕਿ ਇਹ ਫਿਰ ਈਸ਼ਵਰ ਦੀ ਮਹਿਮਾ ਵੀ ਨਹੀਂ ਸੁਣ ਸਕੇਗਾ। ਹੋ ਸਕਦਾ ਹੈ ਕਿ ਕਿਸੇ ਦਿਨ ਈਸ਼ਵਰ ਦੀ ਹੋਂਦ 'ਤੇ ਤਰਕ ਵੀ ਕਰਨ ਲੱਗ ਪਵੇ, ਔਰ ਤਰਕ ਸੁਣ ਕੇ ਪ੍ਰਸੰਨ ਹੋਵੇ। ਇਸ ਜਗਤ ਵਿਚ ਬੜੇ ਬੜੇ ਨਾਸਤਿਕ ਹੋਏ ਨੇ, ਔਰ ਅੱਜ ਵੀ ਬੇਸ਼ਤਰ ਦੁਨੀਆ ਨਾਸਤਿਕਤਾ ਵਿਚ ਘੁੰਮ ਰਹੀ ਹੈ, ਪਰਮਾਤਮਾ ਤੋਂ ਮੁਨਕਰ ਹੈ। ਗਹਿਰਾਈ ਵਿਚ ਦੇਖੋਗੇ ਤਾਂ ਗੱਲ ਸਪੱਸ਼ਟ ਹੋ ਜਾਏਗੀ। ਆਪਣੇ ਤੋਂ ਮਹਾਨ, ਉੱਚਾ, ਸਮਰੱਥ ਕਿਸੇ ਨੂੰ ਮੰਨਣਾ ਔਖਾ ਹੈ। ਖ਼ਾਸ ਕਰਕੇ, ਜੋ ਮਨੁੱਖ ਮਾੜੀ ਮੋਟੀ ਸਮਰੱਥਾ ਰੱਖਦਾ ਹੋਵੇ, ਉਸਦੇ ਲਈ ਤਾਂ ਕਿਸੇ ਨੂੰ ਆਪਣੇ ਤੋਂ ਵੱਡਾ ਮੰਨਣਾ ਔਖਾ ਹੋ ਜਾਂਦਾ ਹੈ। ਦੇਖਿਆ ਗਿਆ ਹੈ ਕਿ ਦੁਨੀਆ ਵਿਚ ਗੁਣਵਾਨ ਬੰਦੇ ਬਹੁਤ ਹੀ ਅਹੰਕਾਰੀ ਹੁੰਦੇ ਨੇ। ਅਹੰਕਾਰ ਗੁਣਾਂ 'ਤੇ ਅਸਵਾਰ ਹੋ ਕੇ ਯਾਤਰਾ ਕਰਦਾ ਹੈ। ਸਮਰੱਥ ਤੇ ਧਨਵਾਨ ਮਨੁੱਖ ਅਹੰਕਾਰੀ ਹੋ ਜਾਂਦੇ ਨੇ। ਕਿਸੇ ਨੂੰ ਆਪਣੇ ਤੋਂ ਵੱਡਾ ਮੰਨਣਾ ਔਖਾ ਹੋ ਜਾਂਦਾ ਹੈ। ਅਕਬਰ ਜਦ ਮਹਾਨ ਸ਼ਕਤੀਸ਼ਾਲੀ ਹੋ ਗਿਆ, ਲੋਕੀਂ ਉਸ ਨੂੰ ਮਹਾਂਬਲੀ ਕਹਿਣ ਲੱਗ ਪਏ ਤਾਂ ਉਸਦੇ ਅੰਦਰ ਵੀ ਪੈਗੰਬਰ ਬਣਨ ਦਾ ਚਾਉ ਪੈਦਾ ਹੋਇਆ। ਉਸਨੇ 'ਦੀਨੇ ਇਲਾਹੀ' ਮਜ਼ਹਬ ਚਲਾਉਣ ਦਾ ਯਤਨ ਕੀਤਾ। ਪੈਗੰਬਰਾਂ ਦੀ ਬਰਾਬਰੀ ਕਰਨ ਦਾ ਖ਼ਿਆਲ ਆਇਆ। ਹਰਨਾਖ਼ਸ਼ ਉਸ ਤੋਂ ਵੀ ਇਕ ਕਦਮ ਅੱਗੇ ਜਾਂਦਾ ਹੈ। ਆਪਣੇ ਆਪ ਨੂੰ ਪਰਮਾਤਮਾ ਕਹਿਣਾ ਸ਼ੁਰੂ ਕਰ ਦਿੱਤਾ ਕਿ ਪਰਮਾਤਮਾ ਕੀ ਹੁੰਦਾ ਹੈ, ਕੁਛ ਵੀ ਨਹੀਂ। ਮੈਂ ਖ਼ੁਦ ਪਰਮਾਤਮਾ ਹਾਂ, ਮੈਂ ਖ਼ੁਦ ਈਸ਼ਵਰ ਹਾਂ। ਐਸਾ ਮਨੁੱਖ ਈਸ਼ਵਰ ਦੀ ਉਸਤਤ ਨਹੀਂ ਸੁਣ ਸਕਦਾ। ਉਸ ਦਾ ਲੜਕਾ ਪ੍ਰਹਿਲਾਦ ਪਰਮਾਤਮਾ ਦੀ ਉਸਤਤ ਕਰਦਾ ਸੀ, ਉਸ ਨੂੰ ਵੀ ਇਹ ਬਰਦਾਸ਼ਤ ਨਾ ਕਰ ਸਕਿਆ। ਹਾਂ, ਐਸਾ ਮਨੁੱਖ ਈਸ਼ਵਰ ਦੀ ਨਿੰਦਾ ਸੁਣ ਕੇ ਜ਼ਰੂਰ ਪ੍ਰਸੰਨ

ਹੋਵੇਗਾ। ਕਿਉਂਕਿ ਉਹ ਦੇਖਦਾ ਹੈ ਕਿ ਇਨ੍ਹਾਂ ਮਨੁੱਖਾਂ ਵਿੱਚੋਂ ਮੇਰੇ ਤੋਂ ਕੋਈ ਵੀ ਅੱਗੇ ਨਹੀਂ, ਪਰਮਾਤਮਾ ਅੱਗੇ ਹੈ, ਤੋ ਉਸ ਦੀ ਨਿੰਦਾ ਆਪ ਕਰਦਾ ਹੈ ਔਰ ਨਿੰਦਾ ਸੁਣ ਕੇ ਪ੍ਰਸੰਨ ਹੁੰਦਾ ਹੈ। ਸਮਰੱਥਾ ਜੋ ਹੈ, ਉਸ ਦੀ ਤਾਕਤ ਹੈ। ਸ਼ਕਤੀਸ਼ਾਲੀ ਮਨੁੱਖ ਹੋਵੇ ਤੇ ਪ੍ਰਬਲ ਅਹੰਕਾਰੀ ਹੋਵੇ, ਉਸ ਦੀ ਨਿੰਦਾ ਬਹੁਤ ਅੱਗੇ ਚਲੀ ਜਾਏਗੀ। ਔਰ ਐਸਾ ਮਨੁੱਖ ਈਸ਼ਵਰ ਦੀ ਨਿੰਦਾ ਵੀ ਕਰ ਸਕਦਾ ਹੈ। ਨਿੰਦਾ ਐਸੀ ਕਾਲਖ ਹੈ ਕਿ ਮਨੁੱਖ ਦਾ ਮਨ ਦਾਗ਼ੀ ਹੋ ਜਾਂਦਾ ਹੈ। ਨਿੰਦਾ ਐਸਾ ਔਗੁਣ ਹੈ, ਮਨੁੱਖ ਨੂੰ ਰਸਾਤਲ ਵਿਚ ਗਿਰਾ ਦਿੰਦਾ ਹੈ; ਮਨੁੱਖ ਮਲੀਨ ਹੋ ਜਾਂਦਾ ਹੈ; ਗ਼ਲਾਜ਼ਤ ਨਾਲ ਭਰ ਜਾਂਦਾ ਹੈ। ਨਿੰਦਾ ਇਕ ਐਸਾ ਪਹਾੜ ਹੈ, ਜਿਸ ਨੂੰ ਮਨੁੱਖ ਹਰ ਵਕਤ ਚੁੱਕੀ ਰੱਖਦਾ ਹੈ।

ਨਿੰਦਕ ਦਾ ਅੰਜਾਮ ਆਖ਼ਰ ਦੋਜ਼ਖ਼ ਹੈ, ਨਰਕ ਹੈ, ਔਰ ਮਹਾਨ ਦੁਖ ਹੈ ਅਨੰਤ ਜਨਮਾਂ ਵਿਚ ਭਟਕਣਾ। ਨਿੰਦਕ ਦੇ ਮੂੰਹ ਵਿਚ ਸਦਾ ਛਾਈ ਪੈਂਦੀ ਹੈ :

ਨਾਨਕ ਪ੍ਰਭ ਸਰਣਾਈ ॥
ਮੁਖਿ ਨਿੰਦਕ ਕੈ ਛਾਈ ॥ *(ਸੋਰਠਿ ਮਹਲਾ ੫, ਪੰਨਾ 629)*

ਨਿੰਦਾ ਕਰਨ ਵਾਲਾ ਰਾਮ ਦੀ ਮਹਿਮਾ ਨਹੀਂ ਕਰ ਸਕਦਾ :

ਨਿੰਦਾ ਕਰਤੇ ਜਨਮੁ ਸਿਰਾਨੋ ਕਬਹੂ ਨ ਸਿਮਰਿਓ ਰਾਮੁ ॥
(ਮਾਰੂ ਕਬੀਰ ਜੀ, ਪੰਨਾ 1105)

ਨਿੰਦਾ ਦਾ ਇਹ ਰਸ ਜਦੋਂ ਵਧ ਜਾਂਦਾ ਹੈ, ਤਾਂ ਜੀਵਨ ਬੇ-ਰਸ ਹੋ ਜਾਂਦਾ ਹੈ :

ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ ॥
(ਸੋਰਠਿ ਮ: ੯, ਪੰਨਾ 631)

ਐਸਾ ਮਨੁੱਖ ਪ੍ਰਭੂ ਦੀ ਭਗਤੀ ਨਹੀਂ ਕਰ ਸਕਦਾ ਤੇ ਨਾ ਹੀ ਪ੍ਰਭੂ ਦੇ ਗੁਣ ਗਾ ਸਕਦਾ ਹੈ। ਇਸ ਨਿੰਦਾ ਦਾ ਇਕ ਹੋਰ ਪਹਿਲੂ ਵੀ ਹੈ; ਜੋ ਆਪਣੀ ਨਿੰਦਾ ਸੁਣ ਕੇ ਪ੍ਰਸੰਨ ਹੁੰਦਾ ਹੈ, ਮਹਾਨ ਹੈ ਔਰ ਜੋ ਨਿੰਦਾ ਕਰ ਕੇ ਖ਼ੁਸ਼ ਹੋਵੇ, ਉਹ ਛੋਟਾ ਹੈ। ਭਗਤ ਸਿਰਮੌਰ ਸ੍ਰੀ ਕਬੀਰ ਜੀ ਕਹਿੰਦੇ ਨੇ :

ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥
ਨਿੰਦਾ ਜਨ ਕਉ ਖਰੀ ਪਿਆਰੀ ॥ *(ਗਉੜੀ ਕਬੀਰ ਜੀ, ਪੰਨਾ 339)*

ਹੇ ਜਗਤ ਦੇ ਲੋਕੋ ! ਮੇਰੀ ਨਿੰਦਾ ਕਰੋ, ਨਿੰਦਾ ਮੈਨੂੰ ਬਹੁਤ ਪਿਆਰੀ ਲਗਦੀ ਹੈ। ਔਰ ਗ਼ਜ਼ਬ ਦੀ ਗੱਲ ਇਹ ਕਿ ਇਸ ਭਗਤ ਦੇ ਮਨ ਵਿਚ ਨਿੰਦਕਾਂ ਲਈ ਸਨਮਾਨ ਹੈ :

ਨਿੰਦਾ ਜਨ ਕਉ ਖਰੀ ਪਿਆਰੀ ॥
ਨਿੰਦਾ ਬਾਪੁ ਨਿੰਦਾ ਮਹਤਾਰੀ ॥ *(ਗਉੜੀ ਕਬੀਰ ਜੀ, ਪੰਨਾ 339)*

ਇਹ ਨਿੰਦਾ ਕਰਨ ਵਾਲੇ ਮੇਰੇ ਪਿਤਾ ਸਮਾਨ ਨੇ, ਮਾਤਾ ਸਮਾਨ ਨੇ। ਇਸ ਦਾ ਇਕ ਮਨੋ-ਵਿਗਿਆਨਕ ਪਹਿਲੂ ਹੈ। ਅਗਰ ਸਿਆਣਾ ਮਨੁੱਖ ਹੈ, ਮਹਾਨ ਮਨੁੱਖ ਹੈ, ਜਿਸਦੀ ਨਿੰਦਾ ਹੋ ਰਹੀ ਹੋਵੇ, ਤਾਂ ਉਹ ਆਪਣੇ ਆਪ ਨੂੰ ਸਾਵਧਾਨ ਕਰ ਲੈਂਦਾ ਹੈ, ਸੁਚੇਤ ਕਰ ਲੈਂਦਾ ਹੈ, ਉਨ੍ਹਾਂ ਘਟਨਾਵਾਂ ਬਾਰੇ ਜਿਸ ਦੀ ਜਗਤ ਨਿੰਦਾ ਕਰ ਰਿਹਾ ਹੈ। ਜੈਸੇ ਮਾਂ-ਬਾਪ ਮਾਸੂਮ ਬੱਚੇ ਦੀ ਦੇਖ-ਰੇਖ ਕਰਦੇ ਨੇ, ਔਰ ਬੱਚੇ ਨੂੰ ਸਾਵਧਾਨ ਰੱਖਦੇ ਨੇ, ਤਿਵੇਂ ਹੀ ਨਿੰਦਕ ਭਗਤਾਂ ਨੂੰ ਸਾਵਧਾਨ ਰੱਖਦੇ ਨੇ, ਸੁਚੇਤ ਰੱਖਦੇ ਨੇ:

ਰਿਦੈ ਸੁਧ ਜਉ ਨਿੰਦਾ ਹੋਇ॥
ਹਮਰੇ ਕਪਰੇ ਨਿੰਦਕੁ ਧੋਇ॥ *(ਗਉੜੀ ਕਬੀਰ ਜੀ, ਪੰਨਾ 339)*

ਨਿੰਦਕ ਤਾਂ ਧੋਬੀ ਦਾ ਕੰਮ ਕਰਦਾ ਹੈ, ਉਹ ਤਾਂ ਸਾਡੀ ਅੰਤਸ਼ਕਰਨ ਨੂੰ ਧੋਂਦਾ ਹੈ। ਜਿਹੜੇ ਜਿਹੜੇ ਔਗੁਣ ਉਹ ਨਾਲ ਜੋੜਦਾ ਹੈ, ਭਗਤ ਉਨ੍ਹਾਂ ਉਨ੍ਹਾਂ ਔਗੁਣਾਂ ਨੂੰ ਦੂਰ ਕਰਨ ਦਾ ਯਤਨ ਕਰਦਾ ਹੈ ਤੇ ਆਪਣੇ ਆਪ ਨੂੰ ਉਨ੍ਹਾਂ ਤੋਂ ਬਚਾਉਂਦਾ ਹੈ। ਇਸ ਤਰ੍ਹਾਂ ਜਿਥੇ ਨਿੰਦਾ ਕਰਨ ਵਾਲਾ ਰਸਾਤਲ ਵਿਚ ਜਾਂਦਾ ਹੈ, ਭਗਤ ਕਿਰਤਾਰਥ ਹੋਈ ਜਾਂਦਾ ਹੈ, ਉਸਦੇ ਅੰਦਰ ਨਿੰਦਕਾਂ ਲਈ ਧੰਨਵਾਦ ਪੈਦਾ ਹੁੰਦਾ ਜਾਂਦਾ ਹੈ।

ਸੰਤ ਦੀ ਨਿੰਦਾ ਮਨੁੱਖ ਨੂੰ ਮਹਾਂ ਦੋਖੀ ਬਣਾ ਦਿੰਦੀ ਹੈ। "ਸੰਤ ਕਾ ਨਿੰਦਕੁ ਮਹਾ ਹਤਿਆਰਾ" ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਬਿਆਨ ਕਰਦੇ ਹਨ। ਭਗਤ ਰਵਿਦਾਸ ਜੀ ਵੀ ਕਥਨ ਕਰਦੇ ਨੇ:

ਜੇ ਓਹੁ ਅਠਸਠਿ ਤੀਰਥ ਨ੍ਹਾਵੈ॥
ਜੇ ਓਹੁ ਦੁਆਦਸ ਸਿਲਾ ਪੂਜਾਵੈ॥
ਜੇ ਓਹੁ ਕੂਪ ਤਟਾ ਦੇਵਾਵੈ॥
ਕਰੈ ਨਿੰਦ ਸਭ ਬਿਰਥਾ ਜਾਵੈ॥
ਸਾਧ ਕਾ ਨਿੰਦਕੁ ਕੈਸੇ ਤਰੈ॥
ਸਰਪਰ ਜਾਨਹੁ ਨਰਕ ਹੀ ਪਰੈ॥
ਜੇ ਓਹੁ ਗ੍ਰਹਨ ਕਰੈ ਕੁਲਖੇਤਿ॥
ਅਰਪੈ ਨਾਰਿ ਸੀਗਾਰ ਸਮੇਤਿ॥
ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥
ਕਰੈ ਨਿੰਦ ਕਵਨੈ ਨਹੀ ਗੁਨੈ॥ *(ਗੋਂਡ ਰਵਿਦਾਸ ਜੀ, ਪੰਨਾ 875)*

ਕਿਤਨੇ ਹੀ ਧਾਰਮਿਕ ਕਰਮ ਕਰੇ, ਅਠਾਹਠ ਤੀਰਥਾਂ ਦਾ ਰਟਨ ਕਰੇ, ਇਸ਼ਨਾਨ ਕਰੇ, ਸੂਰਜ ਗ੍ਰਹਿਣ 'ਤੇ ਕੁਰਕਸ਼ੇਤਰ ਵਿਚ ਪੂਰਾ ਸ਼ਿੰਗਾਰ ਕਰਾ ਕੇ, ਆਪਣੀ ਨਾਰੀ ਤਕ ਦਾਨ ਕਰ ਦੇਵੇ, ਸਾਰੀਆਂ ਸਿਮਰਤੀਆਂ ਦਾ ਪਾਠ ਸੁਣੇ,

ਤਾਂ ਵੀ ਨਿੰਦਾ ਕਰਨ ਵਾਲੇ ਵਿਚ ਰੱਬੀ ਗੁਣ ਨਹੀਂ ਪੈਦਾ ਹੋ ਸਕਣਗੇ, ਕਿਉਂਕਿ ਗੁਣਾਂ ਦੀ ਤਾਂ ਉਹ ਨਿੰਦਾ ਕਰ ਰਿਹਾ ਹੈ।

ਨਿੰਦਾ ਕਰਨ ਵਾਲੇ ਦੇ ਅੰਦਰ ਰੱਬੀ ਗੁਣ ਪ੍ਰਵੇਸ਼ ਨਹੀਂ ਕਰਨਗੇ। ਉਸਦੇ ਅੰਦਰ ਨਿੰਦਾ ਕਰਨ ਦੇ ਫਲਸਰੂਪ ਔਗੁਣ ਹੀ ਪ੍ਰਵੇਸ਼ ਕਰਦੇ ਹਨ। ਸੂਫ਼ੀ ਸੰਤ ਸ਼ੇਖ਼ ਸਾਅਦੀ ਸਾਹਿਬ ਕਹਿੰਦੇ ਨੇ ਕਿ ਮੈਂ ਦੋਸਤਾਂ ਤੋਂ ਬੜਾ ਔਖਾ ਹਾਂ। ਆਮ ਮਨੁੱਖ ਮਿੱਤਰਾਂ ਨੂੰ ਲੱਭਦਾ ਹੈ, ਮਿੱਤਰਾਂ ਵਿਚ ਬੈਠ ਕੇ ਬੜਾ ਖ਼ੁਸ਼ ਹੁੰਦਾ ਹੈ, ਮਿੱਤਰਾਂ ਦੀ ਤਲਾਸ਼ ਕਰਦਾ ਹੈ। ਲੇਕਿਨ ਇਕ ਸੂਫ਼ੀ ਸੰਤ ਫ਼ਕੀਰ ਕਹਿੰਦਾ ਹੈ ਕਿ ਮੈਂ ਦੋਸਤਾਂ ਤੋਂ ਔਖਾ ਹਾਂ, ਦੁਖੀ ਹਾਂ। ਉਹ ਆਪਣੇ ਗ੍ਰੰਥ *ਗੁਲਿਸਤਾਨ* ਵਿਚ ਲਿਖਦਾ ਹੈ:

ਅਜ਼ ਸੁਹਬਤੇ ਦੋਸਬ ਰੰਜਮ ਕਿ ਇਖ਼ਲਾਕੇ ਬਦਮ ਹਸਨ ਨਮਾਇਦ।

ਮੈਂ ਦੋਸਤਾਂ ਤੋਂ ਬਹੁਤ ਔਖਾ ਹਾਂ, ਕਿਉਂਕਿ ਉਹ ਮੇਰੀ ਬਦ-ਇਖ਼ਲਾਕੀ ਨੂੰ ਇਖ਼ਲਾਕ ਕਹਿੰਦੇ ਨੇ। ਮੇਰੇ ਔਗੁਣਾਂ ਨੂੰ ਗੁਣ ਕਹਿੰਦੇ ਨੇ। ਮੇਰੀ ਬਦ-ਇਖ਼ਲਾਕੀ ਨੂੰ ਸੁਹੱਪਣ ਕਹਿੰਦੇ ਨੇ, ਮੇਰੇ ਕੰਡਿਆਂ ਨੂੰ ਫੁੱਲ ਕਹਿੰਦੇ ਨੇ:

ਅਜ਼ ਸੁਹਬਤੇ ਦੋਸਬ ਰੰਜਮ ਕਿ ਇਖ਼ਲਾਕੇ ਬਦਮ ਹਸਨ ਨਮਾਇਦ।
ਐਬਮ ਹੁਮਰੋ ਕਮਾਲ ਬੀਨਦ ਖ਼ਾਰਮ ਗੁਲੋ ਯਾਸਮੀਨ ਨਮਾਇਦ।

ਮੇਰੇ ਕੰਡਿਆਂ ਨੂੰ ਚੰਬੇਲੀ ਦੇ ਫੁੱਲ ਕਹਿੰਦੇ ਨੇ, ਮੇਰੇ ਔਗੁਣਾਂ ਨੂੰ ਹੁਨਰ ਕਹਿੰਦੇ ਨੇ, ਗੁਣ ਕਹਿੰਦੇ ਨੇ। ਮੇਰੀ ਬਦ-ਸੂਰਤੀ ਨੂੰ ਸੁਹੱਪਣ ਕਹਿੰਦੇ ਨੇ। ਮੇਰੇ ਦਾਗ਼ਾਂ ਨੂੰ, ਮੇਰੇ ਧੱਬਿਆਂ ਨੂੰ ਚਮਕਦੇ ਤਾਰੇ ਕਹਿੰਦੇ ਨੇ। ਦੁਖੀ ਹਾਂ ਐਸੇ ਦੋਸਤਾਂ ਤੋਂ। ਮੈਂ ਉਸ ਨਿੰਦਕ ਦੀ ਤਲਾਸ਼ ਕਰ ਰਿਹਾ ਹਾਂ, ਜੋ ਮੇਰੇ ਮੂੰਹ ਉੱਤੇ ਮੇਰੇ ਔਗੁਣਾਂ ਦਾ, ਮੇਰੇ ਐਬਾਂ ਦਾ ਜ਼ਿਕਰ ਕਰੇ:

ਕੂ ਦੁਸ਼ਮਨਿ ਸ਼ੋਖ਼ੇ ਚਸ਼ਮ ਬੇਬਾਕ ਤਾ ਐਬੇ ਮਰਾ ਬ ਮਨ ਨਮਾਇਦ।

ਉਹ ਬੇਬਾਕ, ਉਹ ਮੂੰਹ-ਫਟ ਦੁਸ਼ਮਨ ਕਿੱਥੇ ਹੈ, ਜੋ ਮੇਰੇ ਸਾਹਮਣੇ, ਮੇਰੇ ਮੂੰਹ 'ਤੇ ਮੇਰੇ ਔਗੁਣਾਂ ਦਾ ਜ਼ਿਕਰ ਕਰੇ? ਵਾਕਈ ਮੂੰਹ ਦੇ ਧੱਬੇ ਸ਼ੀਸ਼ੇ ਵਿਚ ਦਿਖਾਈ ਦੇ ਸਕਦੇ ਨੇ ਔਰ ਨਿੰਦਕ ਇਨ੍ਹਾਂ ਧੱਬਿਆਂ ਨੂੰ ਦੇਖਣ ਵਿਚ ਸਮਰੱਥ ਹੁੰਦਾ ਏ, ਕਿਉਂਕਿ ਉਸਦੀ ਦ੍ਰਿਸ਼ਟੀ ਐਸੀ ਬਣ ਜਾਂਦੀ ਹੈ ਕਿ ਉਹ ਦੇਖਦਾ ਹੀ ਧੱਬਿਆਂ ਨੂੰ ਹੈ। ਇਹ ਫ਼ਕੀਰ ਤਬੀਅਤ ਇਨਸਾਨ ਕਹਿ ਰਿਹਾ ਹੈ ਕਿ ਉਹ ਬੇਬਾਕ ਦੁਸ਼ਮਨ ਕਿਥੇ ਹੈ, ਜੋ ਮੇਰੇ ਔਗੁਣਾਂ ਦਾ ਜ਼ਿਕਰ ਮੇਰੇ ਮੂੰਹ 'ਤੇ ਕਰੇ। ਦੁਸ਼ਮਨ, ਈਰਸ਼ਾਲੂ, ਅਹੰਕਾਰੀ, ਗੁਣਾਂ ਦਾ ਜ਼ਿਕਰ ਤਾਂ ਕਰ ਹੀ ਨਹੀਂ ਸਕਦਾ। ਔਗੁਣਾਂ ਦਾ ਕਰੇਗਾ, ਨਿੰਦਾ ਕਰੇਗਾ ਔਰ ਬਹੁਤ ਘਟਾ ਕੇ ਗੱਲ ਕਰੇਗਾ। ਗੁਜਰਾਤ ਦੇ ਅੰਦਰ ਇਕ ਮਹਾਤਮਾ ਹੋਏ ਨੇ—ਦਯਾ ਰਾਮ। ਉਹ

ਕਹਿੰਦੇ ਨੇ ਕਿ ਮੈਂ ਨਿੰਦਕ ਨੂੰ ਆਪਣੇ ਮਾਂ-ਬਾਪ ਨਾਲੋਂ ਵੀ ਜ਼ਿਆਦਾ ਸਨਮਾਨ ਦਿੰਦਾ ਹਾਂ, ਕਿਉਂਕਿ ਮਾਂ ਨੇ ਮੇਰਾ ਮਲ ਮੂਤਰ ਧੋਤਾ ਸੀ ਹੱਥਾਂ ਨਾਲ; ਨਿੰਦਕ ਤਾਂ ਆਪਣੀ ਜ਼ਬਾਨ ਨਾਲ ਧੋਂਦਾ ਹੈ:

ਮਾਨੀਯ ਮਾਤ ਪਿਤਾ ਹਿਤ ਨਿੰਦਕ ਕੇ ਅਤੀ ਨੇਹ।
ਵੁਹ ਧੋਵੇ ਮਲ ਮੂੜ੍ਹ ਕਰ ਯਿਹ ਰਸਨਾ ਲਖ ਲੇਹ।

ਇਹ ਤਾਂ ਜ਼ਬਾਨ ਨਾਲ ਮੇਰੀ ਜ਼ਬਾਨ ਚਟਦੈ, ਜ਼ਬਾਨ ਦੇ ਨਾਲ ਮੇਰੇ ਧੱਬਿਆਂ ਨੂੰ ਧੋਂਦਾ ਹੈ, ਇਹ ਤਾਂ ਜ਼ਬਾਨ ਦੇ ਨਾਲ ਮੇਰੀ ਕਾਲਖ ਮਿਟਾਉਂਦਾ ਹੈ। ਜੋ ਜ਼ਬਾਨ ਨਾਲ ਕਿਸੇ ਦੀ ਕਾਲਖ ਮਿਟਾ ਰਿਹਾ ਹੈ, ਖ਼ੁਦ ਨੂੰ ਕਾਲਾ ਕਰ ਰਿਹਾ ਹੈ; ਜੋ ਜ਼ਬਾਨ ਨਾਲ ਕਿਸੇ ਦੇ ਧੱਬਿਆਂ ਨੂੰ ਧੋ ਰਿਹਾ ਹੈ, ਸ੍ਵੈਮ ਉਸ ਨੂੰ ਧੱਬੇ ਲਗਦੇ ਨੇ। ਲੇਕਿਨ ਨਿੰਦਾ ਸੁਣ ਕੇ ਜੋ ਪ੍ਰਸੰਨ ਹੋਵੇ, ਉਹ ਮਹਾਨ ਹੈ ਔਰ ਨਿੰਦਾ ਸੁਣ ਕੇ ਜੋ ਦੁਖੀ ਹੋਵੇ, ਛੋਟਾ ਹੈ, ਬਹੁਤ ਛੋਟਾ ਹੈ। ਨਿੰਦਾ ਕਰ ਕੇ ਜੋ ਖ਼ੁਸ਼ ਹੋਵੇ, ਬਹੁਤ ਛੋਟਾ ਹੈ ਔਰ ਕਿਸੇ ਦੀ ਮਹਿਮਾ ਗਾ ਕੇ ਜੋ ਖ਼ੁਸ਼ ਹੋਵੇ, ਬਹੁਤ ਵੱਡਾ ਹੈ। ਵਧਾ ਕੇ ਗੱਲ ਕਰਨੀ, ਇਹ ਖ਼ੁਸ਼ਾਮਦ ਹੈ, ਇਸਦੇ ਵਿਚ ਮਨੁੱਖ ਸ੍ਵੈਮ ਘਟ ਜਾਂਦਾ ਹੈ ਔਰ ਗੱਲ ਨੂੰ ਘਟਾ ਕੇ ਬਿਆਨ ਕਰਨਾ, ਇਹ ਨਿੰਦਾ ਹੈ, ਇਸ ਦੇ ਵਿਚ ਵੀ ਮਨੁੱਖ ਘਟ ਜਾਂਦਾ ਹੈ, ਮਿਟ ਜਾਂਦਾ ਹੈ।

•

ਮਨ ਰੇ ਕਿਉ ਛੂਟਹਿ ਬਿਨੁ ਪਿਆਰ

ਪਿਆਰ ਇਕ ਐਸੀ ਅਵਸਥਾ ਹੈ, ਜੋ ਤਨ ਤੇ ਮਨ ਤੋਂ ਬਹੁਤ ਹੀ ਉੱਚੀ ਹੈ। ਜਿਸ ਨਾਲ ਪਿਆਰ ਹੋ ਜਾਵੇ, ਤਨ ਤੇ ਮਨ ਦੋਨੋਂ ਹੀ ਉਸ ਉੱਤੋਂ ਵਾਰ ਦਿੱਤੇ ਜਾਂਦੇ ਹਨ ਔਰ ਵਾਰਨ ਤੋਂ ਬਾਅਦ ਹੀ ਪਿਆਰ ਦਾ ਜਨਮ ਹੁੰਦਾ ਹੈ। ਭਾਵੇਂ ਸੰਸਾਰ ਵਿਚ ਪਿਆਰ ਦੀ ਗੱਲ ਤਾਂ ਬਹੁਤ ਹੈ, ਚਰਚਾ ਤਾਂ ਬਹੁਤ ਹੈ, ਲੇਕਿਨ ਪਿਆਰ ਦੀ ਗਹਿਰਾਈ ਤਕ ਉਹ ਹੀ ਪਹੁੰਚਦੇ ਹਨ, ਜਿਨ੍ਹਾਂ ਦੇ ਹਿਰਦੇ ਵਿਚ ਪਿਆਰ ਉਮਡ ਪੈਂਦਾ ਹੈ।

ਵਸਤੂ ਨੂੰ, ਹਸਤੀ ਨੂੰ ਸਮਝਣ ਵਾਸਤੇ ਪ੍ਰਭੂ ਨੇ ਸੂਝ ਬਖ਼ਸ਼ੀ ਹੈ ਔਰ ਜੁੜਨ ਵਾਸਤੇ ਹਿਰਦਾ ਦਿੱਤਾ ਹੈ। ਬੁੱਧ ਸੋਚਦੀ ਹੈ, ਸਮਝਦੀ ਹੈ, ਹਿਰਦਾ ਤਾਂ ਭਰੋਸਾ ਕਰਦਾ ਹੈ ਅਤੇ ਪਿਆਰ ਕਰਦਾ ਹੈ। ਭਰੋਸਾ ਤੇ ਪਿਆਰ ਦੋਵੇਂ ਇਕੱਠੇ ਜੁੜੇ ਹੋਏ ਨੇ। ਜਿਸ ਨਾਲ ਪਿਆਰ ਹੈ, ਉਸੇ 'ਤੇ ਹੀ ਭਰੋਸਾ ਹੈ ਔਰ ਜਿਸ 'ਤੇ ਭਰੋਸਾ ਹੈ, ਉਸੇ ਨਾਲ ਹੀ ਪਿਆਰ ਹੈ।

ਪਰਮਾਤਮਾ ਦੀਆਂ ਦਿੱਤੀਆਂ ਹੋਈਆਂ ਅਨੰਤ ਦਾਤਾਂ ਵਿੱਚੋਂ ਪਿਆਰ ਇਕ ਵੱਡਮੁੱਲੀ ਦਾਤ ਹੈ ਔਰ ਅਗਰ ਇਹ ਨਾ ਹੁੰਦਾ ਤਾਂ ਮਨੁੱਖ ਕਿਸੇ ਨਾਲ ਵੀ ਸੰਬੰਧ ਜੋੜਨ ਵਿਚ ਕਾਮਯਾਬ ਨਾ ਹੁੰਦਾ। ਪਰਮਾਤਮਾ ਇਕ ਸ਼ਕਤੀ ਹੈ, ਪਰਮਾਤਮਾ ਦਾ ਸੁਭਾਉ ਪਿਆਰ ਹੈ ਔਰ ਇਹ ਪਿਆਰ ਵਿਆਪਕ ਹੈ:

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥ *(ਜਾਪੁ ਸਾਹਿਬ)*

ਜਿਧਰ ਕਿਧਰ ਪਰਮਾਤਮਾ ਪਿਆਰ ਰੂਪ ਹੋ ਕੇ ਛਾਇਆ ਹੋਇਆ ਹੈ। ਜੇਕਰ ਸੋਚਣੀ ਸੀਮਿਤ ਹੈ ਤਾਂ ਫਿਰ ਪਿਆਰ ਵੀ ਸੀਮਿਤ ਹੀ ਹੋਵੇਗਾ। ਸੋਚਣੀ ਅਚੇਤ ਹੈ, ਤੇ ਪਿਆਰ ਤਾਂ ਹੁੰਦਾ ਹੈ, ਪਰ ਅਚੇਤ ਹੁੰਦਾ ਹੈ। ਪਿਆਰ ਤਾਂ ਬਨਸਪਤੀ ਵਿਚ ਵੀ ਹੈ, ਪਿਆਰ ਪਸ਼ੂ-ਪਕਸ਼ੀਆਂ ਵਿਚ ਵੀ ਹੈ, ਪਿਆਰ ਮਨੁੱਖਾਂ ਦੇ ਵਿਚ ਵੀ ਹੈ, ਲੇਕਿਨ ਸਮਝ ਦੀ ਅਵਸਥਾ, ਮਾਨਸਿਕ ਅਵਸਥਾ ਕਰਕੇ ਪਿਆਰ ਦੀ ਰੂਪ-ਰੇਖਾ ਵੱਖ ਵੱਖ ਹੋ ਜਾਂਦੀ ਹੈ। ਪਿਆਰ ਦੀ ਜਿਥੇ ਜਿਥੇ ਸੀਮਾ ਵਧ ਜਾਂਦੀ ਹੈ, ਔਰ ਸੀਮਾ ਬਣਨ ਦੇ ਦੋ ਕਾਰਨ ਨੇ—ਇਕ ਪੂਰਾ ਸੁਚੇਤ ਨਾ ਹੋਣਾ, ਦੂਸਰਾ ਸੁਆਰਥ ਦਾ ਨਾਲ ਜੁੜ ਜਾਣਾ। ਅਚੇਤਪੁਣਾ ਤੇ ਸੁਆਰਥ-

ਪੁਣਾ ਪਿਆਰ ਨੂੰ ਮੋਹ ਵਿਚ ਬਦਲ ਕੇ ਰੱਖ ਦਿੰਦਾ ਹੈ ਔਰ ਮੋਹ ਤੋਂ ਮੁਰਾਦ ਹੈ—ਮੇਰਾ, ਜੋ ਮੇਰਾ ਹੈ, ਉਸੇ ਨਾਲ ਹੀ ਪਿਆਰ ਹੈ; ਔਰ ਜਿਸ ਨਾਲ ਪਿਆਰ ਹੈ ਉਹ ਕੇਵਲ ਮੇਰਾ ਹੈ। ਐਸਾ ਪਿਆਰ ਮੋਹ ਕਹਿਲਾਂਦਾ ਹੈ। ਮੋਹ ਦੇ ਬੰਧਨ ਨੇ ਔਰ ਮੋਹ ਬੜਾ ਪ੍ਰਬਲ ਦੁਖ ਹੈ, ਕਿਉਂਕਿ ਇਸ ਵਿਚ ਸੁਆਰਥ ਹੁੰਦਾ ਹੈ ਔਰ ਜਿਥੇ ਮੋਹ ਨੂੰ ਝਟਕਾ ਲੱਗ ਜਾਏ, ਉਹ ਦੁਖਦਾਈ ਹੁੰਦਾ ਹੈ। ਅਕਸਰ ਮਨੁੱਖ ਮੋਹ ਕਰਕੇ ਹੀ ਦੁਖੀ ਹੁੰਦੇ ਹਨ। ਪਸ਼ੂ ਵੀ ਦੁਖੀ ਹੁੰਦੇ ਨੇ , ਪਰ ਪਸ਼ੂ, ਪਿਆਰ ਨੂੰ ਅਸੀਮ ਬਨਾਉਣ ਵਿਚ ਅਸਮਰੱਥ ਹੈ, ਕਿਉਂਕਿ ਉਸਦੀ ਸੋਚਣੀ ਸੀਮਿਤ ਹੈ, ਬਹੁਤ ਹੀ ਸੀਮਿਤ ਹੈ। ਮਨੁੱਖ ਆਪਣੀ ਸੋਚਣੀ ਤੋਂ ਅੱਗੇ ਜਾ ਸਕਦਾ ਹੈ ਔਰ ਵਿਆਪਕ ਪਿਆਰ ਦੀ ਪ੍ਰਾਪਤੀ ਕਰ ਸਕਦਾ ਹੈ।

ਪਿਆਰ ਅਗਰ ਵਸਤੂਆਂ ਨਾਲ ਹੈ, ਧਨ ਨਾਲ ਹੈ ਤਾਂ ਮਨੁੱਖ ਵਸਤੂਆਂ ਤੇ ਧਨ ਤੋਂ ਸਦਕੇ ਜਾਏਗਾ। ਵਸਤੂ ਨੂੰ ਚੋਟ ਲੱਗ ਜਾਏ, ਧਨ ਨੂੰ ਹਾਨੀ ਹੋ ਜਾਏ, ਦੁਖਿਤ ਹੋਵੇਗਾ। ਇਸ ਮਨੁੱਖ ਦੇ ਤਨ ਨੂੰ ਅਗਰ ਚੋਟ ਲੱਗ ਜਾਏ, ਇਤਨਾ ਦੁਖੀ ਨਹੀਂ ਹੋਵੇਗਾ, ਜਿਤਨਾ ਧਨ ਨੂੰ ਯਾ ਪਦਾਰਥ ਨੂੰ ਚੋਟ ਲੱਗਿਆਂ ਦੁਖੀ ਹੁੰਦਾ ਹੈ। ਜਿਸ ਨਾਲ ਪਿਆਰ ਹੋਵੇ, ਮਨੁੱਖ ਸਾਂਭ ਕੇ ਰੱਖਦਾ ਹੈ। ਮਨੁੱਖ ਨੂੰ ਧਨ ਅਤੇ ਵਸਤੂਆਂ ਨਾਲ ਪਿਆਰ ਹੈ, ਤਦ ਹੀ ਤਾਂ ਇਹ ਸੰਭਾਲ ਕੇ ਰੱਖਦਾ ਹੈ।

ਪਿਆਰ ਹੀ ਵਸਤੂ ਨੂੰ, ਵਿਅਕਤੀ ਨੂੰ, ਪਦਾਰਥਾਂ ਨੂੰ ਪਰਮਾਤਮਾ ਬਣਾ ਦਿੰਦੈ, ਨਿਰੰਕਾਰ ਬਣਾ ਦਿੰਦੈ। ਨਿਰੰਕਾਰ ਤਾਂ ਨਿਰੰਕਾਰ ਹੈ, ਬਿਨਾਂ ਪਿਆਰ ਤੋਂ ਉਸ ਦੀ ਪੂਰਨਤਾ ਦਾ ਪਤਾ ਨਹੀਂ ਚੱਲਦਾ, ਲੇਕਿਨ ਵਸਤੂਆਂ ਨੂੰ ਅਤੇ ਧਨ-ਸੰਪਦਾ ਨੂੰ ਪਰਮਾਤਮਾ ਬਣਾ ਦਿੰਦਾ ਹੈ। ਇੱਕੋ ਹੀ ਗੁਣ ਹੈ, ਜਿਸ ਵਿਚ ਪਰਮਾਤਮਾ ਝਲਕਦਾ ਹੈ, ਉਹ ਹੈ ਪਿਆਰ। ਮਨੁੱਖ ਦਾਨ ਕਰ ਰਿਹਾ ਹੈ, ਸੇਵਾ ਕਰ ਰਿਹਾ ਹੈ, ਬੜਾ ਗਿਆਨੀ ਹੈ, ਕਲਾਕਾਰ ਹੈ, ਲੇਕਿਨ ਕਿਸੇ ਵਿਚ ਪਰਮਾਤਮਾ ਦੀ ਝਲਕ ਨਹੀਂ ਬਣਨ ਲੱਗੀ, ਜਿਤਨਾ ਚਿਰ ਪਿਆਰ ਪੈਦਾ ਨਾ ਹੋਵੇ। ਪਿਆਰ ਹੀ ਐਸੀ ਅਵਸਥਾ ਹੈ, ਜੋ ਨਿਰੰਕਾਰ ਨੂੰ ਆਪਣੇ ਅੰਦਰ ਜਨਮ ਦਿੰਦੀ ਹੈ। ਕਿਉਂਕਿ ਲੋਭੀਆਂ ਦਾ ਧਨ ਨਾਲ ਪਿਆਰ ਹੁੰਦਾ ਹੈ, ਇਸ ਲਈ ਧਨ ਹੀ ਉਨ੍ਹਾਂ ਲਈ ਪਰਮਾਤਮਾ ਹੈ।

ਭਾਰਤ ਵਿਚ ਇਕ ਵੱਡਾ ਤਿਉਹਾਰ ਹੈ, ਦੀਵਾਲੀ। ਇਸ ਨੂੰ ਜੈਨੀ, ਬੋਧੀ, ਹਿੰਦੂ ਤੇ ਸਿਖ ਸਮੂਹ ਰੂਪ ਵਿਚ ਮਨਾਉਂਦੇ ਨੇ ਔਰ ਬੜੀ ਖ਼ੁਸ਼ੀ ਜਤਾਈ ਜਾਂਦੀ ਹੈ। ਲੇਕਿਨ ਇਸ ਵਿਚ ਹਿੰਦੂ ਸਮਾਜ ਬਹੁਤਾਤ ਵਿਚ ਲਕਸ਼ਮੀ ਪੂਜਨ ਕਰਦਾ ਹੈ, ਉਸ ਦਿਨ ਧਨ ਦੀ ਪੂਜਾਂ ਕਰਦਾ ਹੈ। ਦੇਸ਼ ਦਾ ਸਭ ਤੋਂ ਵੱਡਾ ਤਿਉਹਾਰ ਦੀਵਾਲੀ ਹੈ, ਲੇਕਿਨ ਦੀਵਾਲੀ ਵਾਲੇ ਦਿਨ ਪੂਜਾ ਧਨ ਦੀ। ਇਥੋਂ ਹੀ ਗੱਲ ਸਪੱਸ਼ਟ ਹੋ ਗਈ। ਚੂੰਕਿ ਭਾਰਤ ਚੋਟੀ ਦਾ ਦੇਸ਼ ਹੈ, ਇਸੇ ਧਾਰਮਿਕ

ਦ੍ਰਿਸ਼ਟੀਕੋਣ ਤੋਂ ਸਾਰੇ ਜਗਤ ਨੂੰ ਦੇਖਿਆ ਜਾ ਸਕਦਾ ਹੈ। ਸਾਰਾ ਸੰਸਾਰ ਧਨ-ਪ੍ਰੇਮੀ ਹੈ, ਕਿਉਂਕਿ ਲੋਭ ਬੜਾ ਪ੍ਰਬਲ ਹੈ। ਧਨ ਦੀ ਖ਼ਾਤਰ ਇੱਜ਼ਤ ਗਵਾਈ ਜਾ ਸਕਦੀ ਹੈ, ਧਨ ਦੀ ਖ਼ਾਤਰ ਸਿਹਤ ਗਵਾਈ ਜਾ ਸਕਦੀ ਹੈ, ਧਨ ਦੀ ਖ਼ਾਤਰ ਤਰ੍ਹਾਂ ਤਰ੍ਹਾਂ ਦੇ ਦੁਖ ਸਹਾਰੇ ਜਾ ਸਕਦੇ ਨੇ, ਧਨ ਦੀ ਖ਼ਾਤਰ ਹਰ ਤਰ੍ਹਾਂ ਦੀ ਕੁਰਬਾਨੀ ਕੀਤੀ ਜਾ ਸਕਦੀ ਹੈ, ਔਰ ਇਹ ਬਿਨਾਂ ਲੋਭ, ਬਿਨਾਂ ਪਿਆਰ ਤੋਂ ਨਹੀਂ ਹੋ ਸਕਦਾ।

ਪਿਆਰ, ਧਨ ਦੀ ਦੁਨੀਆ ਵਿਚ ਸੀਮਿਤ ਹੋ ਕੇ ਰਹਿ ਜਾਂਦਾ ਹੈ। ਖ਼ਾਸ ਕਰਕੇ ਉਨ੍ਹਾਂ ਮਨੁੱਖਾਂ ਦੀ ਦੁਨੀਆ ਵਿਚ, ਜਿਨ੍ਹਾਂ ਦਾ ਧਨ ਨਾਲ ਪਿਆਰ ਹੈ, ਜੋ ਸਿਖਰ ਦੇ ਲੋਭੀ ਨੇ। ਇਹ ਲੋਗ ਧਨ ਨੂੰ ਸੰਭਾਲ ਕੇ ਰੱਖਣਗੇ। ਜੇ ਮੋਟਰਕਾਰ ਹੈ, ਆਪਣੀ ਜਾਨ ਤੋਂ ਵੀ ਪਿਆਰੀ ਰੱਖਣਗੇ। ਮਕਾਨ ਨੂੰ, ਵਸਤੂਆਂ ਨੂੰ ਬੜਾ ਸੰਭਾਲ ਕੇ ਰੱਖਣਗੇ, ਔਰ ਚੋਟ ਨਾ ਲੱਗੇ, ਖ਼ਰਾਬ ਨਾ ਹੋਵਣ, ਐਸੀ ਉਨ੍ਹਾਂ ਦੀ ਭਰਪੂਰ ਕੋਸ਼ਿਸ਼ ਹੈ। ਐਸਾ ਦੇਖਿਆ ਗਿਆ ਹੈ ਕਿ ਇਕ ਮਨੁੱਖ ਕਾਰ ਦੇ ਹੁੰਦਿਆਂ ਹੋਇਆਂ ਵੀ ਆਪਣੀ ਦੁਕਾਨ ਤੇ ਆਪਣੇ ਦਫ਼ਤਰ ਸਾਈਕਲ 'ਤੇ ਜਾਂਦਾ ਹੈ। ਪੁੱਛਣ 'ਤੇ ਪਤਾ ਚਲਿਆ ਕਿ ਬਾਰਸ਼ਾਂ ਵਿਚ ਕਾਰ ਖ਼ਰਾਬ ਹੋ ਜਾਏਗੀ, ਧੁੱਪ ਵਿਚ ਰੰਗ ਖ਼ਰਾਬ ਹੋ ਜਾਏਗਾ। ਭਾਵੇਂ ਬਾਰਸ਼ ਵਿਚ ਭਿਜਦਾ ਹੋਇਆ ਖ਼ੁਦ ਬੀਮਾਰ ਹੋ ਜਾਏ, ਕੋਈ ਹਰਜ਼ ਨਹੀਂ; ਲੇਕਿਨ ਕਾਰ ਖ਼ਰਾਬ ਨਹੀਂ ਹੋਣੀ ਚਾਹੀਦੀ। ਐਸੇ ਮਨੁੱਖ ਜਦ ਵਸਤੂਆਂ ਨਾਲ ਪਿਆਰ ਕਰਦੇ ਨੇ ਤਾਂ ਵਸਤੂਆਂ ਨੂੰ ਇਵੇਂ ਵਰਤਦੇ ਨੇ ਕਿ ਮਾਨੋ ਉਨ੍ਹਾਂ ਦੀ ਜਾਨ ਹੋਵੇ। ਇਸ ਵਾਸਤੇ ਜਿਹੜਾ ਸੁਖ ਇਨ੍ਹਾਂ ਵਸਤੂਆਂ ਤੋਂ ਮਿਲ ਸਕਦਾ ਸੀ, ਉਸ ਸੁਖ ਤੋਂ ਇਹ ਵਾਂਝੇ ਰਹਿ ਜਾਂਦੇ ਨੇ; ਕਿਉਂਕਿ ਉਹ ਸੁਖ ਇਨ੍ਹਾਂ ਨੂੰ ਇਸਤਿਮਾਲ ਕੀਤੇ ਬਿਨਾਂ ਨਹੀਂ ਮਿਲ ਸਕਦਾ; ਕਾਰ ਦੀ ਵਰਤੋਂ ਕੀਤੇ ਬਿਨਾਂ ਉਸ ਤੋਂ ਸੁਖ ਨਹੀਂ ਮਿਲ ਸਕਦਾ।

ਸੁੰਦਰ ਮਕਾਨ ਦੇ ਹੁੰਦਿਆਂ, ਕਈਆਂ ਨੂੰ ਦੇਖਿਆ ਗਿਆ ਹੈ ਕਿ ਮਕਾਨ ਦੇ ਵਿਹੜੇ ਵਿਚ ਅਲੱਗ ਜਿਹੀ ਟੱਪਰੀ ਵਿਚ ਰਹਿ ਰਹੇ ਨੇ। ਪੁੱਛਣ 'ਤੇ ਪਤਾ ਚਲਦਾ ਹੈ ਕਿ ਬੱਚੇ ਮਕਾਨ ਨੂੰ ਖ਼ਰਾਬ ਕਰਦੇ ਨੇ; ਲਕੀਰਾਂ ਮਾਰ ਦਿੰਦੇ ਨੇ, ਇਸ ਵਾਸਤੇ ਇਧਰ ਹੀ ਰਹਿੰਦੇ ਹਾਂ। ਤੇ ਫਿਰ ਮਕਾਨ ਦੇ ਬਨਾਉਣ ਦਾ ਮਤਲਬ ਕੀ ਹੋਇਆ। ਜੇ ਵਸਤੂਆਂ ਨੂੰ ਵਰਤੀਏ ਹੀ ਨਾ ਤਾਂ ਸੁਖ ਹਾਸਲ ਕਰਨਾ ਕਠਿਨ ਹੈ। ਸੁਖ ਤਾਂ ਤਦ ਹੀ ਮਿਲ ਸਕਦਾ ਹੈ, ਜੇ ਧਨ ਦੀ ਵਰਤੋਂ ਕਰੀਏ, ਵਸਤੂਆਂ ਦੀ ਵਰਤੋਂ ਕਰੀਏ। ਲੇਕਿਨ ਸਿਖਰ 'ਤੇ ਪਹੁੰਚਿਆ ਹੋਇਆ ਲੋਭ ਤੇ ਵਸਤੂਆਂ ਨਾਲ ਪਿਆਰ, ਉਨ੍ਹਾਂ ਤੋਂ ਸੁਖ ਨਹੀਂ ਲੈਣ ਦਿੰਦਾ।

ਪਿਆਰ ਜਿਸਮ ਨਾਲ, ਪਤੀ ਦਾ ਪਤਨੀ ਨਾਲ, ਪਤਨੀ ਦਾ ਪਤੀ ਨਾਲ, ਇਹ ਪਿਆਰ ਕਾਮ ਕਹਿਲਾਂਦਾ ਹੈ; ਔਰ ਜਿਵੇਂ ਸਿਖਰ 'ਤੇ ਪਹੁੰਚਿਆ ਹੋਇਆ ਲੋਭੀ ਵਸਤੂਆਂ ਤੋਂ ਸੁਖ ਨਹੀਂ ਲੈਂਦਾ, ਇਸ ਤਰ੍ਹਾਂ ਸਿਖਰ 'ਤੇ ਪਹੁੰਚਿਆ ਹੋਇਆ

ਕਾਮ ਮਨੁੱਖ ਨੂੰ ਪਸ਼ੂ ਬਣਾ ਦਿੰਦਾ ਹੈ। ਕਾਮ ਵਿਚ ਇਕ ਰਸ ਹੈ ਔਰ ਧਨ ਤੇ ਕਾਮ ਕਿਸੇ ਹੱਦ ਤਕ ਬਰਾਬਰੀ ਦਾ ਦਰਜਾ ਰੱਖਦੇ ਨੇ। ਧਨ ਵਧਦਾ ਹੈ, ਕਾਮ ਵਧਦਾ ਹੈ। ਕਾਮ ਵਧਦਾ ਹੈ ਤਾਂ ਕਾਮ ਦੀ ਲਾਲਸਾ ਵਧਦੀ ਹੈ। ਐਸੇ ਮਨੁੱਖਾਂ ਦਾ ਭਗਵਾਨ ਧਨ ਤੇ ਕਾਮ ਹੀ ਹੁੰਦਾ ਹੈ। ਧਨ ਚਾਹੀਦਾ ਹੈ, ਕਾਮ-ਰਸ ਵਾਸਤੇ। ਐਸੇ ਮਨੁੱਖ ਲਈ ਸਰੀਰ ਇਕ ਖਿਡਾਉਣਾ ਹੈ। ਇਤਿਹਾਸ ਦੱਸਦਾ ਹੈ ਕਿ ਕਿਸੇ ਰਾਜੇ ਦੀਆਂ 400 ਮਹਾਰਾਣੀਆਂ ਸਨ, ਕਿਸੇ ਨਵਾਬ ਦੀਆਂ 600 ਬੇਗਮਾਂ ਸਨ, ਕਿਸੇ ਧਨਾਢ ਦੀਆਂ ਅੱਠ ਇਸਤਰੀਆਂ ਸਨ; ਚੂੰਕਿ ਧਨ ਇਕ ਤਾਕਤ ਹੈ, ਸਮਰੱਥਾ ਹੈ ਔਰ ਇਹ ਧਨ ਦੇ ਨਾਲ ਖ਼ਰੀਦਦਾ ਰਿਹਾ ਹੈ—ਜਿਸਮ। ਇਹ 600 ਬੇਗਮਾਂ ਨਹੀਂ ਸਨ, ਇਹ ਧਨ ਨਾਲ ਖ਼ਰੀਦੇ ਹੋਏ ਜਿਸਮ ਸਨ। ਇਹ 400 ਮਹਾਰਾਣੀਆਂ ਨਹੀਂ ਸਨ, ਇਹ ਧਨ ਨਾਲ ਖ਼ਰੀਦੀਆਂ ਹੋਈਆਂ ਵਸਤੂਆਂ ਸਨ।

ਧਨਵਾਨ ਦੇਸ਼ ਸਿਖਰ ਦੇ ਕਾਮੀ ਹੋ ਜਾਂਦੇ ਹਨ ਔਰ ਧਨਵਾਨ ਮਨੁੱਖ ਵੀ ਸਿਖਰ ਦਾ ਕਾਮੀ ਹੁੰਦਾ ਹੈ। ਕਾਮ ਦੀ ਪੂਰਤੀ ਲਈ ਧਨ ਕਰਕੇ ਸਹੂਲਤਾਂ ਵਧ ਜਾਂਦੀਆਂ ਹਨ। ਐਸੀ ਦੁਨੀਆ ਵਿਚ ਪਤੀ-ਪਤਨੀ ਦਾ ਪਾਵਨ ਰਿਸ਼ਤਾ ਖਿਡਾਉਣਾ ਬਣ ਕੇ ਰਹਿ ਜਾਂਦਾ ਹੈ, ਜਿਵੇਂ ਗੁੱਡੀ-ਗੁੱਡੇ ਦਾ ਵਿਆਹ। ਇਵੇਂ ਹੀ ਵਿਆਹ ਦੀਆਂ ਰਸਮਾਂ ਰਹਿ ਜਾਂਦੀਆਂ ਹਨ। ਅੱਜ ਵਿਆਹ ਹੈ, ਕੱਲ ਤਲਾਕ ਹੈ। ਇਹ ਧਨਾਢ ਦੇਸ਼ਾਂ ਵਿਚ, ਧਨਾਢ ਪੁਰਸ਼ਾਂ ਵਿਚ ਆਮ ਹੈ। ਕਿਧਰੇ ਕਿਧਰੇ ਤਾਂ ਵਿਆਹ ਕੇਵਲ ਨਾਮ ਦੀ ਇਕ ਰਸਮ ਹੈ ਔਰ ਕਿਧਰੇ ਤਾਂ ਇਹ ਰਸਮ ਵੀ ਨਹੀਂ ਰਹਿ ਜਾਂਦੀ, ਸਿਰਫ਼ ਕਾਮ ਪੂਰਤੀ ਹੀ ਰਹਿ ਜਾਂਦੀ ਹੈ। ਤੇ ਜਿਸਮ ਦੀ ਅਹਿਮੀਅਤ ਖੋ ਜਾਂਦੀ ਹੈ, ਜਿਸਮ ਦੀ ਮਹਾਨਤਾ ਖੋ ਜਾਂਦੀ ਹੈ। ਪ੍ਰਭੂ ਨੇ ਅਗਰ ਜਗਤ ਵਿਚ ਬਣਾਇਆ ਹੈ ਤੇ ਮਨੁੱਖੀ ਤਨ, ਮਹਾਨ ਤਨ ਬਣਾਇਆ ਹੈ, ਕਿਉਂਕਿ ਇਹ ਤਨ ਪਰਮਾਤਮਾ ਜੈਸਾ ਬਣ ਸਕਦਾ ਹੈ, ਇਤਨੀਆਂ ਖ਼ੂਬੀਆਂ ਨੇ ਕਿ ਇਹ ਦੇਵਤਾ ਬਣ ਸਕਦਾ ਹੈ, ਪਰਮਾਤਮਾ ਹੋ ਸਕਦਾ ਹੈ। ਲੇਕਿਨ ਕਾਮ ਵਾਸ਼ਨਾ ਇਸ ਤਨ ਨੂੰ ਸ਼ੈਤਾਨ ਦੇ ਰੂਪ ਵਿਚ ਪ੍ਰਗਟਾ ਦੇਵੇਗੀ, ਅੱਯਾਸ਼ ਬਣਾ ਦੇਵੇਗੀ, ਬਲਾਤਕਾਰੀ ਬਣਾ ਦੇਵੇਗੀ, ਦੁਰਾਚਾਰੀ ਬਣਾ ਦੇਵੇਗੀ।

ਪੂਰਨ ਪਿਆਰ ਕੇਵਲ ਪੂਰਨ ਨਾਲ ਹੀ ਹੋ ਸਕਦਾ ਹੈ ਔਰ ਪੂਰਨ ਕੇਵਲ ਪਰਮਾਤਮਾ ਹੈ। ਇਸ ਵਾਸਤੇ ਪੂਰਨ ਪਿਆਰ ਪਰਮਾਤਮਾ ਨਾਲ ਹੀ ਹੋ ਸਕਦਾ ਹੈ। ਜਦ ਪਿਆਰ ਆਪਣੀ ਪੂਰਨਤਾ ਵਿਚ ਹੁੰਦਾ ਹੈ ਤਾਂ ਇਹ ਉਦੋਂ ਹੁੰਦਾ ਹੈ, ਜਦੋਂ ਮਨੁੱਖ ਅਕਲ ਦੀ ਦੁਨੀਆ ਤੋਂ ਅੱਗੇ ਨਿਕਲ ਜਾਂਦਾ ਹੈ। ਅਕਸਰ ਐਸਾ ਹੁੰਦਾ ਹੈ ਕਿ ਜਦ ਅਕਲ ਅੱਗੇ ਹੁੰਦੀ ਹੈ, ਹਿਰਦਾ ਪਿੱਛੇ ਰਹਿੰਦਾ ਹੈ, ਤੇ ਇਹ ਪਿਆਰ, ਜਿਸ ਵਿਚ ਅਕਲ ਅੱਗੇ ਹੁੰਦੀ ਹੈ, ਹਰ ਇਕ ਨੂੰ ਵਸਤੂ

ਬਣਾ ਕੇ ਰੱਖ ਦਿੰਦਾ ਹੈ। ਪਤੀ-ਪਤਨੀ ਵੀ ਵਸਤੂ ਹੋ ਜਾਂਦੇ ਨੇ ਤੇ ਵਸਤੂਆਂ ਤਾਂ ਅੱਗੇ ਹੀ ਵਸਤੂਆਂ ਨੇ। ਲੇਕਿਨ ਜਿਥੇ ਹਿਰਦਾ ਅੱਗੇ ਹੋ ਜਾਂਦੈ ਔਰ ਅਕਲ ਪਿੱਛੇ ਰਹਿ ਜਾਂਦੀ ਹੈ, ਉਥੇ ਸਭ ਕੁਛ ਪਰਮਾਤਮਾ ਹੋ ਜਾਂਦਾ ਹੈ, ਈਸ਼ਵਰ ਹੋ ਜਾਂਦਾ ਹੈ। ਪੂਰਨ ਪਿਆਰ ਹਰ ਇਕ ਲਈ ਹੈ, ਹਿਰਦੇ ਨੂੰ ਸ਼ੁੱਧ ਕਰ ਦੇਵੇਗਾ। ਅਕਲ ਤੋਂ ਅੱਗੇ ਦੀ ਦੁਨੀਆ ਲਗਪਗ :

ਸਰਹਦੇ ਅਕਲ ਸੇ ਜਬ ਗੁਜ਼ਰੇ ਤਬ ਪਹੁੰਚੇ।

ਅਕਲ ਦੀ ਸਰਹੱਦ ਤੋਂ ਲੰਘ ਕੇ ਹੀ ਪਰਮਾਤਮਾ ਦੇ ਵਿਚ ਪ੍ਰਵੇਸ਼ ਹੁੰਦਾ ਹੈ। ਐਸਾ ਮਨੁੱਖ ਜਗਤ ਲਈ ਸਮਦ੍ਰਿਸ਼ਟ ਹੋ ਜਾਂਦਾ ਹੈ। ਉਸ ਤੋਂ ਕਿਸੇ ਨੂੰ ਵੀ ਚੋਟ ਨਹੀਂ ਪਹੁੰਚਦੀ। ਲਿਹਾਜ਼ਾ ਪਿਆਰ ਵਿਚ ਜਦ ਲੋਭ ਹੁੰਦਾ ਹੈ ਤਾਂ ਐਸਾ ਮਨੁੱਖ ਕੇਵਲ ਉਨ੍ਹਾਂ ਵਸਤੂਆਂ ਨੂੰ ਚੋਟ ਨਹੀਂ ਪਹੁੰਚਾਉਂਦਾ, ਜੋ ਵਸਤੂਆਂ ਉਸ ਦੀਆਂ ਆਪਣੀਆਂ ਹੁੰਦੀਆਂ ਹਨ; ਜਿਸ ਜਿਸਮ ਨਾਲ ਉਸਦਾ ਕਾਮ ਕਰਕੇ ਸੰਬੰਧ ਜੁੜਿਆ ਹੋਇਐ, ਉਸਨੂੰ ਚੋਟ ਨਹੀਂ ਪਹੁੰਚਾਏਗਾ। ਕਿਸੇ ਸ਼ੈਅ ਨੂੰ ਚੋਟ ਨਹੀਂ ਪਹੁੰਚਾਏਗਾ, ਜੋ ਉਸਦੀ ਆਪਣੀ ਹੈ। ਲੇਕਿਨ ਪਿਆਰ ਅਗਰ ਸਮੱਗਰ ਹੈ, ਸੰਪੂਰਨ ਹੈ, ਐਸਾ ਮਨੁੱਖ ਹੁਣ ਕਿਸੇ ਨੂੰ ਵੀ ਨੁਕਸਾਨ ਨਹੀਂ ਪਹੁੰਚਾਏਗਾ, ਨਾ ਆਪਣੇ ਨੂੰ, ਨਾ ਪਰਾਏ ਨੂੰ। ਤੋ ਪਿਆਰ ਤੇ ਇਨਸਾਫ਼ ਇਕੱਠੇ ਹੀ ਜੁੜੇ ਹੋਏ ਨੇ, ਇਸ ਵਾਸਤੇ ਪਿਆਰ ਵਿਚ ਲੀਨ ਮਨੁੱਖ ਕਦੇ ਬੇਇਨਸਾਫ਼ੀ ਨਹੀਂ ਕਰੇਗਾ; ਕਤਈ ਅਨਿਆਇ ਨਹੀਂ ਕਰੇਗਾ। ਸਾਰਿਆਂ ਨਾਲ ਹੀ ਪਿਆਰ ਹੈ, ਕਿਸੇ ਨਾਲ ਛਲ ਨਹੀਂ ਕਰੇਗਾ, ਧੋਖਾ ਨਹੀਂ ਕਰੇਗਾ, ਕਪਟ ਨਹੀਂ ਕਰੇਗਾ।

ਲੋਭ ਕਰਕੇ, ਕਾਮ ਕਰਕੇ, ਪਿਆਰ ਜਦ ਸੀਮਾ ਵਿਚ ਹੁੰਦਾ ਹੈ, ਤਾਂ ਜਿਨ੍ਹਾਂ ਨਾਲ ਮੋਹ ਹੈ, ਜੋ ਆਪਣੇ ਨੇ, ਉਨ੍ਹਾਂ ਨੂੰ ਤਾਂ ਚੋਟ ਤੋਂ ਬਚਾਉਣ ਦਾ ਜਤਨ ਕਰੇਗਾ, ਪਰ ਬਾਕੀਆਂ ਨੂੰ ਚੋਟ ਪਹੁੰਚਾਏਗਾ। ਔਰ ਜਿਤਨਾ ਵੀ ਸ਼ਕਤੀਸ਼ਾਲੀ ਹੋਏਗਾ, ਉਤਨੀ ਹੀ ਜ਼ਿਆਦਾ ਚੋਟ ਪਹੁੰਚਾਏਗਾ। ਕੋਈ ਪੂਰੇ ਦੇਸ਼ ਨੂੰ ਚੋਟ ਪਹੁੰਚਾਏਗਾ, ਕੋਈ ਪੂਰੀ ਕੌਮ ਨੂੰ ਚੋਟ ਪਹੁੰਚਾਏਗਾ। ਕੋਈ ਪੂਰੇ ਪਰਿਵਾਰ ਨੂੰ ਚੋਟ ਪਹੁੰਚਾਏਗਾ, ਕੋਈ ਕਿਸੇ ਵਿਅਕਤੀ ਨੂੰ ਚੋਟ ਪਹੁੰਚਾਏਗਾ। ਸੰਸਾਰ ਵਿਚ ਵਿਅਕਤੀ ਤੋਂ ਹੀ ਵਿਅਕਤੀ ਚੋਟਾਂ ਖਾਂਦਾ ਹੈ; ਔਰ ਅਗਰ ਸਾਰੀ ਮਾਨਵਤਾ ਲਹੂ-ਲੁਹਾਨ ਹੈ ਤਾਂ ਮਨੁੱਖਾਂ ਕਰਕੇ ਹੀ ਹੈ, ਮਨੁੱਖ ਨੂੰ ਮਨੁੱਖ ਤੋਂ ਹੀ ਚੋਟ ਪੁਜਦੀ ਹੈ। ਤਾਕਤਵਰ ਮਨੁੱਖ ਕਮਜ਼ੋਰ ਮਨੁੱਖ ਨੂੰ ਚੋਟ ਪਹੁੰਚਾਈ ਜਾ ਰਿਹਾ ਹੈ। ਲੋਭ ਕਰਕੇ, ਮੋਹ ਕਰਕੇ, ਕਾਮ ਕਰਕੇ। ਜੋ ਉਸਦਾ ਆਪਣਾ ਹੈ, ਉਸ ਨੂੰ ਚੋਟ ਨਹੀਂ ਪਹੁੰਚਾਏਗਾ, ਲੇਕਿਨ ਜੋ ਮੋਹ ਦੇ ਦਾਇਰੇ ਵਿਚ ਨਹੀਂ ਆਉਂਦਾ, ਇਹ ਉਸ ਨੂੰ ਚੋਟ ਪਹੁੰਚਾਉਂਦਾ ਹੈ। ਛਲ ਕਰਦਾ ਹੈ, ਕਪਟ ਕਰਦਾ ਹੈ। ਅਦਾਲਤਾਂ ਇਨਸਾਫ਼ ਦੇਣ ਵਿਚ ਅਸਮਰੱਥ ਨੇ। ਫ਼ੌਜ ਤੇ ਪੁਲੀਸ ਵੀ ਅਸਮਰੱਥ ਨੇ। ਐਸਾ

ਕਿਹੜਾ ਦੇਸ਼ ਹੈ, ਜਿਥੇ ਚੋਰੀ ਨਹੀਂ; ਐਸਾ ਕਿਹੜਾ ਦੇਸ਼ ਹੈ, ਜਿਥੇ ਦੁਰਾਚਾਰ ਨਹੀਂ, ਕਿਉਂਕਿ ਲੋਭੀ ਅਤੇ ਕਾਮੀ ਹਰ ਜਗ੍ਹਾ ਮੌਜੂਦ ਨੇ।

ਅਸੀਮ ਕਾਮ ਤੇ ਅਸੀਮ ਲੋਭ, ਚੋਰੀ-ਯਾਰੀ ਨੂੰ ਜਨਮ ਦੇਂਦੇ ਨੇ। ਸਾਰੀ ਦੁਨੀਆ ਵਿਚ ਇਹ ਪ੍ਰਬਲ ਨੇ, ਇਹ ਦੋਨੋਂ ਵਿਆਪਕ ਨੇ। ਸ਼ਾਇਦ ਇਸੇ ਵਾਸਤੇ ਕਵੀ ਤੁਲਸੀ ਦਾਸ ਨੇ ਕਿਹਾ ਹੈ:

ਪਰ ਧਨ ਕੋ ਮਿਟੀ ਸਮਝੇ ਪਰ ਤ੍ਰੀਆ ਮਾਤ ਸਮਾਨ।
ਇਤਨੇ ਪਰ ਹਰੀ ਨਾ ਮਿਲੇ ਤੋ ਤੁਲਸੀ ਦਾਸ ਜਮਾਨ।

(ਕਵੀ ਤੁਲਸੀ ਦਾਸ)

ਕਾਮ-ਗ੍ਰਸੇ ਮਨੁੱਖ ਲਈ ਕੋਈ ਮਾਂ ਨਹੀਂ, ਕੋਈ ਭੈਣ ਨਹੀਂ ਔਰ ਕੋਈ ਧੀ ਨਹੀਂ ਰਹਿ ਜਾਂਦੀ। ਲੋਭੀ ਮਨੁੱਖ ਲਈ ਕੋਈ ਸੰਜਮ ਨਹੀਂ ਰਹਿ ਜਾਂਦਾ, ਔਰ ਸਭ ਕੁਛ ਖੋਹ ਲੈਣ ਦਾ ਉਸਦਾ ਸੁਭਾਉ ਬਣ ਜਾਂਦਾ ਹੈ, ਆਪਣਾ ਹੱਕ ਸਮਝਣ ਲੱਗ ਪੈਂਦਾ ਹੈ। ਮਨੁੱਖੀ ਤਲ 'ਤੇ ਇਹ ਅਫ਼ਰਾ-ਤਫ਼ਰੀ, ਬਦ-ਅਮਨੀ ਵਿਆਪਕ ਤਲ 'ਤੇ ਰਹਿੰਦੀ ਹੈ, ਜਿਸ ਨੂੰ ਅਦਾਲਤਾਂ ਤੇ ਪੁਲੀਸ ਹੱਲ ਨਹੀਂ ਕਰ ਸਕਦੀਆਂ। ਆਖ਼ਿਰ ਜਿਨ੍ਹਾਂ ਵਕੀਲਾਂ ਨੇ ਇਨਸਾਫ਼ ਦਿਵਾਉਣਾ ਹੈ, ਤੇ ਪੁਲੀਸ ਨੇ ਬਦ-ਅਮਨੀ ਨੂੰ ਦੂਰ ਕਰਨਾ ਹੈ, ਅਦਾਲਤਾਂ ਜਿਨ੍ਹਾਂ ਨੇ ਇਨਸਾਫ਼ ਕਰਨਾ ਹੈ, ਉਨ੍ਹਾਂ 'ਤੇ ਵੀ ਲੋਭ ਅਸਵਾਰ ਹੈ ਤੇ ਲੋਭ ਤੇ ਕਾਮ ਕਰਕੇ ਹੀ ਉਨ੍ਹਾਂ ਨੇ ਇਨਸਾਫ਼ ਕਰਨਾ ਹੈ, ਇੰਤਜ਼ਾਮ ਕਰਨਾ ਹੈ। ਤੇ ਲੋਭ ਤੇ ਕਾਮ ਉਨ੍ਹਾਂ ਦੇ ਇੰਤਜ਼ਾਮ ਤੇ ਨਿਆਇ ਉਪਰ ਛਾਏ ਹੁੰਦੇ ਨੇ।

ਰਾਜਾ ਨਿਆਉ ਕਰੇ ਹਥਿ ਹੋਇ॥
ਕਹੈ ਖੁਦਾਇ ਨ ਮਾਨੈ ਕੋਇ॥ *(ਆਸਾ ਮ: ੧, ਪੰਨਾ 350)*

ਖ਼ੁਦਾ ਨੂੰ ਮੰਨ ਕੇ ਇਨਸਾਫ਼ ਉਹ ਹੀ ਕਰ ਸਕਦਾ ਹੈ, ਜੋ ਖ਼ੁਦਾ ਨੂੰ ਮੰਨਦਾ ਹੋਵੇ। ਖ਼ੁਦਾ ਵਿਚ ਸਾਰੇ ਹੀ ਆ ਜਾਂਦੇ ਹਨ। ਇਹ ਇਕ ਬਹੁਤ ਵੱਡੀ ਸੱਚਾਈ ਹੈ ਕਿ ਇਨਸਾਫ਼ ਉਹ ਹੀ ਕਰ ਸਕਦਾ ਹੈ, ਜਿਸ ਦੀ ਦ੍ਰਿਸ਼ਟੀ ਸਮ ਹੈ ਔਰ ਜਿਸਦੀ ਦ੍ਰਿਸ਼ਟੀ ਵਿਚ ਸਭ ਆ ਜਾਂਦੇ ਹਨ। ਪਰਮਾਤਮਾ ਨਾਲ ਪਿਆਰ, ਸਰਬੱਤ ਨਾਲ ਪਿਆਰ ਹੈ ਔਰ ਐਸੇ ਮਨੁੱਖ ਦਾ ਹਿਰਦਾ ਸਰਬੱਤ ਲਈ ਸ਼ੁੱਧ ਹੁੰਦਾ ਹੈ, ਪਾਵਨ ਹੁੰਦਾ ਹੈ।

ਦੇਖਣ ਵਿਚ ਆਇਆ ਹੈ ਕਿ ਗਿਆਨ ਕਰਕੇ ਵੀ ਮਨੁੱਖ ਅਹੰਕਾਰੀ ਹੋ ਜਾਂਦਾ ਹੈ, ਦਾਨ ਕਰਕੇ ਵੀ ਲੋਕੀਂ ਅਹੰਕਾਰੀ ਹੋ ਜਾਂਦੇ ਨੇ, ਹਿਰਦੇ ਦੀ ਪਵਿੱਤਰਤਾ ਖੋਹ ਬੈਠਦੇ ਨੇ। ਵੱਡੇ ਵੱਡੇ ਦਾਨ ਕਰਨ ਵਾਲੇ, ਸੇਵਾ ਕਰਨ ਵਾਲੇ ਵੀ ਅਹੰਕਾਰ ਵਿਚ ਚੂਰ ਹੋਏ ਹੁੰਦੇ ਨੇ। ਹਿਰਦੇ ਦੀ ਸ਼ੁੱਧੀ ਗਿਆਨ ਨਾਲ, ਦਾਨ ਨਾਲ, ਸੇਵਾ ਨਾਲ, ਪੂਜਾ-ਪਾਠ ਨਾਲ ਨਹੀਂ ਹੁੰਦੀ। ਜਦ ਹਿਰਦੇ

ਦੀ ਸ਼ੁੱਧੀ ਨਹੀਂ, ਤਦ ਮੁਕਤੀ ਕਿਥੇ ਤੇ ਜੇ ਮੁਕਤੀ ਨਹੀਂ ਤਾਂ ਫਿਰ ਬੰਧਨ ਹੀ ਬੰਧਨ ਨੇ।

ਜੈਸੇ ਈਸ਼ਵਰੀ ਪਿਆਰ, ਹਿਰਦੇ ਦੇ ਤਲ 'ਤੇ ਤਾਂ ਹੀ ਉਮਡਦਾ ਹੈ ਕਿ ਪ੍ਰਭੂ ਦੇ ਗੁਣਾਂ ਦਾ ਮਨ 'ਤੇ ਪ੍ਰਭਾਉ ਪੈ ਜਾਵੇ। ਮਨ ਨੂੰ ਪ੍ਰਭੂ ਪਿਆਰਾ ਲੱਗੇ। ਔਰ ਜੈਸੇ ਇਹ ਉਮੰਗ ਪੈਦਾ ਹੁੰਦੀ ਹੈ, ਸਾਰਾ ਸੰਸਾਰ ਮਾਨੋ ਪ੍ਰਭੂ ਦੀ ਕਿਰਤ ਹੈ। ਕਿਰਤ ਨਾਲ ਪਿਆਰ, ਕਰਤੇ ਨਾਲ ਪਿਆਰ ਹੈ। ਸੂਰਜ ਨਾਲ ਪਿਆਰ, ਸੂਰਜ ਦੀਆਂ ਕਿਰਨਾਂ ਨਾਲ ਪਿਆਰ ਹੈ। ਸਾਗਰ ਨਾਲ ਪਿਆਰ, ਉਸਦੀਆਂ ਲਹਿਰਾਂ ਨਾਲ ਪਿਆਰ ਹੈ। ਲਹਿਰਾਂ ਵੀ ਚੰਗੀਆਂ ਲੱਗਣਗੀਆਂ। ਕਰਤਾਰ ਦੇ ਨਾਲ ਪਿਆਰ ਹੈ ਤੋ ਫਿਰ ਸੰਸਾਰ ਨਾਲ ਪਿਆਰ ਹੈ। ਔਰ ਸੰਸਾਰ ਦੇ ਪ੍ਰਤਿ ਪਿਆਰ ਹੈ ਤਾਂ ਹਿਰਦੇ ਦੀ ਸ਼ੁੱਧੀ ਹੁੰਦੀ ਹੈ। ਰੱਬੀ ਪਿਆਰ ਦਾ ਸਦਕਾ ਘਰ ਸਵਰਗ ਬਣ ਜਾਂਦਾ ਹੈ, ਸੰਸਾਰ ਸਵਰਗ ਬਣ ਜਾਂਦਾ ਹੈ ਔਰ ਧੰਧਾ ਧਰਮ ਬਣ ਜਾਂਦਾ ਹੈ। ਹਰ ਪੱਖ ਦੀ ਸਵੱਛਤਾ, ਪਵਿੱਤਰਤਾ, ਬਿਨਾਂ ਪਿਆਰ ਤੋਂ ਨਹੀਂ ਹੈ ਔਰ ਪਿਆਰ ਤੋਂ ਬਿਨਾਂ ਹੰਕਾਰ, ਲੋਭ, ਕਾਮ ਦੇ ਬੰਧਨ ਨਹੀਂ ਟੁੱਟਦੇ।

ਜਿਸ ਨਾਲ ਪਿਆਰ ਹੋਵੇ, ਉਥੇ ਮਨੁੱਖ ਆਪਣਾ ਹੰਕਾਰ ਜ਼ਾਹਿਰ ਨਹੀਂ ਕਰਦਾ, ਬਲਕਿ ਉਸ ਤੋਂ ਸਦਕੇ ਹੁੰਦਾ ਹੈ, ਕੁਰਬਾਨ ਹੁੰਦਾ ਹੈ, ਨਿਛਾਵਰ ਹੁੰਦਾ ਹੈ। ਜਦ ਪਰਮਾਤਮਾ ਨਾਲ ਪਿਆਰ ਹੁੰਦਾ ਹੈ ਤਾਂ ਸਰਬੱਤ ਨਾਲ ਪਿਆਰ ਹੁੰਦਾ ਹੈ, ਉਹ ਸਰਬੱਤ ਦੇ ਸਦਕੇ ਜਾਏਗਾ। ਇੱਕੋ ਇਕ ਵਸੀਲਾ ਹੈ, ਜਗਤ ਨੇ ਸਰਬੱਤ ਦੇ ਪ੍ਰਤਿ ਆਪਣੇ ਹਿਰਦੇ ਨੂੰ ਸ਼ੁੱਧ ਕਰਨਾ ਹੈ ਔਰ ਉਹ ਹੈ ਪਰਮਾਤਮਾ ਨਾਲ ਪਿਆਰ, ਪ੍ਰਭੂ ਨਾਲ ਪਿਆਰ, ਔਰ ਇਸ ਦੇ ਨਾਲ ਹੀ ਵਿਕਾਰਾਂ ਤੇ ਜਨਮ-ਮਰਨ ਦੇ ਬੰਧਨ ਟੁੱਟ ਜਾਂਦੇ ਨੇ। ਉਹ ਸਭ ਤੋਂ ਵੱਡਾ ਖ਼ੁਸ਼ਕਿਸਮਤ ਦਿਲ ਹੈ, ਜਿਸ ਦੇ ਅੰਦਰ ਰੱਬੀ ਪਿਆਰ ਪੈਦਾ ਹੁੰਦਾ ਹੈ। ਠੀਕ ਕਹਿ ਰਹੀ ਹੈ ਸਤਿਗੁਰੂ ਜੀ ਦੀ ਬਾਣੀ:

ਮਨ ਰੇ ਕਿਉ ਛੂਟਹਿ ਬਿਨੁ ਪਿਆਰ॥

(ਸਿਰੀ ਰਾਗ ਮਹਲਾ ੧, ਪੰਨਾ 60)

ਬਿਨਾਂ ਪਿਆਰ ਤੋਂ ਜਨਮ-ਮਰਨ ਅਤੇ ਵਿਕਾਰਾਂ ਦੇ ਬੰਧਨ ਨਹੀਂ ਟੁੱਟਣਗੇ, ਮੋਕਸ਼ ਦੀ ਪ੍ਰਾਪਤੀ ਨਹੀਂ ਹੋਵੇਗੀ। ਜਿਤਨਾ ਚਿਰ ਤਕ ਕਰਮ ਕਰਦੇ ਹਾਂ, ਔਰ ਪ੍ਰਭੂ ਦਾ ਮਨ 'ਤੇ ਐਸਾ ਪ੍ਰਭਾਵ ਨਹੀਂ ਪਿਆ ਕਿ ਜਿਸ ਨਾਲ ਉਸ ਪ੍ਰਤਿ ਪਿਆਰ ਪੈ ਜਾਏ, ਹਿਰਦੇ ਦੀ ਸ਼ੁੱਧੀ ਨਹੀਂ ਹੋਵੇਗੀ, ਔਰ ਅਗਰ ਹਿਰਦੇ ਦੀ ਸ਼ੁੱਧੀ ਨਹੀਂ ਤਾਂ ਦੁਖ ਹੀ ਦੁਖ ਹੈ, ਕਲੇਸ਼ ਹੀ ਕਲੇਸ਼ ਹੈ। ਦੁਖੀ ਮਨੁੱਖ ਦੁਖ ਹੀ ਵੰਡੇਗਾ, ਲੇਕਿਨ ਅਗਰ ਪ੍ਰਭੂ ਨਾਲ ਪਿਆਰ ਹੈ ਤਾਂ ਆਨੰਦ ਬਣ ਜਾਂਦਾ ਹੈ ਔਰ ਆਨੰਦ ਨਾਲ ਭਰਿਆ ਹੋਇਆ ਹਿਰਦਾ ਫਿਰ ਆਨੰਦ ਵੰਡਦਾ ਹੈ,

ਖੇੜਾ ਵੰਡਦਾ ਹੈ, ਖ਼ੁਸ਼ੀਆਂ ਵੰਡਦਾ ਹੈ। ਸਤਿਗੁਰੂ ਸਰਬੱਤ ਦੇ ਹਿਰਦੇ ਦੀ ਝੋਲੀ ਵਿਚ ਆਪਣੇ ਪਿਆਰ ਦੀ ਕਣੀ ਪਾਉਣ। ਧੰਨ ਗੁਰੂ ਗੋਬਿੰਦ ਸਿੰਘ ਜੀ ਦਾ ਫ਼ੁਰਮਾਨ ਹੈ:

ਸਾਚੁ ਕਹੋਂ ਸੁਨ ਲੇਹੁ ਸਭੈ,
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥ *(ਪਾਤਸ਼ਾਹੀ ੧੦)*

ਸੀਮਿਤ ਪਿਆਰ ਮੋਹ ਕਹਿਲਾਂਦਾ ਹੈ। ਮਨੁੱਖ ਜਿਥੇ ਮੇਰ ਦੀ ਛਾਪ ਲਗਾ ਦਿੰਦਾ ਹੈ ਕਿ ਮੇਰਾ ਹੈ, ਫਿਰ ਉਸ ਤੋਂ ਮੰਗ ਵੀ ਪੈਦਾ ਹੁੰਦੀ ਹੈ। ਜੇ ਮਾਂ-ਬਾਪ ਬੱਚੇ ਨਾਲ ਪਿਆਰ ਕਰਦੇ ਹਨ, ਵਾਸਤਵ ਵਿਚ ਇਹ ਮੋਹ ਹੈ, ਬੜੀਆਂ ਆਸਾਂ ਉਸ ਨਾਲ ਜੋੜੀਆਂ ਹੋਈਆਂ ਹਨ ਕਿ ਇਹ ਬੁਢੇਪੇ ਦਾ ਸਹਾਰਾ ਬਣੇ। ਗ਼ਰਜ਼ਿ ਕਿ ਮਿੱਤਰ ਨਾਲ, ਭਰਾ ਨਾਲ, ਪਤਨੀ ਨਾਲ, ਇਹ ਸੀਮਿਤ ਪਿਆਰ ਹੈ, ਇਸ ਵਿਚ ਉਮੰਗ ਹੈ।

ਜਦ ਕਦੀ ਕਿਸੇ ਪ੍ਰਤਿ ਨਿਛਾਵਰ ਹੋਣ ਦਾ ਜਜ਼ਬਾ ਪੈਦਾ ਹੁੰਦਾ ਹੋਵੇ ਤਾਂ ਈਸ਼ਵਰੀ ਪਿਆਰ ਦਾ ਦੁਆਰ ਖੁਲ੍ਹਦਾ ਹੈ। ਕਿਉਂਕਿ ਉਥੇ ਤਾਂ ਕੁਰਬਾਨ ਹੋਣਾ ਪੈਂਦਾ ਹੈ, ਸਦਕੇ ਹੋਣਾ ਪੈਂਦਾ ਹੈ। ਤੇ ਸਿਰਫ਼ ਸਦਕੇ ਹੋਣ ਦੀ ਕਲਾ ਆ ਜਾਏ ਤਾਂ ਫਿਰ ਉਸ ਦਾਤੇ ਤੋਂ ਸਭ ਕੁਛ ਪ੍ਰਾਪਤ ਹੋ ਜਾਂਦਾ ਹੈ, ਸਭ ਕੁਛ ਉਸ ਤੋਂ ਮਿਲ ਜਾਂਦਾ ਹੈ। ਲੇਕਿਨ ਜਿਥੇ ਅਸੀਂ ਪਰਿਵਾਰ ਨਾਲ, ਸੰਸਾਰ ਨਾਲ, ਪਿਆਰ ਨੂੰ ਮੋਹ ਬਣਾ ਬੈਠਦੇ ਹਾਂ, ਪ੍ਰਭੂ ਨਾਲ ਵੀ ਮੋਹ ਦਾ ਸੰਬੰਧ ਜੋੜਦੇ ਹਾਂ, ਤਾਂ ਇਹੀ ਕਾਰਨ ਹੈ ਕਿ ਪ੍ਰਭੂ ਦਾ ਪੂਰਨ ਸਰੂਪ ਸਾਡੇ 'ਤੇ ਪ੍ਰਗਟ ਨਹੀਂ ਹੁੰਦਾ। ਪ੍ਰਭੂ ਦੀ ਪੂਰੀ ਸਮਝ ਨਹੀਂ ਆਉਂਦੀ ਤਾਂ ਹਿਰਦੇ ਦੀ ਸ਼ੁੱਧੀ ਵੀ ਨਹੀਂ ਹੁੰਦੀ। ਕਈ ਦਫ਼ਾ ਪ੍ਰਭੂ ਤੋਂ ਨਿਰਾਸ਼ਾ ਵੀ ਹੋ ਜਾਂਦੀ ਹੈ, ਕਿਉਂਕਿ ਮੋਹ ਕਰਕੇ ਅਸੀਂ ਪਰਮਾਤਮਾ ਕੋਲੋਂ ਵੀ ਕੁਛ ਮੰਗਦੇ ਹਾਂ, ਕੁਛ ਚਾਹਤ ਰੱਖਦੇ ਹਾਂ ਤੇ ਜਦ ਆਸ਼ਾ ਪੂਰੀ ਨਹੀਂ ਹੁੰਦੀ ਤਾਂ ਨਿਰਾਸ਼ਾ ਘੇਰਦੀ ਹੈ ਔਰ ਨਿਰਾਸ਼ਾ ਕਰਕੇ ਹਿਰਦਾ ਈਸ਼ਵਰ ਪ੍ਰਤਿ ਵੀ ਸ਼ੁੱਧ ਨਹੀਂ ਰਹਿ ਜਾਂਦਾ, ਔਰ ਜੋ ਈਸ਼ਵਰ ਪ੍ਰਤਿ ਸ਼ੁੱਧ ਨਹੀਂ ਰਿਹਾ, ਉਹ ਬਾਕੀ ਜਗਤ ਦੇ ਪ੍ਰਤਿ ਸ਼ੁੱਧ ਹੋਵੇ, ਐਸਾ ਸੋਚਿਆ ਵੀ ਨਹੀਂ ਜਾ ਸਕਦਾ। ਅਸ਼ੁੱਧ ਹਿਰਦਾ ਅਸ਼ੁੱਧਤਾ ਵੰਡਦਾ ਰਹੇਗਾ। ਪ੍ਰਭੂ ਨਿਰਮਲ ਹੈ, ਸ਼ੁੱਧ ਹੈ, ਉਸਦਾ ਪਿਆਰ ਹਿਰਦੇ ਦੀ ਸਾਰੀ ਮੈਲ ਧੋ ਦਿੰਦਾ ਹੈ ਔਰ ਮਨੁੱਖ ਹਰ ਇਕ ਦੇ ਪ੍ਰਤਿ ਸ਼ੁੱਧ ਹੋ ਜਾਂਦਾ ਹੈ, ਪਾਵਨ ਹੋ ਜਾਂਦਾ ਹੈ।

•

ਨੈਤਿਕਤਾ ਤੇ ਧਾਰਮਿਕਤਾ

ਨੈਤਿਕਤਾ ਤੇ ਧਾਰਮਿਕਤਾ ਵਿਚ ਜ਼ਮੀਨ ਆਸਮਾਨ ਦਾ ਅੰਤਰ ਹੈ। ਅੱਜ ਦਾ ਨੌਜਵਾਨ ਐਸਾ ਦਾਅਵਾ ਕਰਦਾ ਦਿਖਾਈ ਦਿੰਦਾ ਹੈ ਕਿ ਨੈਤਿਕ ਹੋਣਾ ਕਾਫ਼ੀ ਹੈ, ਇਸ ਨਾਲ ਸਮਾਜ ਦਾ ਮਸਲਾ ਹੱਲ ਹੋ ਜਾਂਦਾ ਹੈ। ਨੈਤਿਕ ਮਨੁੱਖ ਕਿਸੇ ਨੂੰ ਦੁਖ ਨਹੀਂ ਪਹੁੰਚਾਉਂਦਾ। ਨੈਤਿਕ ਮਨੁੱਖ ਕੋਲੋਂ ਸਮਾਜ ਦਾ ਨੁਕਸਾਨ ਨਹੀਂ ਹੁੰਦਾ। ਲਿਹਾਜ਼ਾ ਨੈਤਿਕ ਹੋਣਾ ਕਾਫ਼ੀ ਹੈ; ਧਾਰਮਿਕ ਹੋਣ ਦੀ ਕੀ ਲੋੜ ਹੈ। ਧਰਮ ਵਿਅਰਥ ਹੈ ਤੇ ਬੋਝ ਹੈ, ਇਸ ਵਿਚ ਸਮਾਂ ਗਵਾਉਣ ਦਾ ਕੋਈ ਲਾਭ ਨਹੀਂ ਹੈ। ਪਰੰਤੂ ਧਾਰਮਿਕ ਹੋਏ ਤੋਂ ਬਿਨਾਂ ਨੈਤਿਕਤਾ ਐਸੀ ਹੈ, ਜੈਸੇ ਕਾਗਜ਼ ਦੇ ਯਾ ਪਲਾਸਟਿਕ ਦੇ ਫੁੱਲ। ਜੈਸੇ ਕੱਲਰੀ ਕੰਧ ਹੁਣੇ ਗਿਰੀ ਕਿ ਹੁਣੇ ਗਿਰੀ। ਨੈਤਿਕਤਾ ਧਾਰਮਿਕ ਹੋਏ ਤੋਂ ਬਿਨਾਂ ਸਿਰਫ਼ ਬੱਦਲਾਂ ਦੀ ਛਾਂ ਹੈ, ਔਰ ਇਸ ਛਾਇਆ ਨੂੰ ਮਲੀਨ ਹੁੰਦਿਆਂ ਦੇਰ ਨਹੀਂ ਲੱਗਦੀ। ਅਜੋਕੇ ਸਮੇਂ ਵਿਚ ਨੈਤਿਕਤਾ 'ਤੇ ਬੜਾ ਜ਼ੋਰ ਹੈ ਤੇ ਨੈਤਿਕ ਹੋਣਾ ਹੀ ਕਾਫ਼ੀ ਸਮਝਿਆ ਜਾ ਰਿਹਾ ਹੈ। ਇਸ ਵਾਸਤੇ ਅਜੋਕੇ ਸਮੇਂ ਦੀ ਪੜ੍ਹਾਈ ਜਾ ਰਹੀ ਵਿਦਿਆ ਵਿਚ ਮੂਲ ਵਿਸ਼ਾ ਕੋਈ ਧਰਮ ਨਹੀਂ ਹੈ। ਇਦ੍ਰਾਕ ਹੈ, ਵਿਗਿਆਨ ਹੈ। ਨੈਤਿਕਤਾ ਅਹਿਸਾਸ ਹੈ, ਧਰਮ ਨਹੀਂ ਹੈ। ਧਰਮ ਨੂੰ ਇਕ ਪਾਸੇ ਕਰ ਦਿੱਤਾ ਗਿਆ ਹੈ। ਵਿਦਿਆਲਿਆਂ ਵਿੱਚੋਂ ਵੀ ਧਰਮ ਨੂੰ ਇਕ ਪਾਸੇ ਕਰ ਦਿੱਤਾ ਗਿਆ ਹੈ, ਰਾਜਨੀਤੀ ਵਿਚ ਵੀ ਧਰਮ ਦੀ ਕੋਈ ਗੱਲ ਹੀ ਨਹੀਂ ਰਹਿਣ ਦਿੱਤੀ ਗਈ। ਧਰਮਹੀਣ ਰਾਜਨੀਤੀ ਹੈ, ਧਰਮਹੀਣ ਹੀ ਸਮਾਜ ਹੈ, ਧਰਮਹੀਣ ਹੀ ਵਿਦਿਆ ਹੈ ਤੇ ਧਰਮਹੀਣ ਹੀ ਵਾਤਾਵਰਣ ਹੈ।

ਵਿਦਿਆ ਮੰਦਿਰ (ਵਿਦਿਆਲੇ) ਤਾਂ ਸਾਰੇ ਸੰਸਾਰ ਅੰਦਰ ਬਹੁਤ ਬਣਦੇ ਜਾ ਰਹੇ ਨੇ ਔਰ ਧਾਰਮਿਕ ਮੰਦਿਰ ਉਜੜਦੇ ਜਾ ਰਹੇ ਨੇ, ਬੇਰੌਣਕ ਹੁੰਦੇ ਜਾ ਰਹੇ ਨੇ। ਸਮੁੱਚੇ ਯੂਰਪ ਵਿਚ 90 ਫ਼ੀਸਦੀ ਚਰਚ (Church) ਬੰਦ ਹੋ ਗਏ ਨੇ। ਇਨ੍ਹਾਂ ਚਰਚਾਂ ਵਿਚ ਕੋਈ ਸ਼ਾਮ ਨੂੰ ਦੀਵਾ ਬੱਤੀ ਜਲਾਉਣ ਵਾਲਾ ਵੀ ਨਹੀਂ ਲੱਭਦਾ। ਬੇਸ਼ਤਰ ਚਰਚ ਵਿਕ ਚੁੱਕੇ ਹਨ, ਮਸਜਿਦਾਂ ਵਿਚ ਵੀ ਵੇਖਣ ਨੂੰ ਉਹ ਰੌਣਕ ਨਹੀਂ ਮਿਲਦੀ, ਜੋ ਕਿਸੇ ਸਮੇਂ ਬਹੁਤ ਹੁੰਦੀ ਸੀ। ਦੇਸ਼-ਵਿਦੇਸ਼ ਦੇ ਗੁਰਦੁਆਰਿਆਂ ਵਿਚ ਵੀ ਐਤਵਾਰ ਵਾਲੇ ਦਿਨ ਰੌਣਕ ਔਰ ਉਹ ਵੀ ਧਾਰਮਿਕ

ਇਕੱਠ ਨਾ ਦਿਖਾਈ ਦੇ ਕੇ, ਸਮਾਜਿਕ ਇਕੱਠ ਜ਼ਿਆਦਾ ਦਿਖਾਈ ਦਿੰਦਾ ਹੈ।

ਹਿੰਦੂ ਮੰਦਿਰ ਵੀ ਕਾਮਨਾਵਾਂ ਦੀ ਪੂਰਤੀ ਦੇ ਅਸਥਾਨ ਬਣ ਗਏ ਨੇ ਔਰ ਤੀਰਥ ਵੀ ਕਾਮਨਾਵਾਂ ਦੇ ਅੱਡੇ ਬਣ ਗਏ ਨੇ। ਕਾਮਨਾ ਪਦਾਰਥਾਂ ਦੀ, ਕਾਮਨਾ ਪਰਿਵਾਰਿਕ ਸੁਖਾਂ ਦੀ, ਕਾਮਨਾ ਪ੍ਰਭੁਤਾ ਦੀ, ਪ੍ਰਭੂ ਪ੍ਰਤਿ ਤਾਂ ਕੋਈ ਕਾਮਨਾ ਹੀ ਨਹੀਂ ਰਹੀ। ਧਾਰਮਿਕ ਹੋਣਾ ਤਾਂ ਫ਼ਜ਼ੂਲ ਸਮਝਿਆ ਜਾਣ ਲੱਗ ਪਿਐ।

ਜੈਸੇ ਜੈਸੇ ਮਨੁੱਖ ਸਿਆਣਾ ਹੁੰਦਾ ਗਿਆ, ਬਹੁ-ਗਿਣਤੀ ਇਹ ਪ੍ਰਚਾਰ ਕਰਨ ਲੱਗ ਪਈ ਕਿ ਨੈਤਿਕ ਹੋਣਾ ਕਾਫ਼ੀ ਹੈ, ਧਾਰਮਿਕ ਹੋਣ ਦੀ ਕੋਈ ਲੋੜ ਨਹੀਂ ਹੈ। ਐਸਾ ਸਮਝਿਆ ਗਿਆ ਹੈ ਕਿ ਅਨੈਤਿਕ ਪੁਰਖ ਕੋਲੋਂ ਹੀ ਸਮਾਜ ਦੁਖੀ ਹੁੰਦਾ ਹੈ। ਅਨੈਤਿਕ ਪੁਰਖ ਦੁਨੀਆ ਭਰ ਦੇ ਉਪੱਦਰ ਕਰਦਾ ਹੈ; ਚੋਰੀ-ਯਾਰੀ, ਕਤਲ, ਲੁੱਟਮਾਰ ਕਰਦਾ ਹੈ। ਲਿਹਾਜ਼ਾ ਨੈਤਿਕ ਹੋਣਾ ਕਾਫ਼ੀ ਹੈ। ਲੇਕਿਨ ਹਕੀਕਤ ਇਹ ਹੈ ਕਿ ਨੈਤਿਕਤਾ ਤਾਂ ਇਕ ਫੁੱਲ ਹੈ, ਪਰ ਇਸ ਦੀਆਂ ਜੜ੍ਹਾਂ ਤਾਂ ਧਰਮ ਹੈ। ਨੈਤਿਕ ਹੋਣਾ ਇਕ ਦਰੱਖ਼ਤ ਦੀ ਹਰਿਆਵਲ ਹੈ, ਲੇਕਿਨ ਧਾਰਮਿਕ ਹੋਣਾ ਤਾਂ ਉਸਦੀ ਬੁਨਿਆਦ ਹੈ:

ਮੂਲ ਬਿਨਾ ਸਾਖਾ ਕਤ ਆਹੈ॥ *(ਭੈਰਉ ਮ: ੫, ਪੰਨਾ 1149)*

ਜੜ੍ਹਾਂ ਤੋਂ ਬਿਨਾਂ ਨੈਤਿਕਤਾ ਦੇ ਫੁੱਲ ਕਿਥੇ? ਔਰ ਜੋ ਦਿਖਾਈ ਦੇ ਰਹੇ ਨੇ, ਇਹ ਕਾਗ਼ਜ਼ੀ ਫੁੱਲ ਨੇ; ਇਹ ਨੈਤਿਕ ਨਹੀਂ, ਕਮਜ਼ੋਰ ਨੇ। ਇਹ ਨੈਤਿਕ ਨਹੀਂ, ਇਹ ਸ਼ਰੀਫ਼ ਨਹੀਂ, ਇਹ ਨਿਰਬਲ ਨੇ। ਨਿਰਬਲ ਹੋਣਾ ਹੋਰ ਗੱਲ ਹੈ, ਨੈਤਿਕ ਹੋਣਾ ਹੋਰ ਗੱਲ ਹੈ। ਅਨੈਤਿਕ ਹੋਣ ਵਾਸਤੇ ਬਲ ਚਾਹੀਦਾ ਹੈ, ਤਾਕਤ ਚਾਹੀਦੀ ਹੈ। ਕਮਜ਼ੋਰ ਮਨੁੱਖ ਕਦੇ ਅਨੈਤਿਕ ਨਹੀਂ ਹੋ ਸਕਦਾ। ਕਾਨੂੰਨ ਹੈ, ਸਮਾਜ ਹੈ; ਇਸ ਵਾਸਤੇ ਇਕ ਨਿਰਮੂਲ ਮਨੁੱਖ ਅਗਰ ਨੈਤਿਕ ਦਿਖਾਈ ਦੇ ਰਿਹਾ ਹੈ, ਤਾਂ ਕਾਨੂੰਨ ਕਰਕੇ ਹੈ, ਸਮਾਜ ਕਰਕੇ ਹੈ। ਜਿਸ ਦਿਨ ਕੋਈ ਮਨੁੱਖ ਇਤਨਾ ਸ਼ਕਤੀਸ਼ਾਲੀ ਹੋ ਜਾਂਦਾ ਹੈ ਕਿ ਉਸਦੇ ਸਾਹਮਣੇ ਕਾਨੂੰਨ ਤੇ ਸਮਾਜ ਬੇਮਾਅਨੀ ਹੋ ਜਾਂਦੇ ਹਨ, ਉਹ ਅਨੈਤਿਕ ਹੋ ਜਾਂਦਾ ਹੈ।

ਆਮ ਲੋਕਾਂ ਨੂੰ ਬੜੀ ਹੈਰਾਨੀ ਹੁੰਦੀ ਹੈ ਕਿ ਅਸੀਂ ਵੋਟ ਦੇ ਕੇ ਸੱਤਾ ਵਿਚ ਬੜੇ ਨੈਤਿਕ ਬੰਦੇ ਭੇਜਦੇ ਹਾਂ, ਬੜੇ ਭਲੇਮਾਣਸ ਬੰਦੇ ਭੇਜਦੇ ਹਾਂ; ਲੇਕਿਨ ਸੱਤਾ ਵਿਚ ਜਾਂਦਿਆਂ ਹੀ ਭ੍ਰਿਸ਼ਟ ਹੋ ਜਾਂਦੇ ਹਨ। ਸੱਤਾ ਪ੍ਰਾਪਤ ਕਰਦਿਆਂ ਹੀ ਚੋਰ ਹੋ ਜਾਂਦੇ ਨੇ, ਦੁਰਾਚਾਰੀ, ਕਾਤਲ ਹੋ ਜਾਂਦੇ ਨੇ। ਕਮਜ਼ੋਰ ਮਨੁੱਖ ਨੂੰ ਨੈਤਿਕ ਹੋਣ ਵਿਚ ਲਾਭ ਦਿਖਾਈ ਦਿੰਦਾ ਹੈ ਔਰ ਸ਼ਕਤੀਸ਼ਾਲੀ ਮਨੁੱਖ ਨੂੰ ਲਾਭ ਦਿਖਾਈ ਦਿੰਦਾ ਹੈ, ਅਨੈਤਿਕ ਹੋਣ ਵਿਚ। ਮੂਲ ਗੱਲ ਤਾਂ ਲਾਭ ਦੀ ਹੈ। ਅਗਰ ਸ਼ਕਤੀਸ਼ਾਲੀ ਮਨੁੱਖ ਨੈਤਿਕ ਰਹਿ ਗਿਆ ਤਾਂ ਉਹ ਕਈਆਂ ਨੂੰ ਪਛਾੜ ਨਹੀਂ ਸਕਦਾ, ਔਰ ਅਗਰ ਪਛਾੜ ਨਾ ਸਕਿਆ ਤਾਂ ਉਹ ਸ਼ਕਤੀਸ਼ਾਲੀ ਕਾਹਦਾ?

ਸ਼ਕਤੀਸ਼ਾਲੀ ਮਨੁੱਖ ਕਦੇ ਈਮਾਨਦਾਰ ਨਹੀਂ ਹੋ ਸਕਦਾ। ਉਹ ਆਪਣਾ, ਆਪਣੇ ਬੱਚਿਆਂ ਦਾ, ਸੱਤ ਪੀੜ੍ਹੀਆਂ ਤਕ ਦਾ ਬੰਦੋਬਸਤ ਕਰੇਗਾ ਕਿ ਮੈਂ ਸੱਤਾ ਵਿਚ ਹਾਂ, ਮੇਰੀ ਔਲਾਦ ਵੀ ਸੱਤਾ ਵਿਚ ਹੋਵੇ। ਔਰ ਇਸ ਸੱਤਾ ਦੇ ਆਸਰੇ ਮੈਂ ਕਿਤਨਾ ਧਨ ਦੇਸ਼ ਤੋਂ ਨਿਚੋੜ ਸਕਦਾ ਹਾਂ। ਇਹੀ ਕਾਰਣ ਹੈ ਕਿ ਵੱਡੇ ਵੱਡੇ ਕਾਤਲ ਸੱਤਾਧਾਰੀ ਹੋਏ ਹਨ। ਵੱਡੇ ਵੱਡੇ ਚੋਰ ਸੱਤਾਧਾਰੀ ਹੀ ਹੋਏ ਨੇ। ਫ਼ਰਕ ਸਿਰਫ਼ ਇਤਨਾ ਹੈ ਕਿ ਕੋਈ ਇਕ ਅੱਧ ਮਨੁੱਖ ਦਾ ਕਤਲ ਕਰ ਦੇਵੇ ਤਾਂ ਕਾਤਲ ਹੈ, ਔਰ ਜੋ ਢਾਈ ਕਰੋੜ ਬੰਦਿਆਂ ਦੀਆਂ ਲਾਸ਼ਾਂ ਵਿਛਾ ਦੇਵੇ, ਉਹ ਹਿਟਲਰ ਤੇ ਡਿਕਟੇਟਰ ਹੈ, ਹੁਕਮਰਾਨ ਹੈ। ਤਿੰਨ ਕਰੋੜ ਬੰਦਿਆਂ ਨੂੰ ਮਾਰ ਕੇ ਤੇ ਤਿੰਨ ਕਰੋੜ ਨੂੰ ਉਜਾੜ ਕੇ ਚੀਨ (China) ਵਿਚ ਮਾਉ-ਸੇ-ਤੁੰਗ ਨੇ ਕ੍ਰਾਂਤੀ ਲਿਆਂਦੀ, ਉਹ ਡਿਕਟੇਟਰ ਹੈ, ਪੂਜਿਆ ਜਾਂਦਾ ਹੈ, ਹੁਕਮਰਾਨ ਹੈ। ਹੈਰਾਨਗੀ ਹੈ ਕਿ ਜੋ ਇਕ ਦਾ ਕਤਲ ਕਰੇ, ਉਹ ਕਾਤਲ ਹੈ; ਤਿੰਨ ਕਰੋੜ ਦੀਆਂ ਗਰਦਨਾਂ ਕੱਟ ਦੇਵੇ, ਉਹ ਹੁਕਮਰਾਨ ਹੈ, ਡਿਕਟੇਟਰ ਹੈ, ਬਾਦਸ਼ਾਹ ਹੈ।

ਕੋਈ ਇਕ ਅੱਧ ਮਨੁੱਖ ਜੇ ਕਿਸੇ ਦੀ ਜੇਬ ਕੱਟ ਦੇਵੇ, ਜੇਬ ਕਤਰਾ ਹੈ, ਲੁਟੇਰਾ ਹੈ, ਚੋਰ ਹੈ, ਔਰ ਅਕਸਰ ਇਹ ਲੋਗ ਕਮਜ਼ੋਰ ਹੋਣ ਕਾਰਨ ਕਾਨੂੰਨ ਦੀ ਪਕੜ ਵਿਚ ਆ ਜਾਂਦੇ ਹਨ ਔਰ ਜੇਲ੍ਹਾਂ ਵਿਚ ਸਜ਼ਾ ਭੋਗਦੇ ਹਨ। ਲੇਕਿਨ ਜੋ ਸਾਰੇ (ਸਮੁੱਚੇ) ਦੇਸ਼ ਦੀ ਜੇਬ ਕੱਟ ਕੇ ਆਪਣੀ ਜੇਬ ਭਰ ਲਵੇ, ਉਹ ਬਾਦਸ਼ਾਹ ਹੈ, ਹੁਕਮਰਾਨ ਹੈ, ਡਿਕਟੇਟਰ ਹੈ। ਜੇ ਕੋਈ ਇਕ ਅੱਧ ਥਾਂ 'ਤੇ ਦੁਰਾਚਾਰ ਕਰ ਦੇਵੇ, ਦੁਰਾਚਾਰੀ ਹੈ। ਪਰ ਨਜ਼ਾਮ ਹੈਦਰਾਬਾਦ ਦੀਆਂ 600 ਬੇਗਮਾਂ ਸਨ; ਕੁਛ ਇਕ ਮਹਾਰਾਜਿਆਂ ਦੀਆਂ ਚਾਰ ਚਾਰ ਸੌ, ਪੰਜ ਪੰਜ ਸੌ ਰਾਣੀਆਂ ਸਨ। ਹੈਰਾਨਗੀ ਹੈ ਕਿ ਛੇ ਸੌ ਬੇਗਮਾਂ ਰੱਖਣ ਵਾਲਾ ਨਵਾਬ ਹੈ, ਪੰਜ ਸੌ ਰਾਣੀਆਂ ਰੱਖਣ ਵਾਲਾ ਮਹਾਰਾਜਾ ਹੈ। ਤੇ ਫਿਰ ਦੁਰਾਚਾਰੀ ਕਿਸ ਨੂੰ ਕਹਿੰਦੇ ਨੇ ? ਹਾਂ, ਦੁਰਾਚਾਰੀ ਤਾਂ ਉਹ ਹੈ, ਜੋ ਇਕ ਅੱਧ ਥਾਂ 'ਤੇ ਦੁਰਾਚਾਰ ਕਰ ਬੈਠਾ ਹੈ। ਜੋ ਪੰਜ ਸੌ ਜਗ੍ਹਾ 'ਤੇ ਕਰੇ, ਉਹ ਮਹਾਰਾਜਾ ਹੈ, ਜੋ ਛੇ ਸੌ ਜਗ੍ਹਾ 'ਤੇ ਕਰੇ ਉਹ ਤਾਂ ਨਵਾਬ ਹੈ।

ਸ਼ਕਤੀਸ਼ਾਲੀ ਦੀ ਨੈਤਿਕਤਾ ਹੁੰਦੀ ਹੀ ਨਹੀਂ। ਸ਼ਕਤੀਸ਼ਾਲੀ ਅਨੈਤਿਕ ਹੁੰਦਾ ਹੈ ਔਰ ਕਮਜ਼ੋਰ ਨੈਤਿਕ ਹੁੰਦਾ ਹੈ। ਇਸ ਵਾਸਤੇ ਕਮਜ਼ੋਰ ਦੀ ਨੈਤਿਕਤਾ ਜੜ੍ਹਾ ਤੋਂ ਬਿਨਾਂ ਹੈ। ਵਾਸਤਵ ਵਿਚ ਕਮਜ਼ੋਰੀ ਦਾ ਨਾਮ ਹੀ ਨੈਤਿਕਤਾ ਹੈ। ਮਜਬੂਰੀ ਦਾ ਦੂਜਾ ਨਾਮ ਨੈਤਿਕਤਾ ਹੈ। ਨੈਤਿਕ ਬੰਦੇ ਆਪਣੇ ਕੀਤੇ 'ਤੇ ਅਫ਼ਸੋਸ ਕਰਦੇ ਦਿਖਾਈ ਦੇਣਗੇ। ਦੁਨੀਆ ਇਤਨੀ ਨੈਤਿਕ ਹੈ ਕਿ ਸਮਾਜ ਦਾ ਸੁਧਾਰ ਕਰਨਾ ਹੈ, ਇਸ ਲਈ ਤਰ੍ਹਾਂ ਤਰ੍ਹਾਂ ਦੀਆਂ ਚਿੰਤਾਵਾਂ ਕਰਨਗੇ, ਔਰ ਆਪਣੇ ਆਪ ਨੂੰ ਨੈਤਿਕ ਪ੍ਰਗਟ ਕਰਨਗੇ। ਪਰ ਉਨ੍ਹਾਂ ਨੂੰ ਕੌਣ ਦੱਸੇ ਕਿ ਤੁਹਾਡਾ ਨੈਤਿਕ ਹੋਣਾ ਅਸਲ ਵਿਚ ਨੈਤਿਕ ਹੋਣਾ ਨਹੀਂ ਹੈ, ਕਮਜ਼ੋਰ ਹੋਣਾ ਹੈ, ਨਿਰਬਲ ਹੋਣਾ ਹੈ; ਧਾਰਮਿਕ ਹੋਣਾ ਤਾਂ ਆਪਣੇ ਅੰਦਰ ਚੇਤਨਾ ਵਿਚ

ਪ੍ਰਵੇਸ਼ ਹੋਣਾ ਹੈ; ਧਿਆਨ ਅੰਤਰਮੁਖੀ ਕਰਨਾ ਹੈ। ਇਕ ਮਨੁੱਖ ਜੇ ਕਿਧਰੇ ਚੋਟੀ ਦਾ ਵਿਦਵਾਨ ਹੋ ਜਾਵੇ ਤਾਂ ਉਹ ਕਈਆਂ ਨੂੰ ਗ਼ਰੀਬ ਰੱਖ ਕੇ ਹੀ ਧਨਵਾਨ ਹੋ ਸਕਦਾ ਹੈ। ਇਕ ਮਨੁੱਖ ਬਹੁਤ ਹੀ ਬਲਵਾਨ ਹੋ ਗਿਆ ਹੈ ਤਾਂ ਉਹ ਵੀ ਕਈਆਂ ਦੀ ਕਮਜ਼ੋਰੀ ਕਰਕੇ ਹੀ ਚੋਟੀ ਦਾ ਧਨਵਾਨ ਬਣ ਸਕਦਾ ਹੈ।

ਧਾਰਮਿਕਤਾ

ਜੇ ਕੋਈ ਮਨੁੱਖ ਧਾਰਮਿਕ ਹੋ ਗਿਆ ਹੈ, ਉਹ ਕਈਆਂ ਨੂੰ ਧਾਰਮਿਕ ਬਣਾਵੇਗਾ। ਉਹ ਕਿਸੇ ਦਾ ਕੁਛ ਵੀ ਨਹੀਂ ਖੋਂਹਦਾ, ਉਹ ਆਪਣੇ ਨੇਕ ਖ਼ਿਆਲਾਂ ਦੀ ਵੰਡ ਇਸ ਤਰ੍ਹਾਂ ਕਰਦਾ ਹੈ, ਜੈਸੇ ਫੁੱਲਾਂ ਤੋਂ ਮਹਿਕ ਡੁਲ੍ਹ ਡੁਲ੍ਹ ਪੈਂਦੀ ਹੈ। ਧਾਰਮਿਕ ਹੋਣਾ ਅੰਤਰਮੁਖੀ ਹੋਣਾ ਹੈ ਔਰ ਆਪਣੇ ਅੰਦਰ ਆਨੰਦ ਦੀ ਤਲਾਸ਼ ਕਰਨੀ ਔਰ ਉਸ ਨੂੰ ਜੋ ਪ੍ਰਾਪਤ ਕਰਨਾ ਹੈ, ਇਹੀ ਧਾਰਮਿਕਤਾ ਹੈ। ਐਸਾ ਮਨੁੱਖ ਆਨੰਦਿਤ ਹੋ ਕੇ ਆਨੰਦ ਵਿਚ ਜਿਊਂਦਾ ਹੈ ਔਰ ਉਹ ਹੀ ਸੁਖ ਵੰਡ ਸਕਦਾ ਹੈ। ਦੁਖੀ ਮਨੁੱਖ ਤਾਂ ਦੁਖ ਹੀ ਵੰਡਦਾ ਹੈ। ਨੈਤਿਕ ਭਾਵੇਂ ਬਹੁਤ ਸ਼ੋਰ-ਸ਼ਰਾਬਾ ਕਰਦੇ ਨੇ ਕਿ ਅਸੀਂ ਸਮਾਜ ਨੂੰ ਸੁਖ ਦੇਣਾ ਹੈ ਔਰ ਐਸੇ ਨੈਤਿਕ ਮਨੁੱਖ ਸੰਸਾਰ ਵਿਚ, ਹਰ ਦੇਸ਼ ਵਿਚ ਹਜ਼ਾਰਾਂ ਹੀ ਹਨ, ਲੇਕਿਨ ਸੁਖ ਨਹੀਂ ਦੇ ਸਕੇ। ਜੋ ਚੀਜ਼ ਉਨ੍ਹਾਂ ਪਾਸ ਹੈ ਹੀ ਨਹੀਂ, ਉਹ ਦੇਣਗੇ ਕਿਵੇਂ ਔਰ ਜਿਸਦਾ ਉਨ੍ਹਾਂ ਨੂੰ ਬੋਧ ਹੀ ਨਹੀਂ ਹੈ।

ਜੈਸੇ ਕਣਕ ਬੋਈਏ, ਭੂਸਾ ਤਾਂ ਆਪਣੇ ਆਪ ਹੀ ਹੋ ਜਾਂਦਾ ਹੈ; ਪਰ ਭੂਸਾ ਬੀਜਣ ਨਾਲ ਕਣਕ ਥੋੜ੍ਹੀ ਪ੍ਰਾਪਤ ਹੋਵੇਗੀ। ਇਵੇਂ ਹੀ ਧਾਰਮਿਕ ਹੋਣ ਨਾਲ ਨੈਤਿਕਤਾ ਤਾਂ ਆਪਣੇ ਆਪ ਹੀ ਹੋ ਜਾਂਦੀ ਹੈ, ਪਰ ਨੈਤਿਕ ਹੋਣ ਨਾਲ ਧਾਰਮਿਕਤਾ ਪ੍ਰਾਪਤ ਨਹੀਂ ਹੁੰਦੀ। ਨੈਤਿਕਤਾ ਦਾ ਫੁੱਲ ਉਥੇ ਹੀ ਖਿੜਦਾ ਹੈ, ਜੋ ਧਾਰਮਿਕ ਹੈ। ਜੋ ਨੈਤਿਕ ਹੋਣ ਦਾ ਦਾਅਵਾ ਤਾਂ ਕਰਦਾ ਹੈ, ਪਰ ਬਗ਼ੈਰ ਧਾਰਮਿਕ ਹੋਏ ਉਸ ਦੀ ਨੈਤਿਕਤਾ ਸਿਵਾਏ ਪਾਖੰਡ ਦੇ ਹੋਰ ਕੁਛ ਨਹੀਂ ਹੈ। ਅਜੋਕਾ ਸਮਾਜ ਇਤਨਾ ਪਾਖੰਡੀ ਹੈ ਤਾਂ ਮਹਿਜ਼ ਇਸ ਵਾਸਤੇ ਕਿ ਧਾਰਮਿਕ ਨਹੀਂ ਹੈ। ਧਾਰਮਿਕ ਮਨੁੱਖ ਪਾਖੰਡੀ ਨਹੀਂ ਹੁੰਦਾ, ਔਰ ਧਰਮ ਦਿਖਾਵਾ ਨਹੀਂ ਹੈ। ਧਰਮ ਇਕ ਆਤਮਿਕ ਆਨੰਦ ਹੈ। ਧਰਮ ਇਕ ਅੰਤਰਿਕ ਪ੍ਰਕਾਸ਼ ਹੈ, ਇਕ ਖੇੜਾ ਹੈ, ਖ਼ੁਸ਼ੀ ਹੈ, ਇਕ ਚਾਨਣਾ ਹੈ। ਜਿਸ ਦਿਨ ਮਨੁੱਖ ਨੂੰ ਇਸਦੀ ਪ੍ਰਾਪਤੀ ਹੁੰਦੀ ਹੈ, ਉਹ ਐਸੇ ਗੁਣਾਂ ਨੂੰ ਦੂਜਿਆਂ ਵਿਚ ਵੰਡਦਾ ਹੈ; ਇਹ ਇੱਕੋ ਹੀ ਦੌਲਤ ਹੈ ਜਿਸ ਨੂੰ ਵੰਡੀਏ, ਇਹ ਵਧਦੀ ਹੈ, ਔਰ ਇੱਕੋ ਹੀ ਦੌਲਤ ਹੈ—ਬਾਹਰ ਦਾ ਧਨ—ਵੰਡੀਏ ਤਾਂ ਘਟਦੀ ਹੈ। ਜੇ ਕਿਧਰੇ ਸਾਰਾ ਸੰਸਾਰ ਧਾਰਮਿਕ ਹੋ ਜਾਏ ਤਾਂ ਇਸ ਵਿਚ ਕਿਸੇ ਨੂੰ ਕੋਈ ਘਾਟਾ ਨਹੀਂ ਹੋਏਗਾ। ਲੇਕਿਨ

ਅਗਰ ਕੋਈ ਚੋਟੀ ਦਾ ਧਨਵਾਨ ਹੋ ਜਾਏ, ਲਾਜ਼ਮੀ ਹੈ ਕਈਆਂ ਨੂੰ ਗ਼ਰੀਬ ਕਰ ਕੇ ਹੀ ਹੋਰ ਮਹਾਨ ਧਨਵਾਨ ਹੋ ਸਕੇਗਾ।

ਪੱਛਮੀ ਸਮਾਜ ਨੈਤਿਕ ਤਾਂ ਹੋ ਗਿਆ ਹੈ, ਲੇਕਿਨ ਧਾਰਮਿਕ ਨਾ ਹੋਣ ਦੇ ਕਾਰਨ ਉਨ੍ਹਾਂ ਦੀ ਨੈਤਿਕਤਾ ਦੋ ਕੌਡੀ ਦੀ ਹੀ ਹੈ। ਛੋਟੀ ਛੋਟੀ ਕਿਰਤ ਦੇ ਬਦਲੇ ਵੀ ਧੰਨਵਾਦ ਕਰੀ ਜਾਂਦੇ ਹਨ। ਮਨ ਵਿਚ ਬੜਾ ਅਹੰਕਾਰ ਰੱਖਦੇ ਹਨ। ਰਸਮੀ ਪਿਆਰ ਦਾ ਪ੍ਰਗਟਾਵਾ ਕਰਨ ਵਾਲਿਆਂ ਕੋਲ ਇਤਨਾ ਵੀ ਪਿਆਰ ਨਹੀਂ ਕਿ ਪਿਆਰ ਦੀ ਡੋਰੀ ਵਿਚ ਬੱਝ ਕੇ ਉਨ੍ਹਾਂ ਦੇ ਬੱਚੇ ਘਰ ਰਹਿ ਸਕਣ। ਪਰਿਵਾਰ ਤਾਂ ਟੁੱਟ ਗਏ। ਕਰੀਬ ਕਰੀਬ ਅੱਧੀਆਂ ਸ਼ਾਦੀਆਂ ਤਲਾਕ ਤਕ ਪਹੁੰਚ ਜਾਂਦੀਆਂ ਹਨ। ਬੱਚੇ ਮਾਂ-ਬਾਪ ਤੋਂ ਟੁੱਟ ਜਾਂਦੇ ਨੇ, ਮਾਂ-ਬਾਪ ਬੱਚਿਆਂ ਲਈ ਕੋਈ ਮਮਤਾ ਨਹੀਂ ਰੱਖਦੇ। ਪਰਿਵਾਰ ਬਿਖਰ ਗਿਆ। ਇਹ ਕੈਸੀ ਨੈਤਿਕਤਾ ਹੈ, ਜੋ ਪਰਿਵਾਰ ਨੂੰ ਵੀ ਸੰਗਠਿਤ ਨਹੀਂ ਰੱਖ ਸਕਦੀ।

ਕਾਨੂੰਨ ਦੇ ਆਸਰੇ 'ਤੇ ਸਮਾਜ ਚੱਲ ਰਿਹਾ ਹੈ, ਸਿਰਫ਼ ਕਾਨੂੰਨ ਦੇ ਭੈਅ ਦੇ ਆਸਰੇ ਦੇਸ਼ ਚੱਲ ਰਿਹਾ ਹੈ। ਮਨੁੱਖ ਤਾਂ ਵਿਆਕੁਲ ਹੁੰਦਾ ਜਾ ਰਿਹਾ ਹੈ, ਬੇਚੈਨਗੀ ਤੇ ਪਰੇਸ਼ਾਨੀ ਨਾਲ ਮਨੁੱਖ ਘਿਰੇ ਪਏ ਨੇ। ਖ਼ੁਦਕੁਸ਼ੀਆਂ, ਆਤਮ-ਹੱਤਿਆਵਾਂ ਵਧ ਰਹੀਆਂ ਨੇ, ਹਿੰਸਾ ਵਧ ਰਹੀ ਹੈ। ਬੇਚੈਨੀ ਤੇ ਪਰੇਸ਼ਾਨੀ ਤੋਂ ਛੁਟਕਾਰਾ ਲੈਣ ਲਈ ਨਸ਼ੇ ਵਧ ਰਹੇ ਨੇ। ਸਵੇਰ ਤੋਂ ਲੈ ਕੇ ਸ਼ਾਮ ਤਕ ਨਸ਼ੇ ਵਿਚ ਗ਼ਲਤਾਨ ਹੋਣ ਦੀ ਆਦਤ ਵਧ ਰਹੀ ਹੈ। ਜ਼ਿਆਦਾਤਰ ਸਮਾਜ ਕਾਮ-ਵਾਸ਼ਨਾ ਵਿਚ ਮਗਨ ਹੋ ਗਿਆ ਹੈ, ਕਾਮੀ ਹੋ ਗਿਆ ਹੈ। ਸ਼ਾਇਦ ਇਹ ਲੋਗ ਇਸ ਮਾਮਲੇ ਵਿਚ ਪਸ਼ੂਆਂ ਨੂੰ ਵੀ ਸ਼ਰਮਸਾਰ ਕਰ ਰਹੇ ਨੇ। ਐਸਾ ਕਿਉਂ ਹੈ ? ਕਿਉਂਕਿ ਸਿਰਫ਼ ਸਰੀਰਕ ਤਲ 'ਤੇ ਵਿਵਹਾਰ ਬਦਲਿਆਂ ਹੈ, ਮਾਨਸਿਕ ਤਲ 'ਤੇ ਨਹੀਂ। ਸਿਰਫ਼ ਬੋਲਚਾਲ ਨੂੰ ਨਿਰਮਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਮਨ ਨੂੰ ਨਿਰਮਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਵਿਵਹਾਰ ਬਦਲਦਾ ਗਿਆ, ਪਰੰਤੂ ਮਨ ਨਾ ਬਦਲਿਆ। ਉਪਰੋਂ ਉਪਰੋਂ ਮਨੁੱਖ ਧਾਰਮਿਕ ਹੁੰਦਾ ਗਿਆ, ਪਰ ਮਾਨਸਿਕ ਤਲ 'ਤੇ ਨੈਤਿਕ ਹੁੰਦਾ ਗਿਆ। ਇਸ ਦੋਹਰੀ ਜ਼ਿੰਦਗੀ ਦੇ ਕਾਰਣ ਇਸ ਦੇ ਸਰੀਰ ਦਾ ਵਿਵਹਾਰ ਕਿਸੇ ਹੋਰ ਦਿਸ਼ਾ ਨੂੰ ਜਾ ਰਿਹਾ ਹੈ, ਮਨ ਦਾ ਸੁਭਾਉ ਕਿਸੇ ਹੋਰ ਦਿਸ਼ਾ ਵਿਚ ਜਾ ਰਿਹਾ ਹੈ; ਪਰ ਦੋਨਾਂ ਦੀ ਇਹ ਵਿਰੋਧਤਾ, ਦੋਨਾਂ ਦਾ ਇਹ ਸੰਘਰਸ਼, ਇਸੇ ਵਿਚ ਮਨੁੱਖਤਾ ਪਿਸ ਰਹੀ ਹੈ, ਇਸੇ ਬੋਝ ਤਲੇ ਮਨੁੱਖਤਾ ਦੱਬੀ ਪਈ ਹੈ। ਸਾਫ਼ ਜ਼ਾਹਿਰ ਹੈ ਕਿ ਇਹ ਨੈਤਿਕਤਾ ਸਿਰਫ਼ ਪਾਖੰਡ ਹੋ ਰਿਹਾ ਹੈ। ਜਿਸ ਨੇ ਸਭ ਕੁਛ ਨੂੰ ਧਾਰਨ ਕੀਤਾ ਹੋਇਆ ਹੈ, ਉਹ ਧਰਮ ਹੈ, ਪਰਮਾਤਮਾ ਹੈ :

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥ *(ਗਉੜੀ ਸੁਖਮਨੀ ਮ: ੫, ਪੰਨਾ 284)*

ਸਾਰਾ ਆਕਾਰ, ਇਹ ਸਮੂਹ ਬ੍ਰਹਿਮੰਡ ਜਿਸਦੇ ਆਸਰੇ 'ਤੇ ਖੜ੍ਹੇ ਨੇ, ਜਿਸ

ਨੇ ਧਾਰਨ ਕੀਤਾ ਹੋਇਆ ਹੈ, ਧਰਮ ਹੈ ਔਰ ਐਸਾ ਜਿਸ ਨੂੰ ਬੋਧ ਹੋ ਜਾਏ, ਉਸ ਨੂੰ ਧਾਰਮਿਕ ਗਿਆਨੀ ਕਹਿੰਦੇ ਨੇ। ਇਹ ਧਰਮ (ਪਰਮਾਤਮਾ), ਜਿਸ ਦੇ ਚਿੰਤਨ ਵਿਚ ਆ ਜਾਏ, ਜਿਸ ਦੀ ਸਿਮ੍ਰਿਤੀ ਵਿਚ ਆ ਜਾਏ, ਉਹ ਸਿਰਫ਼ ਧਾਰਮਿਕ ਗਿਆਨੀ ਹੀ ਨਹੀਂ, ਉਹ ਧਾਰਮਿਕ ਹੋ ਜਾਂਦਾ ਹੈ; ਧਰਮ ਉਸਦੇ ਸੁਭਾਉ ਵਿਚ ਆ ਜਾਂਦਾ ਹੈ। ਧਰਮ ਵਿਵਹਾਰ ਦੇ ਤਲ 'ਤੇ ਤਾਂ ਪ੍ਰਗਟ ਹੁੰਦਾ ਹੀ ਹੈ, ਲੇਕਿਨ ਉਸਦੀ ਆਧਾਰਸ਼ਿਲਾ ਮਨ ਦੇ ਵਿਚ ਹੁੰਦੀ ਹੈ। ਉਸ ਦੇ ਸੁਭਾਅ ਵਿਚ ਤੇ ਚਿੰਤਨ ਵਿਚ ਧਰਮ ਆ ਜਾਂਦਾ ਹੈ। ਧਰਮ ਉਸਦੀਆਂ ਵਿਚਾਰਾਂ ਦਾ ਹਿੱਸਾ ਬਣ ਜਾਂਦਾ ਹੈ। ਉਸਦਾ ਅੰਤਸ਼ਕਰਨ ਬਦਲ ਜਾਂਦਾ ਹੈ, ਔਰ ਅੰਤਸ਼ਕਰਨ ਦੀ ਸ਼ੁੱਧੀ ਅਸਲ ਮਾਅਨਿਆਂ ਵਿਚ ਵਿਵਹਾਰ ਦੀ ਸ਼ੁੱਧੀ ਹੈ। ਧਾਰਮਿਕ ਮਨੁੱਖ ਹੀ ਸਹੀ ਮਾਅਨਿਆਂ ਵਿਚ ਨੈਤਿਕ ਹੈ ਔਰ ਧਰਮਹੀਣੀ ਨੈਤਿਕਤਾ ਸਿਰਫ਼ ਨੈਤਿਕਤਾ ਦਾ ਮਖੌਟਾ ਹੀ ਹੈ।

ਅਸੀਂ ਦੇਖਦੇ ਹਾਂ ਕਿ ਮਹਾਤਮਾ ਗਾਂਧੀ ਨੇ ਬਹੁਤ ਸੁੰਦਰ ਪੋਸ਼ਾਕ, ਚਿੱਟੇ ਚਿੱਟੇ ਚੋਲੇ ਤੇ ਪਜਾਮੇ, ਚਿੱਟੀਆਂ ਟੋਪੀਆਂ ਔਰ ਬਾਹਰੋਂ ਸੇਵਾ-ਭਾਵ ਦਰਸਾਉਂਦੇ ਹੋਏ ਨੈਤਿਕ ਪੁਰਸ਼ ਪੈਦਾ ਕੀਤੇ। ਪਿਆਰੇ ਲਗਦੇ ਸਨ, ਚੰਗੇ ਲਗਦੇ ਸਨ, ਦੇਸ਼ ਦੀ ਸਵਤੰਤਰਤਾ (ਆਜ਼ਾਦੀ) ਲਈ ਜੇਲ੍ਹਾਂ ਵਿਚ ਜਾਂਦੇ ਸਨ, ਔਰ ਥਾਂ ਥਾਂ ਕੁਰਬਾਨੀਆਂ ਦੇਂਦੇ ਸਨ। ਲੇਕਿਨ ਜੈਸੇ ਹੀ ਪਦ, ਪ੍ਰਤਿਸ਼ਠਾ ਦੀ ਬਾਰਸ਼ ਹੋਈ, ਇਹ ਸਾਰੀ ਸਫ਼ੈਦਪੋਸ਼ੀ ਕਾਲਖ ਵਿਚ ਤਬਦੀਲ ਹੋ ਗਈ। ਸਿਰ ਦੇ ਵਾਲ ਵੀ ਇਤਨੇ ਕਾਲੇ ਨਹੀਂ ਸਨ, ਜਿਤਨੀਆਂ ਟੋਪੀਆਂ ਕਾਲੀਆਂ ਹੋ ਗਈਆਂ। ਇਨ੍ਹਾਂ ਲੋਗਾਂ ਤੋਂ ਕਿਤਨੇ ਕਾਲੇ ਕਾਰਨਾਮੇ ਪ੍ਰਗਟ ਹੋਏ, ਇਹ ਜਗ-ਉਜਾਗਰ ਹੈ। ਨੈਤਿਕਪੁਣਾ ਸਿਰਫ਼ ਧੋਤੀ ਹੋਈ ਨੈਤਿਕਤਾ ਸੀ, ਜਿਸ ਦੀਆਂ ਅੰਤਰਿਕ ਤਲ ਵਿਚ ਜੜ੍ਹਾਂ ਨਹੀਂ ਸਨ।

ਮੈਂ ਇਹ ਨਹੀਂ ਕਹਿ ਸਕਦਾ ਕਿ ਮਹਾਤਮਾ ਗਾਂਧੀ ਦੀ ਵੀ ਐਸੀ ਨੈਤਿਕਤਾ ਸੀ। ਉਹ ਆਪਣਾ ਆਤਮਿਕ ਮੰਡਲ ਬਦਲਣ ਲਈ ਹਰ ਰੋਜ਼ ਧਿਆਨ ਸਾਧਨਾ ਕਰਦੇ ਸਨ। ਮਹਾਤਮਾ ਗਾਂਧੀ ਰਾਮ ਮੰਤ੍ਰ ਦਾ ਜਪ ਕਰਦੇ ਸਨ। ਉਨ੍ਹਾਂ ਦੀ ਬਾਹਰ ਦੀ ਸਾਧਕੀ (ਸਾਧੂਪੁਣਾ) ਵਾਸਤਵ ਵਿਚ ਅੰਤਰਿਕ ਸਾਧਕੀ 'ਤੇ ਨਿਰਭਰ ਸੀ। ਲੇਕਿਨ ਦੇਸ਼ ਦੇ ਆਜ਼ਾਦ ਹੋਣ 'ਤੇ ਦੇਸ਼ ਦੀ ਸੱਤਾ (ਹਕੂਮਤ) ਐਸੇ ਲੋਕਾਂ ਨੂੰ ਸੌਂਪ ਦਿੱਤੀ ਗਈ, ਜਿਨ੍ਹਾਂ ਦੀ ਨੈਤਿਕਤਾ ਦਾ ਕੋਈ ਆਧਾਰ ਹੀ ਨਹੀਂ ਸੀ, ਜਿਨ੍ਹਾਂ ਦੀਆਂ ਜੜ੍ਹਾਂ ਵੀ ਨਹੀਂ ਸਨ। 200 ਸਾਲ ਦੀ ਹਕੂਮਤ ਦੇ ਦੌਰ ਵਿਚ ਵੀ ਗੋਰਿਆਂ ਨੇ ਇਸ ਦੇਸ਼ ਨੂੰ ਇਤਨਾ ਨਹੀਂ ਲੁੱਟਿਆ, ਜਿਤਨਾ ਇਨ੍ਹਾਂ ਨੇ ਲੁੱਟ ਲਿਆ। 800 ਸਾਲ ਦੀ ਹਕੂਮਤ ਦੇ ਦੌਰ ਵਿਚ ਮੁਗ਼ਲ ਵੀ ਇਸ ਦੇਸ਼ ਦੇ ਭਾਈਚਾਰੇ ਵਿਚ ਦਰਾੜਾਂ ਨਾ ਪਾ ਸਕੇ; ਇਨ੍ਹਾਂ ਸਫ਼ੇਦਪੋਸ਼ਾਂ ਨੇ ਦਰਾੜਾਂ ਪਾ ਕੇ ਰੱਖ ਦਿੱਤੀਆਂ, ਔਰ ਉਹ ਵੀ ਸਿਰਫ਼ 50 ਸਾਲ ਦੇ ਸਮੇਂ

ਵਿਚ। ਐਸਾ ਕਿਉਂ ? ਸਿਰਫ਼ ਝੂਠੀ ਨੈਤਿਕਤਾ, ਜਿਸ ਦੀ ਕੋਈ ਬੁਨਿਆਦ ਨਹੀਂ ਸੀ। ਐਸੀ ਨੈਤਿਕਤਾ ਨੂੰ ਗੁਰੂ ਨਾਨਕ ਦੇਵ ਜੀ ਨੇ ਨਹੀਂ ਮੰਨਿਆ :

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥

(ਵਾਰ ਆਸਾ, ਮ: ੧, ਪੰਨਾ 472)

ਉਹ ਅਤਿਅੰਤ ਨਿਰਮਲ, ਪਰਿਪੂਰਨ ਪਰਮਾਤਮਾ, ਜਦੋਂ ਹਿਰਦੇ ਵਿਚ ਬਿਰਾਜਮਾਨ ਹੋ ਜਾਂਦਾ ਹੈ, ਹਿਰਦੇ 'ਤੇ ਬਿਰਾਜਮਾਨ ਹੋਣ ਤੋਂ ਮੁਰਾਦ ਕਿ ਜਦ ਉਸ ਪਰਿਪੂਰਨ ਪਰਮਾਤਮਾ ਦੀ ਯਾਦ ਹਿਰਦੇ ਵਿਚ ਚੱਲ ਪੈਂਦੀ ਹੈ, ਤਾਂ ਨਿਰਮਲਤਾ ਇਸ ਤਰ੍ਹਾਂ ਫੁੱਟ ਫੁੱਟ ਕੇ ਨਿਕਲਦੀ ਹੈ, ਨੈਤਿਕਤਾ ਡੁਲ੍ਹ ਡੁਲ੍ਹ ਕੇ ਪੈਂਦੀ ਹੈ, ਜਿਵੇਂ ਪਹਾੜਾਂ ਦੇ ਸੀਨੇ ਚੀਰ ਕੇ ਚਸ਼ਮੇ (ਝਰਨੇ) ਨਿਕਲ ਪੈਂਦੇ ਨੇ। ਪ੍ਰਿਥਵੀ ਉਸ ਦਿਨ ਸਵਰਗ ਬਣ ਜਾਏਗੀ, ਜਿਸ ਦਿਨ ਨੈਤਿਕਤਾ ਦਾ ਆਧਾਰ ਧਰਮ ਹੋਵੇਗਾ। ਅਜੇ ਤਾਂ ਤਥਾ-ਕਥਿਤ ਧਾਰਮਿਕ ਕਹਿਲਾਣ ਵਾਲੇ ਮਨੁੱਖ ਵੀ ਧਾਰਮਿਕ ਨਹੀਂ ਹਨ, ਪਾਖੰਡੀ ਨੇ, ਧਰਮ-ਕਰਮ ਕਰਨ ਦੇ ਚੱਕਰਾਂ ਵਿਚ ਪਏ ਹੋਏ ਨੇ :

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥

(ਸੂਹੀ ਮ: ੫, ਪੰਨਾ 747)

ਨਿਰਬਾਣ—ਬਾਣ ਤੋਂ ਬਿਨਾਂ, ਡੋਲਣ ਤੋਂ ਬਿਨਾਂ। ਜੈਸੇ ਸਾਡੀਆਂ ਅੱਖਾਂ ਦੋ ਨੇ, ਕੰਨ ਦੋ ਨੇ, ਨਾਸਿਕਾ ਦੇ ਸੁਰਾਖ਼ ਦੋ ਨੇ, ਹੱਥ ਦੋ ਨੇ, ਪੈਰ ਦੋ ਨੇ, ਜ਼ਬਾਨ ਭਾਵੇਂ ਇਕ ਹੈ, ਪਰ ਕੰਮ ਇਸ ਦੇ ਦੋ ਨੇ—ਰਸਨਾ ਨਾਲੇ ਰਸ ਲੈਂਦੀ ਹੈ, ਨਾਲੇ ਬੋਲ ਲੈਂਦੀ ਹੈ। ਪ੍ਰਭੂ ਨੇ ਮਨ ਦੇ ਭਾਗ ਵੀ ਦੋ ਬਣਾਏ ਨੇ। ਮਨੁੱਖ ਅਰਧ- ਚੇਤਨ ਹੈ। ਮਨ ਦਾ ਬਹੁਤ ਸਾਰਾ ਭਾਗ ਸੁੱਤਾ ਹੋਇਆ ਹੈ। ਥੋੜ੍ਹਾ ਭਾਗ ਹੀ ਜਾਗਿਆ ਹੋਇਆ ਹੈ, ਜਿਸ ਨੂੰ ਅਸੀਂ ਸੁਚੇਤ ਮਨ ਕਹਿੰਦੇ ਹਾਂ। ਦਿਨ ਭਰ ਸੁਚੇਤ ਮਨ ਹੀ ਕੰਮ ਕਰਦਾ ਹੈ। ਅਚੇਤ ਮਨ ਧੱਕੇ ਤਾਂ ਜ਼ਰੂਰ ਮਾਰਦਾ ਹੈ। ਜੈਸੇ ਪਸ਼ੂ ਪੂਰਾ ਅਚੇਤ ਹੈ, ਉਹ ਅਰਧ-ਚੇਤਨ ਨਹੀਂ ਹੈ। ਉਹ ਕਿਧਰੇ ਇਕ ਅੱਧ ਪ੍ਰਤਿਸ਼ਤ ਜਾਗਿਆ ਹੋਇਆ ਹੈ, ਇਸ ਵਾਸਤੇ ਇਸ ਦੀ ਦੁਨੀਆ ਵਿਚ ਇਸ ਨੂੰ ਕੋਈ ਮਾਂ ਭੈਣ ਦੀ ਸਮਝ ਨਹੀਂ ਹੈ। ਨੈਤਿਕਤਾ ਪਸ਼ੂਆਂ ਦੀ ਦੁਨੀਆ ਵਿਚ ਨਹੀਂ ਹੈ। ਕਿਸੇ ਖੇਤ ਵਿੱਚੋਂ ਪਸ਼ੂ ਚਾਰਾ ਚਰ ਜਾਵੇ, ਅਸੀਂ ਉਸ ਉੱਤੇ ਚੋਰੀ ਦਾ ਮੁਕੱਦਮਾ ਨਹੀਂ ਚਲਾ ਸਕਦੇ। ਸ਼ੇਰ ਕਿਸੇ ਮਨੁੱਖ ਨੂੰ ਮਾਰ ਕੇ ਖਾ ਜਾਏ ਤਾਂ ਅਸੀਂ ਸ਼ੇਰ 'ਤੇ ਕਤਲ ਦਾ ਮੁਕੱਦਮਾ ਨਹੀਂ ਚਲਾ ਸਕਦੇ। ਪਕੜ ਕੇ ਕੋਈ ਪਸ਼ੂ ਦੁਰਾਚਾਰ ਕਰ ਦੇਵੇ ਕਿਸੇ ਪਸ਼ੂ ਨਾਲ, ਉਸ ਉੱਤੇ ਕਿਸੇ ਪ੍ਰਕਾਰ ਦਾ ਮੁਕੱਦਮਾ ਅਦਾਲਤ ਵਿਚ ਦਰਜ ਨਹੀਂ ਕਰ ਸਕਦੇ,

ਕਿਉਂਕਿ ਪਸ਼ੂਆਂ ਦੀ ਕੋਈ ਮਾਂ, ਭੈਣ, ਕੋਈ ਧੀ ਨਹੀਂ ਹੈ, ਪਸ਼ੂ ਅਚੇਤ ਹੈ।

ਇਵੇਂ ਹੀ ਮਨੁੱਖ ਦਾ ਬਹੁਤ ਸਾਰਾ ਭਾਗ ਅਚੇਤ ਹੈ ਔਰ ਇਹੀ ਬਹੁਤ ਸਾਰਾ ਭਾਗ ਸ਼ਕਤੀਸ਼ਾਲੀ ਹੈ, ਤਾਕਤਵਰ ਹੈ। ਇਹ ਹਰ ਵੇਲੇ ਧੱਕੇ ਮਾਰਦਾ ਹੈ; ਅਨੈਤਿਕ ਹੋਣ ਲਈ ਮਨੁੱਖ ਨੂੰ ਮਜਬੂਰ ਕਰਦਾ ਹੈ। ਕਿਸੇ ਦੀ ਧਨ ਸੰਪਦਾ ਨੂੰ ਉਡਾਣ ਦੀ ਕੋਸ਼ਿਸ਼ ਕਰਦਾ ਹੈ; ਕਿਸੇ ਦੀ ਧੀ, ਭੈਣ ਨੂੰ ਹੱਥ ਪਾ ਲਈਏ, ਕਿਤੇ ਹਿੰਸਾ, ਕਤਲ ਕਰ ਦੇਈਏ, ਉਕਸਾਉਂਦਾ ਹੈ। ਪਰ ਥੋੜ੍ਹਾ ਜਿਹਾ ਭਾਗ, ਜੋ ਸੁਚੇਤ ਹੈ, ਉਸ ਅੰਦਰ ਸਮਾਜ ਦਾ ਭੈ ਪੈਦਾ ਹੋ ਜਾਂਦਾ ਹੈ। ਤੋ ਸੁਚੇਤ ਮਨ ਕਹਿੰਦਾ ਹੈ ਕਿ ਨਹੀਂ, ਸਮਾਜ ਹੈ, ਕਾਨੂੰਨ ਹੈ, ਜੇਲ੍ਹ ਹੈ, ਪੁਲਿਸ ਹੈ, ਅਦਾਲਤਾਂ ਨੇ, ਹੱਥਕੜੀਆਂ ਨੇ, ਬੇੜੀਆਂ ਨੇ, ਤਰ੍ਹਾਂ ਤਰ੍ਹਾਂ ਦੀਆਂ ਸਜ਼ਾਵਾਂ ਨੇ। ਤੋ ਸਾਰੀ ਦੁਨੀਆ ਵਿਚ ਬਹੁਤ ਵੱਡਾ ਇੰਤਜ਼ਾਮ ਹੈ ਕਿ ਮਨੁੱਖ ਅਨੈਤਿਕ ਨਾ ਹੋਵੇ। ਜਿਹੜੇ ਇਸ ਤਰ੍ਹਾਂ ਦੇ ਇੰਤਜ਼ਾਮ ਕਰਨ ਵਿਚ ਸ਼ਕਤੀਸ਼ਾਲੀ ਹੁੰਦੇ ਨੇ, ਪੂਰਨ ਤੌਰ 'ਤੇ ਨੈਤਿਕ ਹੋ ਜਾਂਦੇ ਨੇ। ਐਸੇ ਮਨੁੱਖ ਛੇ ਛੇ ਸੌ ਬੇਗਮਾਂ ਰੱਖ ਕੇ ਵੀ ਨਵਾਬ ਹੁੰਦੇ ਨੇ। ਉਹ ਚਾਰ ਚਾਰ ਸੌ ਰਾਣੀਆਂ ਰੱਖ ਕੇ ਮਹਾਰਾਜੇ ਹੁੰਦੇ ਨੇ। ਸਾਰਿਆਂ ਦਾ ਧਨ ਲੁੱਟ ਕੇ ਵੀ ਮਹਾਰਾਜੇ ਹੁੰਦੇ ਨੇ। ਹਜ਼ਾਰਾਂ ਦਾ ਕਤਲ ਕਰ ਕੇ ਵੀ ਕਾਤਲ ਨਹੀਂ ਹੁੰਦੇ, ਡਿਕਟੇਟਰ ਤੇ ਹੁਕਮਰਾਨ ਹੁੰਦੇ ਨੇ।

ਮਨੁੱਖ ਅਗਰ ਅਨੈਤਿਕ ਨਹੀਂ ਹੁੰਦਾ ਤਾਂ ਕਮਜ਼ੋਰ ਹੈ, ਕਾਨੂੰਨ ਦੇ ਸਾਹਮਣੇ ਕਮਜ਼ੋਰ ਹੈ; ਸਮਾਜ ਦੇ ਸਾਹਮਣੇ, ਅਦਾਲਤਾਂ ਦੇ ਸਾਹਮਣੇ ਕਮਜ਼ੋਰ ਹੈ। ਰਾਤ ਨੂੰ ਅਸੀਂ ਜਦ ਸੌਂ ਜਾਂਦੇ ਹਾਂ, ਸੁਚੇਤ ਮਨ ਬਿਸਰਾਮ ਵਿਚ ਚਲਿਆ ਜਾਂਦਾ ਹੈ ਔਰ ਅਚੇਤ ਮਨ ਆਪਣੀ ਦੁਨੀਆ ਵਸਾ ਲੈਂਦਾ ਹੈ। ਸੁਪਨੇ ਵਿਚ ਮਨੁੱਖ ਬਿਲਕੁਲ ਪਸ਼ੂ ਦੀ ਤਰ੍ਹਾਂ ਹੋ ਜਾਂਦਾ ਹੈ। ਜਾਗਰਿਤ ਅਵਸਥਾ ਵਿਚ ਦਿਨ ਵੇਲੇ ਜੋ ਜੋ ਦਬਾਇਆ ਹੁੰਦਾ ਹੈ, ਸੁਪਨ ਅਵਸਥਾ ਵਿਚ ਦਬਾਉਣਾ ਮੁਸ਼ਕਲ ਹੁੰਦਾ ਹੈ। ਸਾਹਮਣੇ ਸਮਾਜ ਨਹੀਂ ਹੈ, ਕਾਨੂੰਨ ਨਹੀਂ ਹੈ। ਸੁਪਨੇ ਵਿਚ ਐਸੇ ਐਸੇ ਕਾਰਜ ਕਰਦਾ ਹੈ, ਜੋ ਕਈ ਦਫ਼ਾ ਜਾਗਰਿਤ ਅਵਸਥਾ ਵਿਚ ਸੋਚਦਿਆਂ ਹੀ ਕੰਬਣੀ ਛਿੜਦੀ ਹੈ। ਸੁਪਨੇ ਮੈਲੇ ਨੇ, ਗੰਦੇ ਨੇ, ਹਿੰਸਕ ਨੇ, ਵਿਭਚਾਰੀ ਨੇ, ਦੁਰਾਚਾਰੀ ਨੇ। ਤੋ ਸਪੱਸ਼ਟ ਹੈ ਕਿ ਅਚੇਤ ਮਨ ਬੜਾ ਤਾਕਤਵਰ ਹੈ। ਅਜੇ ਬਹੁਤ ਸਾਰਾ ਭਾਗ ਅਚੇਤ ਹੈ ਔਰ ਜਾਗਰਿਤ ਅਵਸਥਾ ਵਿਚ ਇਸਦਾ ਨੈਤਿਕ ਹੋਣਾ ਪਾਖੰਡ ਹੈ।

ਯਾ ਤਾਂ ਮਨੁੱਖ ਪੂਰਨ ਤੌਰ 'ਤੇ ਅਚੇਤ ਹੋ ਜਾਏ ਤਾਂ ਇਕਸੁਰ ਹੋ ਸਕਦਾ ਹੈ, ਸੁਖੀ ਹੋ ਸਕਦਾ ਹੈ; ਯਾ ਪੂਰਨ ਤੌਰ 'ਤੇ ਸੁਚੇਤ ਹੋ ਜਾਏ ਤਾਂ ਇਕਸੁਰ ਹੋ ਸਕਦਾ ਹੈ, ਆਨੰਦਿਤ ਹੋ ਸਕਦਾ ਹੈ। ਮਨੁੱਖ ਨੇ ਇਹ ਦੋਵੇਂ ਅਵਸਥਾਵਾਂ ਜੁਟਾਈਆਂ ਨੇ। ਸ਼ਰਾਬਖ਼ਾਨੇ ਨੇ, ਮਧੂਸ਼ਾਲੇ ਨੇ, ਅਫ਼ੀਮ ਹੈ, ਚਰਸ ਹੈ, ਗਾਂਜਾ ਹੈ, ਸੁਲਫ਼ਾ ਹੈ, ਭੰਗ ਹੈ, ਬੇਸ਼ੁਮਾਰ ਨਸ਼ੇ ਨੇ, ਜਿਨ੍ਹਾਂ ਦੇ ਸੇਵਨ ਨਾਲ ਮਨੁੱਖ ਪੂਰਨ ਤੌਰ 'ਤੇ ਇਕਸੁਰ ਅਤੇ ਅਚੇਤ ਹੋ ਸਕੇ, ਸੁਖੀ ਹੋ ਸਕੇ। ਨਸ਼ੇ ਵਿਚ ਡੁੱਬਿਆ

ਹੋਇਆ ਮਨੁੱਖ ਪਸ਼ੂਵਤ ਹੁੰਦਾ ਹੈ ਔਰ ਸੁਖੀ ਹੁੰਦਾ ਹੈ, ਸੁਖ ਮਹਿਸੂਸ ਕਰਦਾ ਹੈ। ਫਿਰ ਜਦ ਸੁਚੇਤ ਹੋਵੇਗਾ, ਇਸਦਾ ਅਰਧ ਚੇਤਨ ਜਾਗੇਗਾ ਤਾਂ ਫਿਰ ਦੁਖੀ ਹੋਵੇਗਾ, ਫਿਰ ਪਰੇਸ਼ਾਨ ਹੋਵੇਗਾ। ਜੋ ਕੁਛ ਇਹ ਕਰਨਾ ਚਾਹੁੰਦਾ ਹੈ, ਸਮਾਜ ਹੈ, ਕਾਨੂੰਨ ਹੈ, ਨਹੀਂ ਕਰ ਸਕੇਗਾ। ਨਹੀਂ ਕਰ ਸਕਦਾ ਤਾਂ ਦੁਖੀ ਹੁੰਦਾ ਹੈ; ਔਰ ਅਗਰ ਕਰੇ ਤਾਂ ਸਮਾਜ ਦੀ ਸਾਰੀ ਵਿਵਸਥਾ ਟੁੱਟਦੀ ਹੈ। ਫਿਰ ਪਸ਼ੂ ਤਾਂ ਪਸ਼ੂ ਹੈਨ ਹੀ, ਮਨੁੱਖ ਵੀ ਪਸ਼ੂ ਹੀ ਸਮਝੋ। ਲੇਕਿਨ ਅਗਰ ਨਹੀਂ ਕਰਦਾ ਤਾਂ ਸੁਚੇਤ ਮਨ 'ਤੇ ਦਬਾਉ ਪੈਂਦਾ ਹੈ, ਮਜਬੂਰੀਆਂ ਨੇ। ਇਸ ਤਰ੍ਹਾਂ ਨੈਤਿਕ ਮਨੁੱਖ ਦਬਿਆ ਦਬਿਆ ਜੀਂਵਦਾ ਹੈ, ਬੋਝਲ ਜੀਂਵਦਾ ਹੈ, ਉਸਦੇ ਦਿਲ ਦਿਮਾਗ਼ 'ਤੇ ਨੈਤਿਕਤਾ ਦਾ ਬਹੁਤ ਵੱਡਾ ਬੋਝ ਹੁੰਦਾ ਹੈ।

ਦੂਸਰੀ ਵਿਵਸਥਾ ਅਵਤਾਰਾਂ ਨੇ, ਮਹਾਂਪੁਰਸ਼ਾਂ ਨੇ ਜੁਟਾਈ ਹੈ, ਤਾਂਕਿ ਮਨੁੱਖ ਪੂਰਨ ਤੌਰ 'ਤੇ ਸੁਚੇਤ ਹੋ ਜਾਏ, ਜਾਗ ਜਾਏ ਔਰ ਉਹ ਪ੍ਰਭੂ ਸਿਮਰਨ ਹੀ ਹੈ, ਜੋ ਕਿ ਜਗਾ ਸਕਦਾ ਹੈ:

ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ ॥

(ਸੂਹੀ ਮ: 4, ਪੰਨਾ 758)

ਪੂਰਨ ਜਾਗਦਿਆਂ ਹੀ ਪੂਰਨ ਜੋਤਿ ਜਗਮਗਾਂਦੀ ਹੈ:

ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥੧॥

(ਪਾਤਸ਼ਾਹੀ ੧੦)

ਔਰ ਅਨੰਦ ਪ੍ਰਗਟ ਹੋ ਜਾਂਦਾ ਹੈ। ਮਨੁੱਖ ਦਾ ਜਗਤ ਵਿਚ ਆਉਣਾ ਸਫਲ ਹੋ ਜਾਂਦਾ ਹੈ। ਮਨੁੱਖ ਪੂਰਨ ਤੌਰ 'ਤੇ ਚੇਤਨ ਹੋਣ ਲਈ ਹੈ। ਇਹ ਅਵਸਰ ਪਸ਼ੂ ਕੋਲ ਨਹੀਂ ਹੈ, ਬਨਸਪਤੀ ਤੇ ਪੱਥਰਾਂ ਕੋਲ ਵੀ ਨਹੀਂ ਹੈ; ਇਹ ਠੀਕ ਹੈ ਕਿ ਉਹ ਸੁਖੀ ਹਨ। ਅਗਰ ਪਸ਼ੂਆਂ ਦਾ ਥੋੜ੍ਹਾ ਜਿਹਾ ਭਾਗ ਸੁਚੇਤ ਹੋਇਆ ਵੀ ਹੈ, ਫਿਰ ਥੋੜ੍ਹੀ ਬਹੁਤ ਪਦਾਰਥ ਦੀ ਸਮਝ ਵੀ ਹੈ, ਰਿਜ਼ਕ ਦੀ ਤਲਾਸ਼ ਕਰ ਲੈਂਦੇ ਨੇ, ਬੱਸ ਇਸ ਤੋਂ ਇਲਾਵਾ ਨੈਤਿਕਤਾ ਪਸ਼ੂਆਂ ਦੀ ਦੁਨੀਆ ਵਿਚ ਨਹੀਂ ਹੈ। ਨੈਤਿਕਤਾ ਸਿਰਫ਼ ਮਨੁੱਖੀ ਦੁਨੀਆ ਵਿਚ ਹੀ ਦੇਖ ਸਕਦੇ ਹਾਂ। ਪਰ ਨੈਤਿਕਤਾ ਮਜਬੂਰੀ ਹੋ ਜਾਏ, ਉਥੇ ਮਨੁੱਖ ਦਾ ਬਹੁਤਾ ਭਾਗ ਅਚੇਤ ਹੈ। ਜਿਤਨੇ ਚਿਰ ਤਕ ਮਨੁੱਖ ਪੂਰਨ ਤੌਰ 'ਤੇ ਸੁਚੇਤ ਨਾ ਹੋਵੇ, ਸੱਚੀ ਨੈਤਿਕਤਾ ਦਾ ਜਨਮ ਨਹੀਂ ਹੁੰਦਾ। ਦਿਲ ਤੇ ਦਿਮਾਗ਼ 'ਤੇ ਬੋਝ ਰੱਖ ਕੇ, ਕਾਨੂੰਨ ਅਤੇ ਸਮਾਜ ਦਾ ਭੈਅ ਰੱਖ ਕੇ ਨੈਤਿਕ ਹੋਣਾ, ਇਹ ਨੈਤਿਕਤਾ ਬੋਝ ਹੈ, ਭਾਰ ਹੈ। ਪੂਰਨ ਤੌਰ 'ਤੇ ਜਾਗ ਜਾਣਾ ਔਰ ਨੈਤਿਕਤਾ ਦੇ ਫੁੱਲ ਖਿੜ ਉਠਣੇ, ਚਾਰੋਂ ਪਾਸੇ ਨੈਤਿਕਤਾ ਦੀ ਮਹਿਕ ਖਿੱਲਰ ਜਾਣੀ; ਇਹ ਨੈਤਿਕਤਾ ਮਹਾਂ ਆਨੰਦ ਹੈ, ਮਹਾਂ ਰਸ ਹੈ, ਮਹਾਂ ਖ਼ੁਸ਼ੀ ਹੈ।

•

ਸੰਸਾਰੀ

ਧਾਰਮਿਕ ਅਨੁਭਵੀ ਪੁਰਸ਼ ਧਾਰਮਿਕ ਦ੍ਰਿਸ਼ਟੀਕੋਣ ਦੇ ਮੁਤਾਬਿਕ ਮਨੁੱਖਤਾ ਨੂੰ ਚਾਰ ਹਿੱਸਿਆਂ ਵਿਚ ਵੰਡਦੇ ਨੇ:

1. ਸੰਸਾਰੀ
2. ਜਗਿਆਸੂ
3. ਸਾਧੂ
4. ਸੰਤ

ਪ੍ਰਥਮ ਸੰਸਾਰੀ, ਫਿਰ ਉਸ ਤੋਂ ਉਪਰ ਜਗਿਆਸੂ, ਫਿਰ ਉਪਰ ਸਾਧੂ, ਸਿਖਰ 'ਤੇ ਜੋ ਪੀਕ (Peak) 'ਤੇ ਹੈ, ਚੋਟੀ 'ਤੇ ਹੈ, ਉਹ ਸੰਤ ਹੈ। ਜੇ ਗੁਰਮਤਿ ਵਿਚ ਦੇਖੀਏ ਤਾਂ ਗੁਰਮਤਿ ਦਾ ਦ੍ਰਿਸ਼ਟੀਕੋਣ ਵੀ ਇਹੀ ਹੈ:

1. ਦੁਨੀਆਦਾਰ
2. ਸਿਖ
3. ਸਿੰਘ
4. ਖ਼ਾਲਸਾ

ਪ੍ਰਥਮ ਹੈ ਦੁਨੀਆਦਾਰ, ਫਿਰ ਸਿਖ, ਫਿਰ ਸਿੰਘ ਤੇ ਸਰਬ ਉੱਤਮ ਹੈ ਖ਼ਾਲਸਾ, ਜੋ ਗੁਰੂ ਦਾ ਰੂਪ ਹੈ, ਪ੍ਰਭੂ ਦਾ ਰੂਪ ਹੈ, ਕਿਉਂਕਿ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੀ ਐਸਾ ਹੀ ਫ਼ੁਰਮਾਨ ਕਰਦੇ ਨੇ:

ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸਾ ਦੇਵ॥
ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥ *(ਸਰਬ ਲੋਹ ਗ੍ਰੰਥ)*

ਰੰਚਕ ਮਾਤਰ ਵੀ ਖ਼ਾਲਸੇ ਵਿਚ, ਮੇਰੇ ਵਿਚ ਤੇ ਪਰਮਾਤਮਾ ਵਿਚ ਕੋਈ ਭੇਦ ਨਹੀਂ ਹੈ:

ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥

ਖ਼ਾਲਸਾ ਮੇਰਾ ਰੂਪ ਹੈ, ਖ਼ਾਲਸਾ ਪ੍ਰਭੂ ਦਾ ਰੂਪ ਹੈ। ਤੇ ਇਸ ਹਿਸਾਬ ਨਾਲ ਗੁਰਮਤਿ ਦ੍ਰਿਸ਼ਟੀਕੋਣ ਮੁਤਾਬਿਕ ਮਨੁੱਖਤਾ ਦੇ ਚਾਰ ਭਾਗ ਇਸ ਤਰ੍ਹਾਂ ਹਨ—

ਪ੍ਰਥਮ ਦੁਨੀਆਦਾਰ, ਫਿਰ ਸਿਖ, ਫਿਰ ਸਿੰਘ, ਸਿਖਰ 'ਤੇ, ਚੋਟੀ 'ਤੇ, ਪੀਕ (Peak) 'ਤੇ ਹੈ ਖ਼ਾਲਸਾ।

ਇਸੇ ਤਰੀਕੇ ਨਾਲ ਭਾਰਤ ਦੀ ਪੌਰਾਣਿਕ ਸੰਸਕ੍ਰਿਤੀ ਮਨੁੱਖਤਾ ਨੂੰ ਚਾਰ ਹਿੱਸਿਆਂ ਵਿਚ ਵੰਡਦੀ ਹੈ। ਇਹ ਗੱਲ ਵੱਖਰੀ ਹੈ ਕਿ ਅਗਾਂਹ ਚੱਲ ਕੇ ਇਨ੍ਹਾਂ ਦੇ ਹੋਰ ਚਾਰ ਚਾਰ ਰੂਪ ਹੋ ਗਏ, ਚਾਰ ਵਰਣ ਬਣ ਗਏ, ਚਾਰ ਆਸ਼੍ਰਮ ਬਣ ਗਏ। ਔਰ ਸ਼ਾਇਦ ਇਸੇ ਹੀ ਦ੍ਰਿਸ਼ਟੀਕੋਣ ਦੇ ਮੁਤਾਬਿਕ ਚਾਰ ਵੇਦ ਬ੍ਰਹਮੇ ਤੋਂ ਉਤਪੰਨ ਹੋਏ। ਖ਼ੈਰ, ਮੂਲ ਵਿਚਾਰਧਾਰਾ ਇਹ ਹੈ—(1) ਸੰਸਾਰੀ, (2) ਜਗਿਆਸੂ, (3) ਸਾਧੂ ਤੇ (4) ਸੰਤ।

ਸੰਸਾਰੀ ਨੂੰ ਧੰਨ ਗੁਰੂ ਅਮਰਦਾਸ ਜੀ ਇਸ ਤਰ੍ਹਾਂ ਬਿਆਨ ਕਰਦੇ ਨੇ :

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥

(ਰਾਮਕਲੀ ਮ: ੩, ਪੰਨਾ 920)

ਜੋ ਤਿੰਨਾਂ ਗੁਣਾਂ ਵਿਚ ਸੁੱਤਾ ਹੋਇਆ ਹੈ, ਜੋ ਪੂਰਨ ਤੌਰ 'ਤੇ ਸੁੱਤਾ ਹੋਇਆ ਹੈ, ਉਹ ਹੈ ਸੰਸਾਰੀ ਔਰ ਜੋ ਪੂਰਨ ਤੌਰ 'ਤੇ ਜਾਗ ਗਿਆ ਹੈ, ਉਹ ਹੈ ਸੰਤ। ਯਾ ਇੰਝ ਕਹਿ ਲਉ ਕਿ ਸੰਸਾਰੀ ਦੇ ਅੰਦਰ ਪੂਰਨ ਤੌਰ 'ਤੇ ਸੁੱਤਾ ਹੋਇਆ ਇਕ ਸੰਤ ਹੈ ਔਰ ਸੰਤ ਦੇ ਅੰਦਰ ਪੂਰਨ ਤੌਰ 'ਤੇ ਜਾਗਿਆ ਹੋਇਆ ਇਕ ਸੰਸਾਰੀ ਹੈ। ਸੰਸਾਰੀ ਜਾਗ ਜਾਏ ਤਾਂ ਸੰਤ ਹੋ ਜਾਂਦਾ ਹੈ ਔਰ ਅਗਰ ਇਹ ਸੰਤ ਟੋਟਲੀ (Totally) ਸੁੱਤਾ ਹੋਇਆ ਹੈ ਤੋ ਸੰਸਾਰੀ ਹੋ ਜਾਂਦਾ ਹੈ। ਸੰਸਾਰੀ ਭਰਮ ਵਿਚ ਹੈ, ਸੰਤ ਸੱਚ ਵਿਚ ਹੈ, ਹਕੀਕਤ ਵਿਚ ਹੈ। ਸੰਸਾਰੀ ਦੁਖ-ਸੁਖ ਵਿਚ ਹੈ, ਸੰਤ ਪਰਮ ਆਨੰਦ ਵਿਚ ਹੈ। ਸੰਸਾਰੀ ਜਨਮ ਮਰਨ ਦੇ ਬੰਧਨ ਵਿਚ ਹੈ; ਸੰਤ ਆਜ਼ਾਦ ਹੈ, ਸੁਤੰਤਰ ਹੈ, ਜਨਮ-ਮਰਨ ਤੋਂ ਉਪਰ ਉਠ ਗਿਆ ਹੈ। ਤੋ ਸੰਸਾਰੀ ਸੰਸਾਰ ਦੇ ਕੰਮਾਂ ਵਿਚ ਹੈ, ਭਾਵ ਜਿਸ ਨੇ ਸੰਸਾਰ ਦਾ ਸੁਆਰਥ ਹੀ ਸਾਧਣਾ ਹੈ ਤੇ ਸੰਸਾਰ ਵਿਚ ਮੂਲ ਮਸਲਾ ਉਪਜੀਵਕਾ ਹੀ ਹੈ, ਰਿਜ਼ਕ ਹੈ। ਰਿਜ਼ਕ ਢੰਗ ਨਾਲ ਬਣਿਆ ਰਹੇ, ਇਸ ਲਈ ਪਰਿਵਾਰ ਤੇ ਪਦਾਰਥਾਂ ਦੇ ਸੰਬੰਧ ਬਣੇ ਹੋਏ ਨੇ। ਔਰ ਇਹ ਜੋ ਤਰ੍ਹਾਂ ਤਰ੍ਹਾਂ ਦੇ ਸੰਬੰਧ ਹਨ, ਇਨ੍ਹਾਂ ਦੇ ਪਿੱਛੇ ਸਰੀਰਕ ਸੁਖ, ਸੁਆਰਥ ਤੇ ਉਪਜੀਵਕਾ ਤੋਂ ਬਿਨਾਂ ਹੋਰ ਕੁਛ ਵੀ ਨਹੀਂ। ਅਗਰ ਕੋਈ ਮੰਦਿਰ ਵਿਚ ਵੀ ਇਸ ਲਈ ਜਾ ਰਿਹਾ ਹੈ ਕਿ ਮੇਰਾ ਸੰਸਾਰ ਦਾ ਕੰਮ ਠੀਕ ਚਲਦਾ ਰਹੇ, ਉਪਜੀਵਕਾ ਠੀਕ ਚਲਦੀ ਰਹੇ, ਕੰਮ ਧੰਧਾ ਠੀਕ ਚਲਦਾ ਰਹੇ, ਪਰਿਵਾਰ ਦੇ ਮੈਂਬਰ ਠੀਕ ਰਹਿਣ ਤਾਂ ਇਹ ਮੰਦਿਰ ਜਾਣਾ ਵੀ ਸੰਸਾਰੀ ਹੈ, ਸੰਸਾਰੀ ਕਰਮ ਹੈ। ਕਿਸੇ ਦਾ ਨਿਮਾਜ਼ ਪੜ੍ਹਨਾ ਵੀ ਸੰਸਾਰੀ ਕਰਮ ਹੈ, ਕਿਸੇ ਦਾ ਪਾਠ ਕਰਨਾ, ਗੁਰਦੁਆਰੇ ਜਾਣਾ ਵੀ ਸੰਸਾਰੀ ਕਰਮ ਹੈ ਅਗਰ ਕਾਮਨਾ ਸੰਸਾਰ ਦੀ ਹੈ। ਕੁਛ ਕਾਮਨਾ ਪਦਾਰਥਾਂ ਪ੍ਰਤਿ ਹੈ, ਕੁਛ ਪ੍ਰਭੁਤਾ ਦੀ

ਕਾਮਨਾ ਹੈ। ਤੇ ਕਾਮਨਾ ਸੰਸਾਰ ਦੇ ਨਾਲ ਹੀ ਸੰਬੰਧਤ ਹੈ ਔਰ ਕਾਮਨਾ-ਗ੍ਰਸਿਆ ਮਨੁੱਖ ਸੰਸਾਰੀ ਹੁੰਦਾ ਹੈ, ਚਾਹੇ ਉਹ ਮੰਦਿਰ ਵਿਚ ਬੈਠਾ ਹੈ, ਚਾਹੇ ਉਹ ਗੁਰਦੁਆਰੇ ਵਿਚ ਬੈਠਾ ਹੈ।

ਮਨੁੱਖ ਪਾਠ-ਪੂਜਾ ਕਰੀ ਜਾ ਰਿਹਾ ਹੈ, ਕੀਰਤਨ ਸੁਣ ਰਿਹਾ ਹੈ, ਜਪ-ਤਪ ਕਰੀ ਜਾ ਰਿਹਾ ਹੈ, ਪਰ ਜਿਤਨੀ ਦੇਰ ਇਸਦੀ ਕਾਮਨਾ ਸੰਸਾਰ ਨਾਲ ਜੁੜੀ ਹੋਈ ਹੈ, ਇਹ ਸੰਸਾਰੀ ਹੈ। ਕਹਿਣਾ ਤਾਂ ਬੜਾ ਆਸਾਨ ਹੈ ਕਿ ਫਲਾਣਾ ਨਿਸ਼ਕਾਮ ਸੇਵਾ ਕਰ ਰਿਹਾ ਹੈ, ਨਿਸ਼ਕਾਮ ਕੀਰਤਨ ਕਰ ਰਿਹਾ ਹੈ, ਕਥਾ ਕਰ ਰਿਹਾ ਹੈ, ਪਰ ਗਹਿਰਾਈ ਨਾਲ ਦੇਖੋਗੇ ਕਿ ਐਸੇ ਲੋਗਾਂ ਦੇ ਅੰਦਰ ਵੀ ਪ੍ਰਭੁਤਾ ਦੀ ਕਾਮਨਾ ਹੁੰਦੀ ਹੈ, ਜੱਸ ਦੀ ਕਾਮਨਾ ਹੁੰਦੀ ਹੈ। ਪ੍ਰਭੁਤਾ ਦੀ, ਜੱਸ ਦੀ ਕਾਮਨਾ ਹੈ ਤੇ ਨਿਸ਼ਕਾਮ ਕੀਰਤਨ ਕਿਸ ਤਰ੍ਹਾਂ ਹੋ ਗਿਆ, ਇਹ ਨਿਸ਼ਕਾਮ ਕਥਾ ਕਿਸ ਤਰ੍ਹਾਂ ਹੋ ਗਈ, ਇਹ ਨਿਸ਼ਕਾਮ ਸੇਵਾ ਕਿਸ ਤਰ੍ਹਾਂ ਹੋ ਗਈ। ਕੋਈ ਗੁਪਤ ਦਾਨ ਕਰ ਰਿਹਾ ਹੈ, ਪਰ ਗੁਪਤ ਦਾਨ ਦੇ ਨਾਲ ਵੀ ਦੇਖਣ ਦੇ ਵਿਚ ਇਹ ਆਇਆ ਹੈ ਕਿ ਕਾਮਨਾ ਸੰਸਾਰ ਦੀ ਹੈ। ਸੰਸਾਰਿਕ ਕਾਮਨਾਵਾਂ ਨੂੰ ਗੁਪਤ ਰੱਖ ਕੇ ਇਸ ਵਾਸਤੇ ਦਾਨ ਦੇ ਰਿਹਾ ਹੈ ਕਿ ਕੁਛ ਸੰਸਾਰੀ ਕਾਰਨ ਸਾਹਮਣੇ ਨੇ, ਇਸ ਵਾਸਤੇ ਪ੍ਰਗਟ ਨਹੀਂ ਹੋਣਾ ਚਾਹੁੰਦਾ। ਲੇਕਿਨ ਦਾਨ ਦੇ ਨਾਲ ਉਸਨੇ ਕੁਛ ਸੰਸਾਰੀ ਉੱਨਤੀ ਦੀ ਕਾਮਨਾ ਜੋੜੀ ਹੋਈ ਹੈ, ਇਸ ਵਾਸਤੇ ਨਿਸ਼ਕਾਮ ਦਾਨ ਨਹੀਂ ਹੈ, ਨਿਸ਼ਕਾਮ ਸੇਵਾ ਨਹੀਂ ਹੈ, ਨਿਸ਼ਕਾਮ ਕੀਰਤਨ ਨਹੀਂ ਹੈ, ਨਿਸ਼ਕਾਮ ਕਥਾ ਨਹੀਂ ਹੈ।

ਬੜੀਆਂ ਬੜੀਆਂ ਸੁਸਾਇਟੀਆਂ ਬਣੀਆਂ ਹੋਈਆਂ ਹਨ—ਨਿਸ਼ਕਾਮ ਸੁਸਾਇਟੀਆਂ। ਗਹਿਰਾਈ ਨਾਲ ਦੇਖੋ, ਸਭ ਕਾਮਨਾਵਾਂ ਨਾਲ ਭਰੇ ਹੋਏ ਨੇ ਔਰ ਕਾਮਨਾਵਾਂ ਨਾਲ ਜੀਵਨ ਬਤੀਤ ਪਏ ਕਰਦੇ ਨੇ। ਨਿਸ਼ਕਾਮ ਸੁਸਾਇਟੀਆਂ ਦਰਅਸਲ ਇਹ ਕੋਈ ਬੱਚਿਆਂ ਦਾ ਖੇਲ ਨਹੀਂ ਹੈ। ਤੇ ਕਾਮਨਾ ਦਾ ਸੰਬੰਧ ਸੰਸਾਰ ਨਾਲ ਹੁੰਦਾ ਹੈ, ਤੇ ਕਾਮਨਾ ਤੋਂ ਜੋ ਉੱਚਾ ਉਠਦਾ ਹੈ, ਇਹ ਬੜੀ ਵੱਡੀ ਗੱਲ ਹੈ। ਉਹ ਤਾਂ ਸਮਝੋ ਸਿਖਰ 'ਤੇ ਪਹੁੰਚ ਗਿਆ, ਪੀਕ (Peak) 'ਤੇ ਪਹੁੰਚ ਗਿਆ। ਔਰ ਜ਼ਮੀਨ ਤੋਂ ਪਹਾੜ ਦੀ ਚੋਟੀ 'ਤੇ ਪਹੁੰਚਣ ਤੋਂ ਪਹਿਲੇ ਕਾਫ਼ੀ ਉਤਾਰ-ਚੜ੍ਹਾਉ ਤੋਂ ਲੰਘਣਾ ਪੈਂਦਾ ਹੈ। ਚੜ੍ਹਦਿਆਂ ਚੜ੍ਹਾਈ, ਉਤਰਾਈ, ਫਿਰ ਕਿਧਰੇ ਚੜ੍ਹਾਈ, ਫਿਰ ਥੋੜ੍ਹੀ ਜਿਹੀ ਲਹਾਈ ਆ ਜਾਂਦੀ ਹੈ। ਇਸ ਉਤਾਰ-ਚੜ੍ਹਾਉ ਤੋਂ ਲੰਘਦੇ ਲੰਘਦੇ ਮਨੁੱਖ ਸਿਖਰ 'ਤੇ ਪਹੁੰਚਦਾ ਹੈ। ਉਸ ਨਿਸ਼ਕਾਮ-ਮਈ ਅਵਸਥਾ 'ਤੇ ਪੁੱਜਦਾ ਹੈ, ਜਿਸਦੇ ਅੰਦਰ ਇਸ ਤਰ੍ਹਾਂ ਦੀ ਕੋਈ ਕਾਮਨਾ ਨਹੀਂ ਰਹਿ ਜਾਂਦੀ ਤੇ ਉਸਦਾ ਹਿਰਦਾ ਭਾਵਨਾ ਨਾਲ ਭਰਿਆ ਹੋਇਆ ਹੁੰਦਾ ਹੈ, ਉਸੇ ਨੂੰ ਹੀ ਤਾਂ ਸੰਤ ਕਹਿੰਦੇ ਨੇ। ਔਰ ਸੰਸਾਰੀ ਉਹ ਹੈ—ਜਿਸਦਾ ਹਿਰਦਾ ਭਰਿਆ ਹੋਇਆ ਐ ਕਾਮਨਾ ਨਾਲ। ਕਾਮਨਾ ਜੋ ਧਨ ਦੀ ਹੋਵੇਗੀ,

ਕਾਮਨਾ ਪ੍ਰਭੁਤਾ ਦੀ ਹੋਵੇਗੀ, ਕਾਮਨਾ ਕੋਈ ਪਰਿਵਾਰਕ ਹੋਵੇਗੀ, ਸਮਾਜਿਕ ਹੋਵੇਗੀ। ਕਾਮਨਾ ਮਨੁੱਖ ਨੂੰ ਸੰਸਾਰ ਤੋਂ ਉੱਚਾ ਉਠਣ ਹੀ ਨਹੀਂ ਦਿੰਦੀ, ਹਮੇਸ਼ਾ ਧਰਤੀ 'ਤੇ ਰੱਖਦੀ ਹੈ, ਔਰ ਕਾਮਨਾ ਬਾਰ ਬਾਰ ਜਨਮ ਕਰਾ ਦੇਂਦੀ ਹੈ। ਮਰਦਿਆਂ ਹੋਇਆਂ ਅਗਰ ਕੋਈ ਕਾਮਨਾ ਰਹਿ ਗਈ ਹੈ, ਇਹ ਧਰਤੀ ਤੋਂ ਉੱਚਾ ਨਹੀਂ ਉਠਣ ਦੇਂਦੀ। ਦੇਖਦੇ ਹਾਂ, ਫ਼ਵਾਰੇ ਦਾ ਪਾਣੀ ਪ੍ਰੈਸ਼ਰ ਦਾ ਮਾਰਿਆ ਹੋਇਆ ਉਪਰ ਤਾਂ ਉਠਦਾ ਹੈ, ਪਰ ਧਰਤੀ ਦੀ ਕਸ਼ਿਸ਼ ਫਿਰ ਖਿੱਚ ਕੇ ਥੱਲੇ ਲੈ ਆਉਂਦੀ ਹੈ। ਇਹ ਵਕਤੀ ਤੌਰ 'ਤੇ ਹਿਰਦਾ ਉੱਚਾ ਉਠਣਾ ਹੁੰਦਾ ਹੈ, ਫਿਰ ਥੱਲੇ ਚਲਿਆ ਜਾਂਦਾ ਹੈ।

ਤੇ ਕਾਮਨਾ ਕਰਕੇ ਕੀਤਾ ਗਿਆ ਜਪ-ਤਪ, ਦਾਨ-ਪੁੰਨ, ਸਾਧਨਾ, ਪਾਠ-ਪੂਜਾ, ਕਥਾ-ਕੀਰਤਨ, ਇਹ ਕੇਵਲ ਫ਼ਵਾਰੇ ਦੇ ਪਾਣੀ ਵਾਂਗ ਹੈ। ਇਹ ਵਕਤੀ ਤੌਰ 'ਤੇ ਉੱਚਾ ਉਠਦਾ ਦਿਖਾਈ ਦੇ ਰਿਹਾ ਹੈ, ਪਰ ਆਖ਼ਰ ਜ਼ਮੀਨ 'ਤੇ ਹੀ ਆਉਂਦਾ ਹੈ। ਸਾਇੰਸ ਦੀ ਪਕੜ ਵਿਚ ਵੀ ਇਹ ਗੱਲ ਆ ਗਈ ਕਿ ਸਾਰੇ ਪਦਾਰਥਾਂ ਨੂੰ ਇਹ ਜ਼ਮੀਨ ਆਪਣੇ ਵੱਲ ਨੂੰ ਖਿੱਚਦੀ ਹੈ ਔਰ ਇਸਦੀ ਕਸ਼ਿਸ਼ ਦਾ ਦਾਇਰਾ ਬੜਾ ਵਸੀਹ ਹੈ, ਮਹਾਨ ਹੈ। ਐਸਾ ਕਹਿੰਦੇ ਨੇ ਕਿ ਜ਼ਮੀਨ ਦੀ ਕਸ਼ਿਸ਼ ਦਾ ਦਾਇਰਾ 400-500 ਮੀਲ ਦੀ ਬੁਲੰਦੀ ਤਕ ਮੌਜੂਦ ਹੈ। ਕੋਈ ਇਤਨਾ ਵੀ ਉੱਚਾ ਉਠ ਗਿਆ, ਤਾਂ ਵੀ ਉਹ ਜ਼ਮੀਨ ਦੀ ਕਸ਼ਿਸ਼ ਦੇ ਦਾਇਰੇ ਦੇ ਵਿਚ ਹੀ ਰਹਿੰਦਾ ਹੈ। ਵਿਗਿਆਨ ਦੀ ਪਕੜ ਵਿਚ ਬਹੁਤ ਸਮੇਂ ਤੋਂ ਇਹ ਗੱਲ ਆਈ ਹੈ ਕਿ ਜ਼ਮੀਨ ਹਰ ਚੀਜ਼ ਨੂੰ ਆਪਣੀ ਤਰਫ਼ ਖਿੱਚਦੀ ਹੈ, ਲੇਕਿਨ ਤੱਤ ਵੇਤਾ ਬ੍ਰਹਮ ਗਿਆਨੀ ਦੀ ਪਕੜ ਵਿਚ ਇਹ ਗੱਲ ਆਈ ਹੈ ਕਿ ਇਹ ਮਨੁੱਖ ਦੀ ਸੁਰਤ ਨੂੰ ਵੀ ਆਪਣੇ ਵੱਲ ਥੱਲੇ ਦੀ ਤਰਫ਼ ਖਿੱਚਦੀ ਹੈ। ਇਹ ਮਨੁੱਖ ਨੂੰ ਉੱਚਾ ਉਠਣ ਹੀ ਨਹੀਂ ਦੇਂਦੀ। ਕੋਈ ਜਪ ਕਰ ਰਿਹਾ ਹੈ, ਤਪ ਕਰ ਰਿਹਾ ਹੈ; ਥੋੜ੍ਹਾ ਜਿਹਾ ਸਵਾਦ ਆਇਆ, ਸੁਰਤ ਉੱਚੀ ਉਠੀ, ਪਰ ਫਿਰ ਥੱਲੇ ਚਲੀ ਜਾਂਦੀ ਹੈ ਅਗਰ ਧਨ ਦੀ ਕਾਮਨਾ ਹੈ, ਪਰਿਵਾਰ ਦੀ ਕਾਮਨਾ ਹੈ, ਪਦਾਰਥਾਂ ਦੀ ਕਾਮਨਾ ਹੈ, ਜ਼ਮੀਨ ਦੀ ਕਾਮਨਾ ਹੈ, ਰੰਗ-ਰੂਪ ਦੀ ਕਾਮਨਾ ਹੈ; ਇਹ ਸਭ ਧਰਤੀ ਦੇ ਰੂਪ ਨੇ। ਧਨ ਕਰਕੇ, ਸੋਨੇ-ਚਾਂਦੀ ਕਰਕੇ ਜਿਸ ਦੀ ਸੁਰਤਿ ਥੱਲੇ ਆ ਗਈ, ਤੇ ਜ਼ਮੀਨ ਨੇ ਥੱਲੇ ਖਿੱਚ ਲਿਆ, ਥੱਲੇ ਗਿਰਾ ਦਿੱਤਾ। ਰੂਪ ਕਰਕੇ ਅਗਰ ਸੁਰਤਿ ਥੱਲੇ ਆ ਗਈ ਹੈ ਤਾਂ ਜ਼ਮੀਨ ਨੇ ਥੱਲੇ ਗਿਰਾ ਦਿੱਤਾ। ਰੂਪ ਵੀ ਧਰਤੀ ਦਾ ਹੀ ਹਿੱਸਾ ਹੈ।

ਬੜੇ ਬੜੇ ਜੋਗੀ, ਬੜੇ ਬੜੇ ਰਿਸ਼ੀ-ਮੁਨੀ ਜਪ-ਤਪ ਕਰ ਕੇ ਬੁਲੰਦੀਆਂ ਨੂੰ ਛੂੰਹਦੇ ਦਿਖਾਈ ਦਿੰਦੇ ਨੇ, ਪਰ ਫਿਰ ਰਸਾਤਲ ਵਿਚ ਜਾ ਡਿਗਦੇ ਨੇ। ਸ੍ਰਿੰਗੀ ਰਿਸ਼ੀ, ਵਿਸ਼ਵਾਮਿੱਤਰ, ਮਛੰਦਰ ਨਾਥ ਇਤਿਆਦਿ, ਬੜੇ ਬੜੇ ਦੇਵ, ਮਹਾਂਦੇਵ ਫਿਰ ਥੱਲੇ ਆਉਂਦੇ ਹੋਏ ਦਿਖਾਈ ਦੇਂਦੇ ਨੇ। ਕਥਾਵਾਂ ਨੇ ਕਿ ਫਲਾਣਾ ਰਿਸ਼ੀ

ਰੂਪ ਕਰਕੇ ਥੱਲੇ ਡਿੱਗਾ, ਫਲਾਣਾ ਰਿਸ਼ੀ ਪਦਾਰਥਾਂ ਕਰਕੇ ਥੱਲੇ ਡਿੱਗਾ, ਫਲਾਣਾ ਪ੍ਰਭੁਤਾ ਕਰਕੇ ਥੱਲੇ ਆ ਗਿਆ। ਲੇਕਿਨ ਜੋ ਥੋੜ੍ਹਾ ਜਿਹਾ ਬੁਲੰਦੀਆਂ ਨੂੰ ਛੂਹੇ ਸਨ, ਜਿਵੇਂ ਕਿ ਫ਼ਵਾਰੇ ਦਾ ਪਾਣੀ ਕੁਛ ਬੁਲੰਦੀਆਂ ਤਕ ਉੱਚਾ ਉਠ ਕੇ ਫਿਰ ਥੱਲੇ ਦੀ ਤਰਫ਼ ਆਉਂਦਾ ਹੈ, ਇਵੇਂ ਹੀ ਉਹ ਆ ਗਏ। ਆਮ ਬੰਦਿਆਂ ਨਾਲੋਂ ਜੇ ਕਿਸੇ ਨੇ ਕਿਧਰੇ ਥੋੜ੍ਹੀ ਬਹੁਤ ਬੁਲੰਦੀ ਦੇਖੀ ਹੈ, ਤਾਂ ਇਹ ਬੁਲੰਦੀ ਵਕਤੀ ਤੌਰ 'ਤੇ ਹੀ ਰਹੀ, ਉਹ ਫਿਰ ਥੱਲੇ ਆ ਗਿਆ। ਜਿਤਨਾ ਫ਼ਵਾਰੇ ਦਾ ਪਾਣੀ ਉੱਠਿਆ, ਉਤਨਾ ਹੀ ਅਨੁਭਵ ਉਸਦੇ ਪਾਸ ਹੈ। ਜਪ-ਤਪ, ਸਾਧਨਾ ਕਰ ਕੇ ਜਿਤਨੀ ਸੁਰਤਿ ਉਸਦੀ ਉੱਚੀ ਉਠੀ ਸੀ, ਉਹ ਅਨੁਭਵ ਤਾਂ ਭਾਵੇਂ ਉਸ ਦੇ ਕੋਲ ਹੈ, ਲੇਕਿਨ ਫਿਰ ਵੀ ਥੱਲੇ ਹੈ, ਜ਼ਮੀਨ 'ਤੇ ਹੀ ਹੈ। "ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥"

ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ॥

(ਗਉੜੀ ਕਬੀਰ ਜੀ, ਪੰਨਾ 338)

ਸਤਿਗੁਰਾਂ ਦੀ ਬਾਣੀ ਕਹਿ ਰਹੀ ਹੈ ਕਿ ਇਹ ਕੀਰਤਨ, ਇਹ ਧਰਮ ਦੇ ਨਾਮ 'ਤੇ ਧੰਧਾ ਹੈ। ਕੀਰਤਨ ਕਰਨ ਵਾਲਾ ਅਗਰ ਕੀਰਤਨ ਦੀ ਭੇਟ ਲੈ ਰਿਹਾ ਹੈ ਤਾਂ ਜਾਇਜ਼ ਹੈ, ਪਰ ਅਗਰ ਮੁੱਲ ਮੰਗ ਰਿਹਾ ਹੈ, ਇਹ ਤਾਂ ਧੰਧਾ ਹੈ।

ਕਥਾ, ਪਾਠ ਕਰਨ ਵਾਲਾ ਭੇਟਾ ਲੈ ਰਿਹਾ ਹੈ, ਨਜ਼ਰਾਨਾ ਲੈ ਰਿਹਾ ਹੈ; ਚਲੋ ਠੀਕ ਹੈ, ਇਹ ਤਾਂ ਉਸਦੀ ਉਪਜੀਵਕਾ ਹੈ, ਪਰ ਜੇ ਮੁੱਲ ਮੰਗ ਰਿਹਾ ਹੈ, ਇਹ ਤਾਂ ਧੰਧਾ ਹੈ। ਕਿਸੇ ਹੱਦ ਤਕ ਸੰਸਾਰ ਵਿਚ ਬੈਂਕ ਬਿਰਤੀ, ਬਾਣੀਆ ਬਿਰਤੀ ਪ੍ਰਧਾਨ ਹੈ, ਵਿਉਪਾਰੀ ਬਿਰਤੀ ਪ੍ਰਧਾਨ ਹੈ; ਵਿਉਪਾਰ ਸੰਸਾਰ ਹੈ, ਸੰਸਾਰ ਵਿਉਪਾਰ ਹੈ। ਸੰਸਾਰ ਵਿਚ ਕੁਝ ਲੈਣਾ ਹੈ ਦੇਣਾ ਹੈ, ਵਪਾਰ ਤਾਂ ਇਸ 'ਤੇ ਖੜ੍ਹਾ ਹੈ। ਵਪਾਰੀ ਉਹ ਹੈ, ਜੋ ਕੁਛ ਲੈਂਦਾ ਹੈ, ਕੁਛ ਦੇਂਦਾ ਹੈ।

ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥

(ਗੂਜਰੀ ਮ: ੫, ਪੰਨਾ 495)

ਕੋਈ ਵਿਰਲਾ ਹੀ ਸੇਵਕ ਹੈ, ਬਾਕੀ ਸੰਸਾਰੀ ਨੇ, ਵਿਉਪਾਰੀ ਨੇ। ਸਤਿਗੁਰੂ ਜੀ ਕਹਿੰਦੇ ਹਨ:

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ॥

(ਸੋਰਠਿ ਕੀ ਵਾਰ, ਪੰਨਾ 650)

ਕਿਸੇ ਕਾਮਨਾ ਨੂੰ ਮੁੱਖ ਰੱਖ ਕੇ ਬਹੁਤੇ ਪਾਠ ਕਰ ਰਿਹਾ ਹੈ, ਚਲੀਹੇ ਕੱਟ ਰਿਹਾ ਹੈ; ਕਾਮਨਾ ਨੂੰ ਮੁੱਖ ਰੱਖ ਕੇ ਅਖੰਡ ਪਾਠ ਰੱਖ ਰਿਹਾ ਹੈ। ਕਿਸੇ ਕਾਮਨਾ ਕਰਕੇ ਦਾਨ ਦੇ ਰਿਹਾ ਹੈ, ਪੁੰਨ ਕਰ ਰਿਹਾ ਹੈ, ਇਹ ਸਭ ਸੰਸਾਰੀ ਹੈ। ਇਸ

ਨੂੰ ਸ਼੍ਰੋਮਣੀ ਭਗਤ ਕਬੀਰ ਜੀ ਬੜੇ ਸੋਹਣੇ ਢੰਗ ਨਾਲ ਬਿਆਨ ਕਰ ਰਹੇ ਨੇ :

ਐਸੋ ਅਚਰਜੁ ਦੇਖਿਓ ਕਬੀਰ ॥
ਦਧਿ ਕੈ ਭੋਲੈ ਬਿਰੋਲੈ ਨੀਰੁ ॥ *(ਗਉੜੀ ਕਬੀਰ ਜੀ, ਪੰਨਾ 326)*

ਐਸਾ ਅਸਚਰਜ ਦੇਖਿਆ ਹੈ ਕਿ ਲੋਕ ਦਹੀਂ ਦੇ ਭੁਲੇਵੇਂ ਪਾਣੀ ਵਿਚ ਰੇੜਕਾ ਪਾ ਰਹੇ ਨੇ। ਤੇ ਪਾਣੀ ਦੇ ਮੰਥਨ ਵਿੱਚੋਂ ਮੱਖਣ ਕਿਥੇ ? ਦਹੀਂ ਦਾ ਮੰਥਨ ਕਰੀਏ ਤਾਂ ਮੱਖਣ ਮਿਲੇਗਾ, ਜੇ ਪਾਣੀ ਦਾ ਮੰਥਨ ਕੀਤਾ ਤਾਂ ਮੱਖਣ ਕੋਈ ਨਹੀਂ। ਕਾਮਨਾ ਕਰਕੇ ਧਾਰਮਿਕ ਕੰਮ ਕੀਤੇ, ਇਹ ਪਾਣੀ ਦਾ ਮੰਥਨ ਹੈ ਔਰ ਭਾਵਨਾ ਕਰਕੇ ਧਾਰਮਿਕ ਕਰਮ ਕੀਤੇ, ਇਹ ਦਹੀਂ ਦਾ ਮੰਥਨ ਹੈ।

ਭਗਤ ਕਬੀਰ ਜੀ ਨੇ ਇਸ ਨੂੰ ਇਕ ਹੋਰ ਢੰਗ ਨਾਲ ਵੀ ਪੇਸ਼ ਕੀਤਾ ਹੈ :

ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ ॥
(ਸਲੋਕ ਕਬੀਰ ਜੀ, ਪੰਨਾ 1365)

ਮੱਖਣ ਤਾਂ ਸੰਤ ਪ੍ਰਾਪਤ ਕਰਦੇ ਨੇ, ਕਿਉਂਕਿ ਉਹ ਦਹੀਂ ਦਾ ਮੰਥਨ ਕਰਦੇ ਨੇ, ਭਾਵਨਾ ਕਰਕੇ ਜਪ ਕਰਦੇ ਨੇ। ਲੇਕਿਨ ਇਹ ਵੀ ਨਹੀਂ ਕਿ ਸੰਸਾਰੀਆਂ ਦੇ ਸਾਰੇ ਕੀਤੇ ਹੋਏ ਕਰਮ ਵਿਅਰਥ ਚਲੇ ਜਾਂਦੇ ਨੇ, ਏਦਾਂ ਨਹੀਂ ਹੈ, ਉਨ੍ਹਾਂ ਨੂੰ ਲੱਸੀ ਮਿਲਦੀ ਹੈ, ਕੁਛ ਕੁ ਸੰਸਾਰਕ ਸੁਖ ਵੀ ਮਿਲ ਜਾਂਦੇ ਨੇ, ਕੁਛ ਸੰਸਾਰਕ ਪ੍ਰਭੁਤਾ ਮਿਲ ਜਾਂਦੀ ਹੈ। ਸੰਸਾਰਕ ਸੁਖ ਜਿਸ ਦੇ ਜੀਵਨ ਦਾ ਲਕਸ਼ ਹੈ, ਪਰਿਵਾਰਕ ਸੁਖ ਜਿਸਦੇ ਜੀਵਨ ਦਾ ਲਕਸ਼ ਹੈ, ਸਰੀਰਕ ਸੁਖ ਜਿਸਦੇ ਜੀਵਨ ਦਾ ਲਕਸ਼ ਹੈ, ਕਾਰੋਬਾਰੀ ਸੁਖ ਜਿਸਦੇ ਜੀਵਨ ਦਾ ਲਕਸ਼ ਹੈ, ਬਸ ਉਸੇ ਨੂੰ ਹੀ ਸੰਸਾਰੀ ਕਹਿੰਦੇ ਨੇ। ਸੰਸਾਰ ਤੋਂ ਵੀ ਅੱਗੇ ਕੁਛ ਸੁਖ ਹੈ, ਇਹ ਅਜੇ ਉਸਦੀ ਸੋਚਣੀ ਵਿਚ ਨਹੀਂ ਆਇਆ। ਅਜੇ ਇਸ ਤੋਂ ਅੱਗੇ ਇਸਦੀ ਸੋਚਣੀ ਜਾ ਹੀ ਨਹੀਂ ਸਕਦੀ, ਗਈ ਹੀ ਨਹੀਂ; ਕਿਉਂਕਿ ਸੋਚਦਾ ਹੈ ਕੇਵਲ ਧਨ ਲਈ, ਪ੍ਰਭੁਤਾ, ਕਾਰੋਬਾਰ ਤੇ ਪਰਿਵਾਰ ਲਈ। ਇਸ ਤੋਂ ਅੱਗੇ ਇਸ ਦੀ ਸੋਚਣੀ ਗਈ ਹੀ ਨਹੀਂ, ਕਿਉਂਕਿ ਸੰਸਾਰੀ ਏ।

ਬੜੇ ਬੜੇ ਇਹ ਸੰਸਾਰੀ, ਬਜ਼ਾਰਾਂ ਵਿਚ ਮਿਲਣਗੇ; ਦਫ਼ਤਰਾਂ, ਕਾਰਖ਼ਾਨਿਆਂ, ਫ਼ੈਕਟਰੀਆਂ, ਦੁਕਾਨਾਂ 'ਤੇ ਮਿਲਣਗੇ, ਪਰ ਬਦਕਿਸਮਤੀ ਹੈ ਕਿ ਬੜੇ ਬੜੇ ਸੰਸਾਰੀ—ਮੰਦਿਰ, ਮਸਜਿਦ, ਚਰਚ ਅਤੇ ਗੁਰਦੁਆਰਿਆਂ ਵਿਚ ਵੀ ਮਿਲਣਗੇ। ਹੈਨ ਸਭ ਸੰਸਾਰੀ। ਜਿਤਨਾ ਚਿਰ ਕਾਮਨਾ ਸੰਸਾਰ ਦੀ ਹੈ, ਕੁਛ ਵੀ ਕਰੀਏ—ਸੰਸਾਰੀ ਹੈ; ਔਰ ਸੰਸਾਰ ਝੂਠ ਹੈ—ਕੂੜ ਸਭ ਸੰਸਾਰ :

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥...
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥
(ਵਾਰ ਆਸਾ ਮ: ੧, ਪੰਨਾ 468)

ਝੂਠ ਤੇ ਕੂੜ ਉਸ ਨੂੰ ਕਹਿੰਦੇ ਨੇ, ਜੋ ਅੱਜ ਤਾਂ ਹੈ, ਕੱਲ ਨਹੀਂ। ਪਕੜਨ ਦੀ ਕੋਸ਼ਿਸ਼ ਕਰਾਂਗੇ, ਹੱਥੋਂ ਇਸ ਤਰ੍ਹਾਂ ਨਿਕਲ ਜਾਏਗਾ, ਜਿਵੇਂ ਹਵਾ ਨੂੰ ਪਕੜਨ ਦੀ ਕੋਸ਼ਿਸ਼ ਕਰੀਏ ਤਾਂ ਹਵਾ ਹੱਥੋਂ ਨਿਕਲ ਜਾਂਦੀ ਹੈ। ਜੀਵਨ ਪਕੜਨ ਦੀ ਕੋਸ਼ਿਸ਼ ਕਰੀਏ, ਜੀਵਨ ਹੱਥੋਂ ਨਿਕਲ ਜਾਂਦਾ ਹੈ। ਜਵਾਨੀ ਨੂੰ ਪਕੜਨ ਦੀ ਕੋਸ਼ਿਸ਼ ਕਰੀਏ, ਜਵਾਨੀ ਹੱਥੋਂ ਨਿਕਲ ਜਾਂਦੀ ਹੈ। ਔਰ ਜਦ ਜੀਵਨ ਤੇ ਜਵਾਨੀ ਹੱਥੋਂ ਨਿਕਲ ਜਾਂਦੀ ਹੈ, ਤੋ ਬਾਕੀ ਐਸਾ ਕੀ ਹੈ ਜੋ ਹੱਥਾਂ ਵਿਚ ਰਹਿ ਜਾਏਗਾ। ਜਦ ਜੀਵਨ ਹੀ ਚਲਾ ਗਿਆ ਤਾਂ ਬਾਕੀ ਕੀ ਰਹਿ ਜਾਏਗਾ।

ਸੰਸਾਰੀ ਜੋ ਸੰਸਾਰ ਤੋਂ ਉੱਚਾ ਉਠਣ ਬਾਰੇ ਸੋਚਦਾ ਹੀ ਨਹੀਂ; ਸੰਸਾਰ ਤੋਂ ਅਲੱਗ ਹੋ ਕੇ ਉਸ ਦੀਆਂ ਯਾਦਾਂ ਵਿਚ ਕੁਛ ਚਲਦਾ ਹੀ ਨਹੀਂ। ਜੋ ਕੇਵਲ ਸੰਸਾਰ ਦੀ ਸੋਚਦਾ ਹੈ, ਸੰਸਾਰ ਦਾ ਹੀ ਚਿੰਤਨ ਕਰਦਾ ਹੈ, ਇਹੀ ਉਸਦੇ ਜੀਵਨ ਦਾ ਲਕਸ਼ ਹੈ ਤੇ ਇਸੇ ਲਈ ਉਹ ਉੱਦਮ ਕਰਦਾ ਹੈ। ਹੋ ਸਕਦਾ ਹੈ ਕਿ ਉਹ ਸੰਸਾਰ ਦੀ ਦੁਨੀਆ ਵਿਚ ਬਹੁਤ ਅੱਗੇ ਲੰਘ ਜਾਏ, ਚੋਟੀ ਦਾ ਧਨਾਢ ਬਣ ਜਾਏ, ਚੋਟੀ ਦਾ ਰਾਜਨੀਤਿਕ ਹੋ ਜਾਏ, ਹੁਕਮਰਾਨ ਹੋ ਜਾਏ, ਚੋਟੀ ਦਾ ਦੁਨਿਆਵੀ ਤੌਰ 'ਤੇ ਸ਼ਕਤੀਸ਼ਾਲੀ ਹੋ ਜਾਏ, ਲੇਕਿਨ ਜਿਤਨਾ ਕੋਈ ਸੰਸਾਰ ਵਿਚ ਅੱਗੇ ਲੰਘ ਜਾਏ, ਇਹ ਦੇਖਣ ਵਿਚ ਆਇਆ ਹੈ ਕਿ ਧਰਮ ਅਤੇ ਨਿਰੰਕਾਰ ਦੇ ਜਗਤ ਵਿਚ ਉਤਨਾ ਹੀ ਪਿੱਛੇ ਚਲਿਆ ਜਾਂਦਾ ਹੈ।

ਤੋ ਧਨ ਦੀ ਦੁਨੀਆ ਵਿਚ ਜੋ ਜਿਤਨਾ ਅੱਗੇ ਲੰਘ ਜਾਂਦਾ ਹੈ, ਧਰਮ ਦੀ ਦੁਨੀਆ ਵਿਚ ਉਹ ਉਤਨਾ ਹੀ ਪੱਛੜ ਜਾਂਦਾ ਹੈ। ਇਹ ਕੋਈ ਇਕ ਅੱਧ ਹੀ ਹੁੰਦਾ ਹੈ, ਇਕ ਅੱਧ ਘਟਨਾ ਕਿ ਕੋਈ ਧਨ ਦੇ ਵਿਚ ਅੱਗੇ ਹੋ ਗਿਆ ਤੇ ਨਾਲ ਹੀ ਧਰਮ ਵਿਚ ਵੀ ਅੱਗੇ ਹੋ ਗਿਆ; ਸੰਸਾਰ ਵਿਚ ਅੱਗੇ ਹੋ ਗਿਆ ਤੇ ਨਾਲ ਹੀ ਨਿਰੰਕਾਰ ਵਿਚ ਵੀ ਅੱਗੇ ਹੋ ਗਿਆ। ਸਾਰੇ ਮਹਾਰਾਜਾ ਰਣਜੀਤ ਸਿੰਘ ਤੇ ਰਾਜਾ ਜਨਕ ਵਰਗੇ ਨਹੀਂ ਹੁੰਦੇ। ਤੋ ਧਨ ਦੇ ਵਿਚ ਜੋ ਅੱਗੇ ਲੰਘ ਗਿਆ, ਧਰਮ ਦੀ ਦੁਨੀਆ ਵਿਚ ਬਹੁਤ ਪੱਛੜ ਗਿਆ। ਰਾਜਨੀਤੀ ਵਿਚ ਤੇ ਹੁਕਮਰਾਨੀ ਵਿਚ ਜੋ ਬਹੁਤ ਅੱਗੇ ਲੰਘ ਗਿਆ, ਧਰਮ ਦੇ ਵਿਚ ਬਹੁਤ ਪੱਛੜ ਗਿਆ। ਬਿਨਾਂ ਹੇਰੀ-ਫੇਰੀ, ਬਿਨਾਂ ਉਤਾਰ-ਚੜ੍ਹਾਉ, ਬਿਨਾਂ ਝੂਠ ਤੇ ਬਿਨਾਂ ਬੇਈਮਾਨੀ ਤੋਂ ਪ੍ਰਭੁਤਾ ਵਿਚ ਅੱਗੇ ਹੋਣਾ ਔਰ ਧਨ ਸੰਪਦਾ ਵਿਚ ਇਤਨਾ ਅੱਗੇ ਹੋਣਾ ਕਠਿਨ ਹੈ, ਬਹੁਤ ਕਠਿਨ ਹੈ। ਗੁਰੂ ਨਾਨਕ ਦੇਵ ਜੀ ਤਾਂ ਕਹਿੰਦੇ ਨੇ:

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥

(ਆਸਾ ਮ: ੧, ਪੰਨਾ 417)

ਬਿਨਾਂ ਪਾਪਾਂ ਤੋਂ ਤਾਂ ਮਾਇਆ ਇਕੱਠੀ ਨਹੀਂ ਹੁੰਦੀ ਔਰ ਮਰਨ ਤੋਂ ਬਾਅਦ

ਸਾਥ ਨਹੀਂ ਦੇਂਦੀ। ਜੋ ਜਿਤਨਾ ਵੱਡਾ ਪਾਪੀ, ਉਹ ਉਤਨਾ ਵੱਡਾ ਧਨਵਾਨ। ਚੋਟੀ ਦਾ ਧਨਵਾਨ, ਚੋਟੀ ਦਾ ਬੇਈਮਾਨ; ਚੋਟੀ ਦਾ ਧਨਵਾਨ, ਚੋਟੀ ਦਾ ਪਾਪੀ। ਇਹ ਵੀ ਕੋਈ ਇਕ ਅੱਧ ਘਟਨਾ ਕਿ ਚੋਟੀ ਦਾ ਧਨਵਾਨ, ਚੋਟੀ ਦਾ ਧਾਰਮਿਕ ਹੈ; ਸਿਖਰ 'ਤੇ ਪਹੁੰਚਿਆ ਹੋਇਆ ਰਾਜਨੀਤਿਕ ਹੈ ਪਰ ਪਹੁੰਚਿਆ ਹੋਇਆ ਰਿਸ਼ੀ ਵੀ ਹੈ, ਧਾਰਮਿਕ ਹੈ। ਪਰ ਐਸਾ ਹੁੰਦਾ ਨਹੀਂ, ਕਿਧਰੇ ਇਕ ਅੱਧ ਘਟਨਾ ਘਟਦੀ ਹੈ।

ਆਮ ਮਨੁੱਖ ਜੋ ਸੰਸਾਰ ਵਿਚ ਬਹੁਤ ਅੱਗੇ ਲੰਘ ਜਾਂਦਾ ਹੈ, ਉਹ ਪੱਛੜ ਜਾਂਦਾ ਹੈ, ਕਿਉਂਕਿ ਸੰਸਾਰ ਵਿਚ ਅੱਗੇ ਲੰਘਣ ਲਈ ਪ੍ਰਬਲ ਮੋਹ ਚਾਹੀਦਾ ਹੈ, ਪ੍ਰਬਲ ਲੋਭ ਚਾਹੀਦਾ ਹੈ। ਤੇ ਲੋਭ ਮੋਹ ਨਾਲ ਗ੍ਰਸਿਆ ਹੋਇਆ ਮਨੁੱਖ ਸੰਤ ਕਿਵੇਂ ਹੋਵੇਗਾ, ਭਗਤ ਕਿਵੇਂ ਹੋਵੇਗਾ। ਇਹ ਤਾਂ ਸੰਸਾਰੀ ਹੈ ਔਰ ਸੰਸਾਰੀ ਹਮੇਸ਼ਾ ਭਰਮ ਵਿਚ ਜਿਊਂਦਾ ਹੈ। ਭਾਵ :

ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥

(ਆਸਾ ਮ: ੯, ਪੰਨਾ 411)

ਪਰਿਵਾਰ ਵਿਚ ਸੁਖ ਮੰਨ ਲੈਂਦਾ ਹੈ ਤੇ ਪਰਿਵਾਰਕ ਸੁਖ ਉਸਦੀ ਜੀਵਨੀ ਦਾ ਲਕਸ਼ ਬਣ ਜਾਂਦਾ ਹੈ ਔਰ ਸਹਿਜੇ ਸਹਿਜੇ ਸਾਰੇ ਸੁਖ, ਦੁਖ ਹੀ ਬਣ ਜਾਂਦੇ ਨੇ। ਪਦਾਰਥਾਂ ਵਿਚ ਸੁਖ ਮੰਨ ਲੈਂਦਾ ਹੈ ਤੇ ਪਦਾਰਥ ਹੀ ਜੀਵਨ ਦਾ ਲਕਸ਼ ਬਣ ਜਾਂਦਾ ਹੈ ਤੇ ਸਹਿਜੇ ਸਹਿਜੇ ਸਾਰੇ ਪਦਾਰਥਾਂ ਦਾ ਭੋਗ ਦੁਖਾਂ ਦਾ ਕਾਰਨ ਬਣ ਜਾਂਦਾ ਹੈ :

ਖਸਮੁ ਵਿਸਾਰਿ ਕੀਏ ਰਸ ਭੋਗ॥
ਤਾਂ ਤਨਿ ਉਠਿ ਖਲੋਏ ਰੋਗ॥ *(ਮਲਾਰ ਮ: ੧, ਪੰਨਾ 1256)*

ਬਹੁਤ ਵੱਡੀ ਪ੍ਰਭੁਤਾ ਬੜਾ ਵੱਡਾ ਅਹੰਕਾਰੀ ਬਣਾ ਦਿੰਦੀ ਹੈ ਔਰ ਕਹਿੰਦੇ ਨੇ ਕਿ ਭ੍ਰਿਸ਼ਟ ਹੋਣ ਲਈ ਸੱਤਾ ਚਾਹੀਦੀ ਹੈ। ਕਮਜ਼ੋਰ ਮਨੁੱਖ ਭ੍ਰਿਸ਼ਟ ਨਹੀਂ ਹੋ ਸਕਦਾ। ਜਗਤ ਵਿਚ ਤਾਕਤਵਰ ਮਨੁੱਖ ਹੀ ਭ੍ਰਿਸ਼ਟ ਹੁੰਦੇ ਨੇ। ਕਮਜ਼ੋਰ ਮਨੁੱਖ ਕੋਲ ਭ੍ਰਿਸ਼ਟ ਹੋਣ ਲਈ ਅਵਸਰ ਹੀ ਨਹੀਂ ਹੈ। ਇਤਨੀ ਸ਼ਕਤੀ ਕਿਥੋਂ ? ਸ਼ਕਤੀ ਚਾਹੀਦੀ ਹੈ, ਸੱਤਾ ਚਾਹੀਦੀ ਹੈ। ਭ੍ਰਿਸ਼ਟ ਹੋਣ ਵਾਸਤੇ ਤਾਕਤ ਚਾਹੀਦੀ ਹੈ। ਤੇ ਸੰਸਾਰ ਵਿਚ ਜੋ ਜਿਤਨਾ ਅੱਗੇ ਲੰਘ ਗਿਆ, ਉਹ ਉਤਨਾ ਹੀ ਜ਼ਿਆਦਾ ਭ੍ਰਿਸ਼ਟ ਹੈ; ਸੰਸਾਰ ਵਿਚ ਜੋ ਅੱਗੇ ਲੰਘ ਗਿਆ, ਉਤਨਾ ਹੀ ਚਿੰਤਾਤੁਰ ਹੈ :

ਵਡੇ ਵਡੇ ਜੋ ਦੀਸਹਿ ਲੋਗ॥
ਤਿਨ ਕਉ ਬਿਆਪੈ ਚਿੰਤਾ ਰੋਗ॥ *(ਗਉੜੀ ਮ: ੫, ਪੰਨਾ 188)*

ਔਰ ਸੰਸਾਰ ਵਿਚ ਜੋ ਧਨ ਦੀ ਦੁਨੀਆ ਵਿਚ ਜਿਤਨਾ ਅੱਗੇ ਵਧ ਗਿਆ ਹੈ, ਉਤਨਾ ਹੀ ਪਾਪੀ ਹੈ:

ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥

ਤੋ ਇਸ ਤਰੀਕੇ ਨਾਲ ਅਸੀਂ ਉਸ ਨੂੰ ਸੰਸਾਰੀ ਕਹਿ ਸਕਦੇ ਹਾਂ, ਜਿਸਦੀ ਨਮਾਜ਼, ਜਿਸਦੀ ਪਾਠ-ਪੂਜਾ, ਗੁਰਦੁਆਰੇ ਆਉਣਾ, ਸਭ ਕਾਮਨਾਵਾਂ ਨਾਲ ਗ੍ਰਸਿਆ ਹੋਇਆ ਹੋਵੇ ਤੇ ਕਾਮਨਾਵਾਂ ਵੀ ਸੰਸਾਰ ਦੀਆਂ। ਸੰਸਾਰੀ ਮਨੁੱਖ ਬਹੁਤਾਤ ਵਿਚ ਮੰਦਿਰ, ਮਸਜਿਦ ਤੇ ਗੁਰਦੁਆਰਿਆਂ ਵਿਚ ਬੈਠਨ ਤਾਂ ਇਹ ਲੋਗ ਮੰਦਿਰ, ਮਸਜਿਦ ਤੇ ਗੁਰਦੁਆਰਿਆਂ ਨੂੰ ਵੀ ਮਾਰਕੀਟ ਬਣਾ ਕੇ ਰੱਖ ਦੇਣ, ਰਾਜਨੀਤੀ ਦਾ ਅਖਾੜਾ ਬਣਾ ਕੇ ਰੱਖ ਦੇਣ, ਪਰਿਵਾਰ ਦਾ ਅੱਡਾ ਬਣਾ ਕੇ ਰੱਖ ਦੇਣ, ਕਿਉਂਕਿ ਸੰਸਾਰੀ ਨੇ। ਔਰ ਇਹ ਬਹੁ-ਗਿਣਤੀ ਵਿਚ ਮੰਦਿਰਾਂ, ਮਸਜਿਦਾਂ, ਚਰਚਾਂ, ਗੁਰਦੁਆਰਿਆਂ ਵਿਚ ਛਾ ਗਏ ਨੇ ਔਰ ਸਾਰੇ ਧਾਰਮਿਕ ਮੰਦਿਰ ਸੰਸਾਰ ਦਾ ਨਕਸ਼ਾ ਪੇਸ਼ ਕਰਦੇ ਨੇ, ਸੰਸਾਰ ਦੇ ਹਾਲਾਤ ਪੇਸ਼ ਕਰਦੇ ਨੇ।

ਸੰਸਾਰ ਵਿਚ ਜੋ ਲੜਾਈ-ਝਗੜੇ ਨੇ, ਉਹੀ ਲੜਾਈ-ਝਗੜੇ ਧਾਰਮਿਕ ਮੰਦਿਰਾਂ ਵਿਚ ਨੇ। ਜੋ ਸੰਸਾਰ ਵਿਚ ਬੇਈਮਾਨੀ ਹੈ, ਉਹੀ ਬੇਈਮਾਨੀ ਧਾਰਮਿਕ ਮੰਦਿਰਾਂ ਵਿਚ ਦੇਖਣ ਨੂੰ ਮਿਲਦੀ ਹੈ। ਜੋ ਸੰਸਾਰ ਵਿਚ ਚੋਰੀ-ਯਾਰੀ ਹੈ, ਉਹੀ ਧਾਰਮਿਕ ਮੰਦਿਰਾਂ ਵਿਚ ਹੈ। ਅਨੰਤ ਕਾਲ ਤੋਂ ਐਸਾ ਚੱਲ ਰਿਹਾ ਹੈ ਔਰ ਜ਼ਿਆਦਾ ਤਾਦਾਦ ਸੰਸਾਰੀਆਂ ਦੀ ਹੈ, ਸੁੱਤਿਆਂ ਹੋਇਆਂ ਦੀ ਹੈ, ਇਹ ਸੁੱਤੇ ਪਏ ਨੇ:

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥

ਜਾਗ੍ਰਤੀ ਬਿਲਕੁਲ ਨਹੀਂ ਹੈ। ਇਹ ਘੂਕ ਸੁੱਤੇ ਹੋਏ ਨੇ, ਇਸ ਵਾਸਤੇ ਧਾਰਮਿਕ ਦੁਨੀਆ ਵਿਚ ਹਰਕਤ ਨਹੀਂ ਹੈ, ਕਿਉਂਕਿ ਸੁੱਤਾ ਹੋਇਆ ਮਨੁੱਖ ਕਿਸ ਤਰ੍ਹਾਂ ਚਲੇਗਾ। ਧਰਮ ਦੇ ਜਗਤ ਵਿਚ ਕੋਈ ਜਾਗਿਆ ਹੋਇਆ ਮਨੁੱਖ ਹੀ ਚੱਲ ਸਕਦਾ ਹੈ, ਸੁੱਤਾ ਹੋਇਆ ਨਹੀਂ। ਕਹਿ ਸਕਦੇ ਹਾਂ ਕਿ ਜੋ ਪੂਰਨ ਤੌਰ 'ਤੇ ਸੁੱਤਾ ਹੋਇਆ ਹੈ, ਸੰਸਾਰੀ ਹੈ, ਔਰ ਜੋ ਪੂਰਨ ਤੌਰ 'ਤੇ ਜਾਗਿਆ ਹੋਇਆ ਹੈ—ਭਗਤ ਹੈ, ਸੰਤ ਹੈ, ਬ੍ਰਹਮ ਗਿਆਨੀ ਹੈ, ਖ਼ਾਲਸਾ ਹੈ।

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥

•

ਜਗਿਆਸੂ

ਸੰਸਾਰੀ—ਜਿਸਦੇ ਜੀਵਨ ਦਾ ਲਕਸ਼ ਸੰਸਾਰ ਹੈ, ਸੰਸਾਰ ਹੀ ਸਭ ਕੁਛ ਹੈ, ਸੰਸਾਰ ਤੋਂ ਉਪਰ ਹੋਰ ਕੁਛ ਵੀ ਨਹੀਂ। ਸੰਸਾਰ ਵਿਚ ਪਰਿਵਾਰ ਹੈ, ਪਦਾਰਥ ਨੇ, ਪ੍ਰਭੁਤਾ ਹੈ, ਜਸ ਹੈ, ਧਨ ਸੰਪਦਾ ਹੈ, ਬਸ ਇਹੀ ਜੀਵਨ ਦਾ ਲਕਸ਼ ਹੈ— ਸੰਸਾਰੀ ਹੈ। ਪਰ ਜਿਸ ਦਿਨ ਬੋਧ ਹੋ ਜਾਂਦਾ ਹੈ, ਸੰਸਾਰ ਦੀ ਅਸਲੀਅਤ ਦਾ ਪਤਾ ਚੱਲ ਜਾਂਦਾ ਹੈ, ਉਸ ਦਿਨ ਮਨੁੱਖ ਦੇ ਅੰਦਰ ਨਿਰੰਕਾਰ ਦੀ ਜਗਿਆਸਾ ਜਾਗ ਪੈਂਦੀ ਹੈ, ਉਸੇ ਨੂੰ ਕਹਿੰਦੇ ਨੇ ਜਗਿਆਸੂ। ਇਹ ਹੁਣ ਦੁਨੀਆਦਾਰ ਨਹੀਂ ਹੈ। ਇਸ ਦੇ ਅੰਦਰ ਹੁਣ ਕੁਝ ਸਿੱਖਣ ਦੀ ਲਾਲਸਾ ਪੈਦਾ ਹੋ ਗਈ ਹੈ, ਚਾਹਤ ਪੈਦਾ ਹੋ ਗਈ ਹੈ। ਇਹ ਹੁਣ ਸਿਖ ਬਣਨਾ ਚਾਹੁੰਦਾ ਹੈ, ਸਿੱਖਣਾ ਚਾਹੁੰਦਾ ਹੈ, ਜਾਣਨਾ ਚਾਹੁੰਦਾ ਹੈ; ਜਗਿਆਸਾ ਪੈਦਾ ਹੋ ਗਈ ਹੈ। ਇਹ ਜਗਿਆਸਾ ਮਨੁੱਖ ਦੇ ਅੰਦਰ ਸੰਸਾਰ ਦੇ ਗਿਆਨ ਤੋਂ ਪੈਦਾ ਹੁੰਦੀ ਹੈ। ਗਿਆਨ ਤਾਂ ਲਾਜ਼ਮੀ ਹੈ, ਪਰ ਪ੍ਰਸ਼ਨ ਪੈਦਾ ਹੋਏਗਾ ਕਿ ਸੰਸਾਰ ਦਾ ਗਿਆਨ ਕੀ ਹੈ ? ਸੰਸਾਰ ਇਕ ਦੁਖ ਰੂਪ ਹੈ, ਤੇ ਜਿਸ ਦਿਨ ਇਸ ਨੂੰ ਪਤਾ ਚੱਲ ਜਾਏ ਕਿ ਸੰਸਾਰ ਦੁਖ ਹੈ, ਸਮਝੋ ਕਿ ਇਹ ਸੰਸਾਰ ਦਾ ਗਿਆਨੀ ਹੋ ਗਿਆ। ਨਿਰੰਕਾਰ ਦਾ ਸਿੱਧੇ ਤੌਰ 'ਤੇ ਗਿਆਨੀ ਹੋਣਾ ਬਹੁਤ ਔਖਾ ਹੈ। ਬ੍ਰਹਮ ਦੇ ਬ੍ਰਹਮ ਗਿਆਨ ਦਾ ਬ੍ਰਹਮ ਗਿਆਨੀ ਹੋਣਾ ਬਹੁਤ ਕਠਿਨ ਹੈ। ਪਰਮਾਤਮਾ ਦਾ ਗਿਆਨੀ ਸਿੱਧੇ ਰੂਪ ਵਿਚ ਹੋਣਾ ਬਹੁਤ ਕਠਿਨ ਹੈ। ਪਹਿਲੇ ਪਦਾਰਥਾਂ ਦਾ ਗਿਆਨੀ ਤਾਂ ਬਣੇ; ਪਹਿਲੇ ਧਨ, ਪਦਾਰਥਾਂ ਦਾ ਗਿਆਨੀ ਤਾਂ ਬਣੇ; ਧਨ ਸੰਪਦਾ ਦਾ ਗਿਆਨੀ ਤਾਂ ਬਣੇ; ਪਹਿਲੇ ਪਰਿਵਾਰ ਤੇ ਸੰਸਾਰ ਦਾ ਬ੍ਰਹਮ ਗਿਆਨੀ ਤਾਂ ਬਣੇ, ਫਿਰ ਕਿਧਰੇ ਜਾ ਕੇ ਇਹ ਨਿਰੰਕਾਰ ਦਾ ਗਿਆਨੀ ਬਣਨ ਬਾਰੇ ਸੋਚੇ। ਔਰ ਇਹ ਲਾਜ਼ਮੀ ਹੈ। ਠੀਕ ਹੈ, ਇਹ ਵੱਡੀਆਂ ਵੱਡੀਆਂ ਕਿਤਾਬਾਂ ਤਾਂ ਪੜ੍ਹ ਸਕਦਾ ਹੈ, ਵੱਡੇ ਵੱਡੇ ਗ੍ਰੰਥ ਤਾਂ ਪੜ੍ਹ ਸਕਦਾ ਹੈ, ਪਰ ਸ਼ੁਰੂਆਤ ਤਾਂ ਊੜੇ ਐੜੇ ਤੋਂ ਹੀ ਕਰਨੀ ਪਏਗੀ; ਏ, ਬੀ, ਸੀ, ਤੋਂ ਕਰਨੀ ਪਏਗੀ; ਕ, ਖ, ਗ ਤੋਂ ਕਰਨੀ ਪਏਗੀ; ਅਲਫ਼, ਬੇ ਤੋਂ ਕਰਨੀ ਪਏਗੀ। ਠੀਕ ਹੈ, ਨਿਰੰਕਾਰ ਦਾ ਗਿਆਨੀ ਹੋ ਸਕਦਾ ਹੈ, ਬ੍ਰਹਮ ਗਿਆਨੀ ਹੋ ਸਕਦਾ ਹੈ, ਸਿਖਰ 'ਤੇ ਪਹੁੰਚ ਸਕਦਾ ਏ, ਪਰ ਯਾਤਰਾ ਤਾਂ ਸੰਸਾਰ ਤੋਂ ਸ਼ੁਰੂ ਕਰਨੀ ਪਏਗੀ। ਜਿਨ੍ਹਾਂ ਕੋਲ ਸੰਸਾਰ ਦਾ ਗਿਆਨ ਵੀ ਨਹੀਂ, ਉਨ੍ਹਾਂ

ਨੂੰ ਸੰਸਾਰੀ ਕਹਿੰਦੇ ਨੇ, ਪਰ ਜਿਨ੍ਹਾਂ ਕੋਲ ਸੰਸਾਰ ਦਾ ਗਿਆਨ ਆ ਗਿਆ, ਉਹ ਫਿਰ ਜਗਿਆਸੂ ਬਣ ਜਾਂਦੇ ਨੇ, ਉਨ੍ਹਾਂ ਦੇ ਅੰਦਰ ਪਰਮਾਤਮਾ ਦੀ ਜਗਿਆਸਾ ਪੈਦਾ ਹੋ ਜਾਂਦੀ ਹੈ। ਕਿਉਂਕਿ ਉਨ੍ਹਾਂ ਨੂੰ ਸਮਝ ਆ ਜਾਂਦੀ ਹੈ ਕਿ ਪਦਾਰਥ ਦੁਖ ਨੇ। ਉਨ੍ਹਾਂ ਦੇ ਅੰਦਰ ਨਿਰੰਕਾਰ ਦੀ ਜਗਿਆਸਾ ਪੈਦਾ ਹੋ ਜਾਂਦੀ ਹੈ, ਕਿਉਂਕਿ ਪਰਿਵਾਰ ਨੂੰ ਸਮਝ ਲਿਆ ਹੈ ਕਿ ਪਰਿਵਾਰ ਇਕ ਦੁਖ ਹੈ। ਉਨ੍ਹਾਂ ਦੇ ਅੰਦਰ ਪ੍ਰਭੂ ਦੀ ਲਾਲਸਾ ਪੈਦਾ ਹੋ ਜਾਂਦੀ ਹੈ, ਕਿਉਂਕਿ ਪ੍ਰਭੁਤਾ ਇਕ ਦੁਖ ਹੈ। ਕਹਿੰਦੇ ਨੇ ਕਿ ਬਹੁਤੀ ਵੱਡੀ ਪ੍ਰਭੁਤਾ ਕਰਕੇ, ਬਹੁਤ ਵੱਡੀ ਸ਼ਕਤੀ ਕਰਕੇ ਹੀ ਅੰਦਰ ਦੀ ਕਮਜ਼ੋਰੀ ਦਾ ਪਤਾ ਚਲਦਾ ਹੈ ਕਿ ਮੈਂ ਬਹੁਤ ਕਮਜ਼ੋਰ ਹਾਂ, ਗ਼ੁਲਾਮ ਹਾਂ। ਜਨਮ ਤੋਂ ਹੀ ਗ਼ੁਲਾਮ ਬੰਦੇ ਨੂੰ ਗ਼ੁਲਾਮੀ ਦਾ ਬੋਧ ਨਹੀਂ ਹੁੰਦਾ, ਜੈਸੇ ਕਿ ਜਨਮ ਤੋਂ ਅੰਧੇ ਮਨੁੱਖ ਨੂੰ ਅੰਧੇਰੇ ਦਾ ਗਿਆਨ ਨਹੀਂ ਹੁੰਦਾ, ਕਿਉਂਕਿ ਅੰਧੇਰੇ ਨੂੰ ਵੇਖਣ ਵਾਸਤੇ ਵੀ ਅੱਖਾਂ ਵਿਚ ਚਾਨਣਾ ਚਾਹੀਦਾ ਹੈ। ਗਿਆਨ ਤੋਂ ਬਿਨਾਂ ਸੰਸਾਰ ਨੂੰ ਸਮਝਣਾ ਬਹੁਤ ਔਖਾ ਹੈ। ਸੰਸਾਰ ਦਾ ਗਿਆਨ ਦੁਖਾਂ ਦਾ ਗਿਆਨ ਹੈ, ਕਿਉਂਕਿ ਸਮੁੱਚਾ ਸੰਸਾਰ ਦੁਖ-ਰੂਪ ਹੈ:

ਬਾਲੀ ਰੋਵੈ ਨਾਹਿ ਭਤਾਰੁ ॥
ਨਾਨਕ ਦੁਖੀਆ ਸਭੁ ਸੰਸਾਰੁ ॥ *(ਰਾਮਕਲੀ ਕੀ ਵਾਰ ਮ: ੩, ਪੰਨਾ 954)*

ਜਿਸ ਨੂੰ ਅਜੇ ਸੰਸਾਰ ਦੁਖ-ਰੂਪ ਮਹਿਸੂਸ ਨਹੀਂ ਹੋਇਆ, ਜਿਸ ਕੋਲ ਸੰਸਾਰ ਦਾ ਗਿਆਨ ਨਹੀਂ ਹੈ, ਉਸ ਕੋਲ ਨਿਰੰਕਾਰ ਦਾ ਗਿਆਨ ਤਾਂ ਬੜੀ ਦੂਰ ਦੀ ਗੱਲ ਹੈ। ਤੋ ਅੰਦਰ ਦੀ ਕਮਜ਼ੋਰੀ ਦਾ, ਬਹੁਤੀ ਪ੍ਰਭੁਤਾ, ਬਹੁਤੀ ਸ਼ਕਤੀ ਪ੍ਰਾਪਤ ਕਰ ਕੇ ਹੀ ਪਤਾ ਚਲਦਾ ਹੈ। ਆਪਣੇ ਅੰਦਰ ਦੀ ਅਗਿਆਨਤਾ ਦਾ ਪਤਾ ਵੀ ਬਾਹਰੀ ਅਗਿਆਨਤਾ ਕਰਕੇ ਹੀ ਚਲਦਾ ਹੈ ਅਤੇ ਨਾ-ਸਮਝੀ ਦਾ, ਮੂਰਖਤਾ ਦਾ ਪਤਾ ਵੀ ਅੰਦਰ ਦੀ ਅਗਿਆਨਤਾ ਕਰਕੇ ਹੀ ਚਲਦਾ ਹੈ। ਜਿਸ ਨੂੰ ਅਜੇ ਤਕ ਆਪਣੀ ਅਗਿਆਨਤਾ ਦਾ, ਮੂੜ੍ਹਤਾ ਦਾ ਪਤੀਂ ਨਹੀਂ ਚਲਿਆ ਤਾਂ ਸਮਝੋ ਅਜੇ ਇਹ ਬਾਹਰੋਂ ਵੀ ਮੂਰਖ ਹੈ, ਅਜੇ ਇਸ ਕੋਲ ਬਾਹਰ ਦਾ ਵੀ ਗਿਆਨ ਨਹੀਂ ਹੈ। ਬਾਹਰ ਦਾ ਗਿਆਨ ਜਦ ਹਾਸਲ ਕਰ ਲਿਆ ਤਾਂ ਉਰਦੂ ਦੇ ਮਸ਼ਹੂਰ ਸ਼ਾਇਰ ਜ਼ੌਕ ਨੇ ਕਹਿ ਦਿੱਤਾ—

ਹਮ ਜਾਨਤੇ ਥੇ ਕਿ ਇਲਮ ਸੇ ਕੁਛ ਜਾਨੇਂਗੇ।
ਜਾਨਾ ਤੋ ਯਿਹ ਜਾਨਾ ਕਿ ਜਾਨਾ ਕੁਛ ਭੀ ਨਹੀਂ।

ਮੈਂ ਜਾਣ ਜਾਣ ਕੇ ਇਹ ਜਾਨਿਆ ਕਿ ਮੈਂ ਕੁਛ ਭੀ ਨਹੀਂ ਜਾਣਦਾ। ਤੋ ਜਿਤਨਾ ਬਾਹਰ ਦਾ ਗਿਆਨ ਵਧਦਾ ਹੈ, ਉਤਨਾ ਹੀ ਅੰਦਰ ਦਾ ਅਗਿਆਨ ਪ੍ਰਗਟ ਹੁੰਦਾ ਹੈ, ਨਾ-ਸਮਝੀ ਪ੍ਰਗਟ ਹੋ ਜਾਂਦੀ ਹੈ। ਬਹੁਤ ਵੱਡੇ ਵੱਡੇ ਗਿਆਨੀਆਂ ਨੂੰ ਇਹ ਮਹਿਸੂਸ ਹੋਇਆ ਤੇ ਉਨ੍ਹਾਂ ਨੇ ਆਖਿਆ ਕਿ ਠੀਕ

ਹੈ, ਜਗਤ ਕਹਿ ਰਿਹਾ ਹੈ ਕਿ ਅਸੀਂ ਬਹੁਤ ਵੱਡੇ ਗਿਆਨੀ ਹਾਂ, ਪਰ ਅਜੇ ਗਿਆਨ ਦੇ ਸਾਗਰ (ਪਰਿਪੂਰਨ ਪਰਮਾਤਮਾ) ਵਿੱਚੋਂ ਇਕ ਬੂੰਦ ਦੀ ਵੀ ਪ੍ਰਾਪਤੀ ਨਹੀਂ ਹੋਈ। ਔਰ ਇਤਨੇ ਵੱਡੇ ਸਾਗਰ ਵਿੱਚੋਂ ਇਕ ਬੂੰਦ ਦਾ ਪ੍ਰਾਪਤ ਹੋ ਜਾਣਾ ਕੋਈ ਬਹੁਤ ਵੱਡੀ ਗੱਲ ਨਹੀਂ ਹੈ। ਡਾਕਟਰ ਮੁਹੰਮਦ ਇਕਬਾਲ ਕਹਿੰਦੇ ਨੇ :

ਸਮੁੰਦਰ ਸੇ ਮਿਲੇ ਪਿਆਸੇ ਕੋ ਸ਼ਬਨਮ
ਬਖ਼ੀਲੀ ਹੈ ਯਿਹ ਰੱਜ਼ਾਕੀ ਨਹੀਂ ਹੈ।

ਇਤਨੇ ਵੱਡੇ ਸਾਗਰ ਤੋਂ ਅਗਰ ਇਕ ਬੂੰਦ ਵੀ ਮਿਲੀ ਤਾ ਕੀ ਮਿਲਿਆ ਇਤਨੇ ਵੱਡੇ ਸੰਸਾਰ ਦਾ ਗਿਆਨ ਪ੍ਰਾਪਤ ਕਰ ਕੇ। ਅੱਵਲ ਤਾਂ ਸੰਸਾਰ ਦਾ ਗਿਆਨ ਹੀ ਬਹੁਤ ਵੱਡਾ ਹੈ ਔਰ ਸਾਰੇ ਸੰਸਾਰ ਦਾ ਗਿਆਨ ਪ੍ਰਾਪਤ ਕਰਨਾ ਬੜਾ ਔਖਾ ਹੈ। ਸੰਸਾਰ ਦੇ ਗਿਆਨ ਵਿਚ ਵੀ ਕੋਈ ਕਿਸੇ ਪੱਖ ਦਾ ਗਿਆਨੀ ਹੋਵੇਗਾ, ਕੋਈ ਭੂਗੋਲ, ਕੋਈ ਖਗੋਲ ਸ਼ਾਸਤ੍ਰੀ ਹੋਵੇਗਾ। ਹਰ ਪੱਖ ਦਾ ਤਾਂ ਕੋਈ ਗਿਆਨੀ ਨਹੀਂ ਹੁੰਦਾ। ਅਜੋਕੇ ਸਮੇਂ ਵਿਚ ਮੈਡੀਕਲ ਸਾਇੰਸ ਸਰੀਰ ਦੇ ਵੱਖ ਵੱਖ ਅੰਗਾਂ ਦੇ ਬਾਰੇ ਬਹੁਤ ਗਿਆਨ ਪ੍ਰਾਪਤ ਕਰ ਚੁੱਕੀ ਹੈ, ਬਹੁਤ ਉੱਨਤੀ ਹੋਈ ਹੈ। ਕੋਈ ਦੰਦਾਂ ਦਾ ਡਾਕਟਰ ਹੈ, ਕੋਈ ਅੱਖਾਂ ਦਾ, ਕੋਈ ਕੰਨਾਂ ਦਾ ਡਾਕਟਰ ਹੈ, ਕੋਈ ਗਲੇ ਦਾ, ਕੋਈ ਫੇਫੜਿਆਂ ਦਾ ਡਾਕਟਰ, ਕੋਈ ਦਿਲ ਦਾ, ਕੋਈ ਦਿਮਾਗ਼ ਦਾ। ਇਕ ਇਕ ਅੰਗ ਆਪਣੇ ਆਪ ਵਿਚ ਇਤਨੇ ਰਾਜ਼ ਛੁਪਾਈ ਬੈਠਾ ਹੈ, ਜਿਸ ਨੂੰ ਪੂਰਨ ਤੌਰ 'ਤੇ ਸਮਝਣਾ ਬਹੁਤ ਹੀ ਕਠਿਨ ਹੈ। ਇਸ ਵਾਸਤੇ ਅਸੀਂ ਦੇਖਦੇ ਹਾਂ ਕਿ ਸਰੀਰ ਬਾਰੇ, ਕੋਈ ਡੈਂਟਿਸਟ ਹੈ, ਦੰਦਾਂ ਦਾ ਇਲਾਜ ਕਰ ਰਿਹਾ ਹੈ; ਕੋਈ ਆਈ ਸਪੈਸ਼ਲਿਸਟ ਹੈ, ਅੱਖਾਂ ਦਾ ਇਲਾਜ ਕਰ ਰਿਹਾ ਹੈ; ਕੋਈ ਹਾਰਟ ਸਪੈਸ਼ਲਿਸਟ ਹੈ, ਕੋਈ ਬਰੇਨ ਸਪੈਸ਼ਲਿਸਟ ਹੈ। ਤੋ ਸੰਸਾਰ ਵਿਚ ਵੀ ਅਗਰ ਕੋਈ ਗਿਆਨੀ ਹੈ ਤਾਂ ਕੇਵਲ ਇਕ ਪਖ ਦਾ। ਸਾਰੇ ਦਾ ਸਾਰਾ ਗਿਆਨ ਪ੍ਰਾਪਤ ਕਰਨਾ ਔਖਾ ਹੈ, ਮੁਸ਼ਕਿਲ ਹੈ। ਜੈਸੇ ਕਿਸੇ ਨੇ ਸਾਗਰ ਵਿੱਚੋਂ ਅਗਰ ਇਕ ਬੂੰਦ ਵੀ ਪੀ ਲਈ, ਉਸ ਨੂੰ ਸਾਰੇ ਸਾਗਰ ਦੇ ਸੁਭਾਉ ਦਾ ਪਤਾ ਚੱਲ ਜਾਂਦਾ ਹੈ। ਇਵੇਂ ਹੀ ਅਗਰ ਸੰਸਾਰ ਦਾ ਗਿਆਨ ਕਿਸੇ ਕੋਲ ਇਕ ਬੂੰਦ ਮਾਤਰ ਵੀ ਹੈ, ਤਾਂ ਉਸ ਨੂੰ ਸਾਰੇ ਸੰਸਾਰ ਦਾ ਪਤਾ ਚੱਲ ਜਾਂਦਾ ਹੈ ਕਿ ਸੰਸਾਰ ਇਕ ਦੁਖ ਹੈ। ਗੁਰੂ ਨਾਨਕ ਦੇਵ ਜੀ ਦੀ ਇਹ ਪੰਕਤੀ, ਇਹ ਬੋਲ ਜਗਤ ਪ੍ਰਸਿੱਧ ਹੈ, ਅੱਜ ਹਰ ਇਕ ਬਸ਼ਰ ਦੀ ਜ਼ਬਾਨ 'ਤੇ ਹੈ :

ਨਾਨਕ ਦੁਖੀਆ ਸਭੁ ਸੰਸਾਰੁ ॥

ਪਰ ਐਸਾ ਸ੍ਵੈਮ ਅਨੁਭਵ ਹੋ ਜਾਂਦਾ ਹੈ, ਸ੍ਵੈਮ ਗਿਆਨ ਹੋ ਜਾਂਦਾ ਹੈ ਕਿ ਜਗਤ ਦੁਖ ਹੈ, ਸੰਸਾਰ ਦੁਖ ਹੈ ਔਰ ਉਸ ਦਿਨ ਹੀ ਇਸ ਦੇ ਅੰਦਰ ਨਿਰੰਕਾਰ ਦੀ ਜਗਿਆਸਾ ਪੈਦਾ ਹੁੰਦੀ ਹੈ। ਤੋ ਬਹੁਤ ਵੱਡਾ ਗਿਆਨ ਪ੍ਰਾਪਤ ਕਰ ਕੇ ਹੀ

ਅੰਦਰ ਦੀ ਅਗਿਆਨਤਾ ਦਾ ਪਤਾ ਚਲਦਾ ਹੈ। ਬਹੁਤ ਵੱਡੀ ਸ਼ਕਤੀ (ਤਾਕਤ) ਪ੍ਰਾਪਤ ਕਰ ਕੇ ਹੀ ਅੰਦਰ ਦੀ ਕਮਜ਼ੋਰੀ ਦਾ ਪਤਾ ਚਲਦਾ ਹੈ, ਔਰ ਬਹੁਤ ਚੋਖਾ ਧਨ ਪ੍ਰਾਪਤ ਕਰ ਕੇ ਹੀ ਅੰਦਰ ਦੀ ਗ਼ਰੀਬੀ ਦਾ ਪਤਾ ਚਲਦਾ ਹੈ। ਜੋ ਜਿਤਨਾ ਬਾਹਰੋਂ ਧਨਵਾਨ ਹੈ, ਉਹ ਉਤਨਾ ਹੀ ਅੰਦਰੋਂ ਕੰਗਾਲ ਹੈ, ਔਰ ਇਸ ਕੰਗਾਲਤਾ ਦਾ ਬੋਧ ਉਸ ਨੂੰ ਹੁੰਦਾ ਹੈ। ਇਵੇਂ ਹੀ ਜੋ ਬਾਹਰੋਂ ਜਿਤਨਾ ਸ਼ਕਤੀਸ਼ਾਲੀ ਹੈ, ਉਹ ਅੰਦਰੋਂ ਉਤਨਾ ਹੀ ਕਮਜ਼ੋਰ ਹੋਵੇਗਾ। ਕਹਿੰਦੇ ਨੇ, ਚੰਗੇਜ਼ ਖ਼ਾਨ ਰਾਤ ਦੀ ਨੀਂਦ ਸੁਖ ਨਾਲ ਨਹੀਂ ਸੀ ਸੌਂਦਾ। ਭਰੋਸਾ ਵੀ ਕਿਸੇ 'ਤੇ ਨਹੀਂ ਸੀ ਕਰਦਾ। ਉਸਦੇ ਕਮਰੇ ਵਿਚ ਕੋਈ ਰਾਤ ਨੂੰ ਨਹੀਂ ਸੀ ਰਹਿ ਸਕਦਾ। ਉਸ ਨੂੰ ਆਪਣੀ ਇਸਤਰੀ 'ਤੇ ਵੀ ਭਰੋਸਾ ਨਹੀਂ ਸੀ ਕਿ ਕਿਧਰੇ ਰਾਤ ਨੂੰ ਛੁਰਾ ਮਾਰ ਕੇ ਹੀ ਨਾ ਮਾਰ ਦੇਵੇ। ਹਰ ਵਕਤ ਡਰਿਆ ਹੋਇਆ, ਸਹਿਮਿਆ ਹੋਇਆ; ਨੌਕਰਾਂ ਤੋਂ ਡਰਿਆ ਹੋਇਆ, ਮਿੱਤਰਾਂ ਤੋਂ, ਪਰਿਵਾਰ ਤੋਂ ਡਰਿਆ ਹੋਇਆ। ਪਰ ਕਮਾਲ ਦੀ ਗੱਲ ਕਿ ਇਤਨਾ ਸ਼ਕਤੀਸ਼ਾਲੀ! ਲੱਖਾਂ ਬੰਦੇ ਉਸ ਨੇ ਕੱਟ ਦਿੱਤੇ ਤੇ ਅੰਦਰੋਂ ਇਤਨਾ ਭੈ-ਭੀਤ! ਤੋ ਬਹੁਤ ਵੱਡੀ ਤਾਕਤ ਪ੍ਰਾਪਤ ਕਰ ਕੇ ਹੀ ਅੰਦਰ ਦੀ ਕਮਜ਼ੋਰੀ ਦਾ ਪਤਾ ਚਲਦਾ ਹੈ। ਕਹਿੰਦੇ ਨੇ ਹਿਟਲਰ (Hitler) ਵੀ ਸੁਖ ਦੀ ਨੀਂਦ ਨਹੀਂ ਸੀ ਸੌਂ ਸਕਦਾ। ਹਲਾਕੂ ਬਾਰੇ ਵੀ ਐਸੀਆਂ ਹੀ ਕਥਾਵਾਂ ਨੇ। ਮਨੁੱਖ ਨੂੰ ਬਹੁਤ ਵੱਡਾ ਸ਼ਕਤੀਸ਼ਾਲੀ ਹੋ ਕੇ ਹੀ ਅੰਦਰ ਦੀ ਕਮਜ਼ੋਰੀ ਦਾ ਪਤਾ ਚਲਦਾ ਹੈ। ਇਵੇਂ ਹੀ ਬਹੁਤ ਵੱਡਾ ਧਨ ਪ੍ਰਾਪਤ ਕਰ ਕੇ ਹੀ ਅੰਦਰ ਦੀ ਕਮਜ਼ੋਰੀ (ਗ਼ਰੀਬੀ) ਦਾ ਪਤਾ ਚਲਦਾ ਹੈ, ਨਿਰਧਨਤਾ ਦਾ, ਕੰਗਾਲਤਾ ਦਾ ਪਤਾ ਚਲਦਾ ਹੈ। ਬਹੁਤ ਵੱਡਾ ਗਿਆਨ ਪ੍ਰਾਪਤ ਕਰ ਕੇ ਹੀ ਅੰਦਰ ਦੀ ਮੂਰਖ਼ਤਾ ਦਾ ਪਤਾ ਚਲਦਾ ਹੈ। ਮੇਰੀ ਜਾਚੇ, ਇਸ ਸਭ ਕੁਛ ਦੀ ਪ੍ਰਾਪਤੀ ਦਾ ਇਕ ਲਾਭ ਹੈ।—ਕੀ ? ਅੰਦਰ ਦੀ ਕਮਜ਼ੋਰੀ, ਅੰਦਰ ਦੀ ਗ਼ਰੀਬੀ ਦਿਸ ਪੈਂਦੀ ਹੈ, ਅੰਦਰ ਦੀ ਮੂਰਖਤਾ ਦਿਖਾਈ ਦੇ ਜਾਂਦੀ ਹੈ। ਜੇ ਕਿਸੇ ਨੂੰ ਆਪਣੇ ਅੰਦਰ ਦੀ ਮੂਰਖਤਾ ਦਿਖਾਈ ਨਹੀਂ ਦੇ ਰਹੀ, ਇਹ ਦੂਰ ਕਿਵੇਂ ਕਰੇਗਾ ? ਆਪਣੇ ਅੰਦਰ ਦੀ ਗ਼ਰੀਬੀ ਦਿਖਾਈ ਨਹੀਂ ਦੇ ਰਹੀ, ਇਸ ਨੂੰ ਹਟਾਏਗਾ ਕਿਵੇਂ ? ਜੇ ਇਸ ਨੂੰ ਆਪਣੇ ਅੰਦਰ ਦੀ ਗ਼ਰੀਬੀ ਦਿਖਾਈ ਨਹੀਂ ਦੇ ਰਹੀ ਤਾਂ ਇਹ ਅੰਦਰੋਂ ਬਾਦਸ਼ਾਹ ਕਿਵੇਂ ਬਣੇਗਾ, ਇਹ ਕਿਸ ਤਰ੍ਹਾਂ ਮਾਲਾਮਾਲ ਹੋਵੇਗਾ ?

ਤੋ ਸੰਸਾਰ ਦਾ ਗਿਆਨ, ਦੁਖ ਦਾ ਗਿਆਨ ਹੈ। ਜਗਤ ਦੁਖ ਹੈ। ਇਕ ਜਗਤ ਪ੍ਰਸਿੱਧ ਗਾਥਾ ਹੈ—ਸਿਧਾਰਥ (ਰਾਜਕੁਮਾਰ), ਹਰ ਦਿਨ ਐਸ਼ੋ-ਆਰਾਮ ਵਿਚ ਰਹਿਣ ਵਾਲਾ, ਛੱਤੀਸ ਪ੍ਰਕਾਰ ਦੇ ਭੋਜਨ ਛਕਣ ਵਾਲਾ, ਸੁੰਦਰ ਮਹਿਲਾਂ ਵਿਚ ਰਹਿਣ ਵਾਲਾ, ਹਰ ਤਰ੍ਹਾਂ ਦੇ ਸੁਹੱਪਣ ਵਿਚ ਰਹਿਣ ਵਾਲਾ, ਸਮਝ ਬੈਠਾ ਕਿ ਸੰਸਾਰ ਆਨੰਦ ਹੈ, ਸੰਸਾਰ ਸੁਖ ਹੈ। ਲੇਕਿਨ ਸੰਸਾਰ ਦਾ ਜੋ ਦੁਖ ਰੂਪ ਹੈ,

ਉਹ ਅਜੇ ਉਸਦੀ ਸਮਝ ਵਿਚ ਨਹੀਂ ਸੀ ਆਇਆ। ਔਰ ਨਾ ਹੀ ਇਸ ਨੂੰ ਸੰਸਾਰ ਦਾ ਦੁਖ ਰੂਪ ਦੇਖਣ ਨੂੰ ਮਿਲਿਆ ਸੀ। ਇਹ ਦੁਖ ਦਿਖਾਈ ਨਾ ਦੇਵੇ, ਇਹ ਸਭ ਤੋਂ ਵੱਡਾ ਦੁਖ—ਇਹ ਮੌਤ; ਤੋ ਮਰਘਟ, ਸ਼ਮਸ਼ਾਨ-ਘਾਟ ਅਸੀਂ ਸ਼ਹਿਰਾਂ, ਕਸਬਿਆਂ ਤੋਂ ਬਾਹਰ ਦੂਰ ਬਣਾਉਂਦੇ ਹਾਂ, ਤਾਂਕਿ ਮੌਤ ਦਾ ਖ਼ਿਆਲ ਨਾ ਆਵੇ; ਮਰਨ ਦਾ, ਦੁਖ ਦਾ ਖ਼ਿਆਲ ਨਾ ਆਵੇ।

ਮਨੁੱਖ ਸੰਸਾਰ ਤੋਂ ਉਸ ਦਿਨ ਬੈਰਾਗੀ ਹੋਵੇਗਾ, ਜਿਸ ਦਿਨ ਸੰਸਾਰ ਦੇ ਦੁਖ ਦਾ ਉਸਨੂੰ ਗਿਆਨ ਹੋਵੇਗਾ। ਕੋਈ ਜੀਵ ਮਰ ਜਾਏ, ਉਸਦੀ ਮਿਰਤਕ ਦੇਹ ਨੂੰ ਛੇਤੀ ਛੇਤੀ ਕੱਢਦੇ ਹਾਂ, ਤਾਂਕਿ ਛੋਟੇ ਮਾਸੂਮ ਬੱਚਿਆਂ ਦੇ ਹਿਰਦੇ ਵਿਚ ਮੌਤ ਦਾ ਭੈ (ਸਹਿਮ) ਅਸਰ ਨਾ ਕਰ ਜਾਏ। ਕਿਧਰੇ ਇਨ੍ਹਾਂ ਬੱਚਿਆਂ ਨੂੰ ਮੌਤ ਦੀ ਅਸਲੀ ਸੂਰਤ ਦਾ ਪਤਾ ਨਾ ਚੱਲ ਜਾਏ, ਕਿਧਰੇ ਬਹੁਤ ਵੱਡੇ ਰੂਪ ਵਿਚ ਮਾਸੂਮ ਬੱਚਿਆਂ ਦਾ ਹਿਰਦਾ ਗਹਿਰੀ ਚੋਟ ਨਾ ਖਾ ਜਾਏ।

ਤੋ ਸੰਸਾਰ ਦੀ ਸੂਝ-ਬੂਝ ਮਿਲ ਸਕੇ, ਇਹ ਸਾਰੇ ਦਰਵਾਜ਼ੇ ਸਿਧਾਰਥ ਲਈ ਬੰਦ ਸਨ। ਮਾਲੀ ਨੂੰ ਹੁਕਮ ਸੀ ਕਿ ਬਗ਼ੀਚੇ ਵਿਚ ਕੋਈ ਕੁਮਲਾਇਆ ਹੋਇਆ ਫੁੱਲ ਨਹੀਂ ਹੋਣਾ ਚਾਹੀਦਾ ਤਾਂਕਿ ਸਿਧਾਰਥ ਕਿਸੇ ਕੁਮਲਾਏ ਹੋਏ ਫੁੱਲ ਨੂੰ ਦੇਖ ਨਾ ਸਕੇ। ਕੋਚਵਾਨ ਨੂੰ ਤੇ ਸਿਪਾਹੀਆਂ ਨੂੰ ਹੁਕਮ ਸੀ ਕਿ ਜਦ ਇਹ ਸੜਕ ਦੇ ਰਸਤਿਆਂ ਵਿੱਚੋਂ ਲੰਘੇ, ਇਸਦੇ ਸਾਹਮਣੇ ਕੋਈ ਬਿਰਧ ਨਹੀਂ ਹੋਣਾ ਚਾਹੀਦਾ। ਕਿਸੇ ਦੀ ਅਰਥੀ ਵੀ ਨਹੀਂ ਨਿਕਲਣੀ ਚਾਹੀਦੀ। ਕੋਈ ਬੀਮਾਰ ਲਾਗ਼ਰ ਮਨੁੱਖ ਸਾਹਮਣੇ ਨਹੀਂ ਆਉਣਾ ਚਾਹੀਦਾ। ਕਿਤੇ ਐਸਾ ਨਾ ਹੋਵੇ ਕਿ ਸੰਸਾਰ ਦੀ ਅਸਲੀਅਤ ਦਾ ਸਿਧਾਰਥ ਨੂੰ ਪਤਾ ਚਲ ਜਾਏ। ਤੋ ਇਸ ਤਰ੍ਹਾਂ ਸੰਸਾਰ ਦੀ ਸੂਝ-ਬੂਝ ਦੇ ਸਾਰੇ ਦਰਵਾਜ਼ੇ ਸਿਧਾਰਥ ਲਈ ਬੰਦ ਰੱਖੇ ਗਏ। ਸੰਸਾਰ ਦੀ ਸੂਝ-ਬੂਝ ਨੂੰ ਢੱਕ ਦਿੱਤਾ ਗਿਆ। ਜਿਵੇਂ ਕਿਸੇ ਵਗਦੇ ਹੋਏ ਦਰਿਆ ਦੇ ਹੜ੍ਹ ਦਾ ਪਾਣੀ, ਕਿਸੇ ਬੰਨ੍ਹ ਨਾਲ ਰੋਕਿਆ ਜਾਏ, ਇਵੇਂ ਹੀ ਉਸ ਲਈ ਸੰਸਾਰ ਦੀ ਸੂਝ-ਬੂਝ ਨੂੰ ਰੋਕਿਆ ਗਿਆ। ਅਗਰ ਰੋਕਿਆ ਨਾ ਜਾਂਦਾ, ਸ਼ਾਇਦ ਸਹਿਜੇ ਸਹਿਜੇ ਇਹ ਵਹਾਉ ਵਗਦਾ ਰਹਿੰਦਾ। ਥੋੜ੍ਹਾ ਬਹੁਤ ਬੋਧ ਬੰਦੇ ਕੋਲ ਹੁੰਦਾ ਹੈ, ਚੋਟਾਂ ਖਾਂਦਾ ਹੈ, ਲੇਕਿਨ ਫਿਰ ਇਹ ਆਪਣੇ ਮਨ ਨੂੰ ਸਮਝਾ ਲੈਂਦਾ ਹੈ ਕਿ ਅੱਜ ਦੁਖ ਹੈ, ਕੱਲ ਨਹੀਂ ਹੋਵੇਗਾ। ਇਕ ਵਿਦਵਾਨ ਦਾ ਤਾਂ ਐਸਾ ਕਹਿਣਾ ਹੈ ਕਿ ਇਤਨਾ ਵੱਡਾ ਦੁਖ ਇਹ ਜਗਤ ਪਤਾ ਨਹੀਂ ਕਿਵੇਂ ਜੀਅ ਲੈਂਦਾ ਹੈ, ਇਸ ਦਾ ਉੱਤਰ ਵੀ ਉਹ ਆਪ ਹੀ ਦੇਂਦਾ ਹੈ—ਇੱਛਾ ਦੇ ਆਸਰੇ 'ਤੇ, ਆਸਾ ਦੇ ਆਸਰੇ 'ਤੇ ਇਹ ਜੀਅ ਲੈਂਦਾ ਹੈ ਕਿ ਅੱਜ ਦੁਖ ਹੈ, ਸ਼ਾਇਦ ਕੱਲ ਨਾ ਹੋਵੇ। ਪਰ ਕੌਣ ਦੱਸੇ ਕਿ ਸੰਸਾਰ ਇਕ ਦੁਖ ਰੂਪ ਹੈ। ਅਗਰ ਅੱਜ ਦੁਖ ਹੈ ਤੋ ਕੱਲ ਵੀ ਦੁਖ ਹੈ, ਸਦੀਵੀ ਦੁਖ ਹੈ।

ਤੋ ਸੰਸਾਰ ਦੀ ਜਾਣਕਾਰੀ ਦੇ ਸਾਰੇ ਦੁਆਰ ਸਿਧਾਰਥ ਲਈ ਬੰਦ ਕਰ ਦਿੱਤੇ ਗਏ। ਸੰਸਾਰ ਨੂੰ ਜਾਣਨ ਦਾ, ਸੂਝ-ਬੂਝ ਦਾ ਇਹ ਵੇਗ ਰੁਕਿਆ ਰਿਹਾ। ਔਰ ਵਕਤ ਨਾਲ, ਰੁਕਿਆ ਹੋਇਆ ਪਾਣੀ ਦਾ ਇਹ ਵੇਗ ਹੋਰ ਗਹਿਰਾ ਹੋ ਚੁੱਕਾ ਸੀ। ਰਸਤੇ 'ਤੇ ਜਾਂਦਿਆਂ ਅੱਜ ਸਿਧਾਰਥ ਨੇ ਕਿਧਰੇ ਬੀਮਾਰ ਮਨੁੱਖ ਨੂੰ ਵੇਖ ਲਿਆ, ਜੋ ਆਪਣੀ ਝੁੱਗੀ ਵਿਚ ਪਿਆ ਹੈ; ਕੋਈ ਵੈਦ ਉਸਦੀ ਨਬਜ਼ ਦੇਖ ਰਿਹਾ ਹੈ। ਸਿਧਾਰਥ ਕੋਚਵਾਨ ਤੋਂ ਪੁੱਛ ਬੈਠਾ, "ਇਸ ਮਨੁੱਖ ਨੂੰ ਕੀ ਹੋਇਐ ? ਇਹ ਉਠ ਕਿਉਂ ਨਹੀਂ ਸਕਦਾ ?" ਕੋਚਵਾਨ ਨੇ ਉੱਤਰ ਦਿੱਤਾ, "ਐ ਰਾਜਕੁਮਾਰ! ਇਹ ਕਮਜ਼ੋਰ ਹੋ ਚੁੱਕਾ ਹੈ, ਬੀਮਾਰ ਹੋ ਗਿਆ ਹੈ।" "ਕਿਆ ਮਨੁੱਖ ਬੀਮਾਰ ਵੀ ਹੋ ਜਾਂਦਾ ਹੈ ?" "ਹਾਂ, ਹੋ ਜਾਂਦਾ ਹੈ।" ਸਰੀਰ ਹੈ ਤਾਂ ਰੋਗ ਵੀ ਹੈ, ਅਗਰ ਰੋਗ ਨਹੀਂ ਤਾਂ ਫਿਰ ਮਨੁੱਖ ਬੁੱਢਾ ਕਿਵੇਂ ਹੁੰਦਾ ਹੈ, ਅਗਰ ਰੋਗ ਨਹੀਂ ਤਾਂ ਮਨੁੱਖ ਮਰਦਾ ਕਿਸ ਤਰ੍ਹਾਂ ਹੈ, ਰੋਗ ਤਾਂ ਹੈ।

ਕੋਚਵਾਨ ਸਿਆਣਾ ਸੀ, ਸੁਲਝਿਆ ਹੋਇਆ ਸੀ, ਕਹਿਣ ਲੱਗਾ—ਐ ਰਾਜਕੁਮਾਰ! ਸਰੀਰ ਤਾਂ ਹੈ ਹੀ ਰੋਗ। ਜਦ ਰੋਗ ਸੀਮਾ ਵਿਚ ਰਹਿੰਦੇ ਨੇ, ਅਸੀਂ ਤੰਦਰੁਸਤ ਕਹਿੰਦੇ ਹਾਂ ਤੇ ਜਦ ਸੀਮਾ ਤੋਂ ਅੱਗੇ ਆ ਜਾਂਦੇ ਨੇ, ਤਦ ਪੀੜਾ ਦੇਣ ਲੱਗ ਪੈਂਦੇ ਨੇ, ਅਸੀਂ ਕਹਿੰਦੇ ਹਾਂ ਕਿ ਫਲਾਣਾ ਬੀਮਾਰ ਹੋ ਗਿਆ ਹੈ। ਵੈਸੇ ਅਸਲੀਅਤ ਵਿਚ ਸਾਰੇ ਹੀ ਬੀਮਾਰ ਨੇ, ਸਾਰੇ ਹੀ ਰੋਗੀ ਨੇ; ਸਤਿਗੁਰਾਂ ਦੀ ਬਾਣੀ ਦਾ ਫ਼ੁਰਮਾਨ ਹੈ:

ਜੋ ਜੋ ਦੀਸੈ ਸੋ ਸੋ ਰੋਗੀ॥ *(ਭੈਰਉ ਮਹਲਾ ੫, ਪੰਨਾ 1140)*

ਸਭ ਰੋਗੀ ਨੇ, ਅਗਰ ਰੋਗੀ ਨਹੀਂ ਤਾਂ ਫਿਰ ਬੁੱਢੇ ਕਿਸ ਤਰ੍ਹਾਂ ਹੋ ਜਾਂਦੇ ਨੇ; ਰੋਗੀ ਨਹੀਂ ਤਾਂ ਫਿਰ ਮਰ ਕਿਸ ਤਰ੍ਹਾਂ ਜਾਂਦੇ ਨੇ। ਭਾਵੇਂ ਬੀਮਾਰ ਮਨੁੱਖ ਆਮ ਮਨੁੱਖਾਂ ਦੇ ਸਾਹਮਣੇ ਵੀ ਆਉਂਦੇ ਨੇ, ਪਰ ਉਨ੍ਹਾਂ ਦੀ ਜਾਣਕਾਰੀ ਦਾ ਵੇਗ ਮਨ ਕਰਕੇ ਰੋਕਿਆ ਨਹੀਂ ਗਿਆ ਹੁੰਦਾ। ਰਾਜਕੁਮਾਰ ਸਿਧਾਰਥ ਦਾ ਤਾਂ ਰੋਕਿਆ ਗਿਆ ਸੀ, ਇਸ ਵਾਸਤੇ ਉਸਦਾ ਇਕ ਬੀਮਾਰ ਨੂੰ ਦੇਖਣਾ, ਉਸ ਨੂੰ ਆਘਾਤ ਪਹੁੰਚਾ ਗਿਆ, ਬਹੁਤ ਬੜੀ ਭਾਰੀ ਚੋਟ ਕਰ ਗਿਆ।

ਫਿਰ ਇਕ ਦਿਨ ਰਾਜਕੁਮਾਰ ਸਿਧਾਰਥ ਜਦ ਰਥ 'ਤੇ ਬੈਠ ਕੇ ਸੈਰ ਕਰਨ ਜਾ ਰਿਹਾ ਸੀ ਤਾਂ ਉਸਨੇ ਇਕ ਬੁੱਢੇ ਮਨੁੱਖ ਨੂੰ ਵੇਖ ਲਿਆ, ਜਿਹੜਾ ਲਾਠੀ ਦੇ ਸਹਾਰੇ ਚੱਲ ਰਿਹਾ ਸੀ। ਕੋਚਵਾਨ ਤੋਂ ਪੁੱਛਣ 'ਤੇ ਉਸਨੇ ਕਿਹਾ ਕਿ ਐ ਰਾਜਕੁਮਾਰ! ਇਹ ਬੁੱਢਾ ਹੋ ਗਿਆ ਹੈ। "ਕਿਆ ਮਨੁੱਖ ਬੁੱਢਾ ਵੀ ਹੋ ਜਾਂਦਾ ਹੈ ?" "ਹਾਂ, ਸਾਰੇ ਹੀ ਬੁੱਢੇ ਹੋ ਜਾਂਦੇ ਹਨ।" ਸਿਧਾਰਥ ਕੋਚਵਾਨ ਕੋਲੋਂ ਪੁੱਛਦਾ ਹੈ ਕਿ ਕੀ ਮੈਂ ਵੀ ਬੁੱਢਾ ਹੋਵਾਂਗਾ ? ਕੋਚਵਾਨ ਨੇ ਉੱਤਰ ਦਿੱਤਾ ਕਿ ਹਾਂ, ਰਾਜਕੁਮਾਰ, ਤੁਸੀਂ ਵੀ ਇਕ ਦਿਨ ਬੁੱਢੇ ਹੋ ਜਾਉਗੇ। ਹੁਣ ਇਹ ਦੂਜਾ ਆਘਾਤ

ਪਹੁੰਚਿਆ। ਫਿਰ ਇਕ ਦਿਨ ਬਗ਼ੀਚੇ ਵਿਚ ਸਵੇਰੇ ਸਵੇਰੇ ਟਹਿਲਣ ਨੂੰ ਗਿਆ ਤੇ ਇਕ ਕੁਮਾਲਾਇਆ ਹੋਇਆ, ਮੁਰਝਾਇਆ ਹੋਇਆ ਫੁੱਲ ਵੀ ਵੇਖ ਲਿਆ। ਮਾਲੀ ਕੋਲੋਂ ਪੁੱਛ ਬੈਠਾ ਕਿ ਇਹ ਕੈਸਾ ਫੁੱਲ ਹੈ, ਇਹ ਸੁੰਦਰ ਨਹੀਂ ਹੈ, ਬਾਕੀ ਸਾਰੇ ਤਾਂ ਸੁੰਦਰ ਨੇ। ਮਾਲੀ ਨੇ ਉੱਤਰ ਦਿੱਤਾ ਕਿ ਐ ਰਾਜਕੁਮਾਰ! ਇਹ ਕੁਮਲਾ ਗਿਆ ਹੈ। "ਕੀ ਇਹ ਸਾਰੇ ਫੁੱਲ ਕੁਮਲਾ ਜਾਣਗੇ।" "ਹਾਂ, ਸਾਰੇ ਫੁੱਲ ਕੁਮਲਾ ਜਾਣਗੇ।" ਇਹ ਤੀਸਰਾ ਆਘਾਤ ਪਹੁੰਚਿਆ, ਇਹ ਤੀਸਰੀ ਚੋਟ ਪਹੁੰਚ ਗਈ।

ਇਕ ਦਿਨ ਸਿਖਰ ਦੀ ਘਟਨਾ ਘਟ ਗਈ। ਕੁਛ ਬੰਦੇ ਇਕ ਮਨੁੱਖ ਦੀ ਅਰਥੀ ਕੰਧਿਆਂ 'ਤੇ ਚੁੱਕੀ ਸ਼ਮਸ਼ਾਨ-ਘਾਟ ਦੀ ਤਰਫ਼ ਜਾ ਰਹੇ ਨੇ। ਸਿਧਾਰਥ ਪੁੱਛ ਬੈਠਾ, "ਇਹ ਚਾਰ ਬੰਦੇ ਕਿਸ ਨੂੰ ਚੁੱਕੀ ਜਾ ਰਹੇ ਨੇ?" ਕੋਚਵਾਨ ਨੇ ਜਵਾਬ ਦਿੱਤਾ ਕਿ ਇਹ ਬੰਦੇ ਨੂੰ ਚੁੱਕੀ ਲੈ ਜਾ ਰਹੇ ਨੇ। ਸਿਧਾਰਥ ਕੋਚਵਾਨ ਨੂੰ ਫਿਰ ਕਹਿੰਦਾ ਹੈ, "ਬੰਦੇ ਨੂੰ ਬੰਦੇ ਕਿਉਂ ਚੁੱਕੀ ਲਿਜਾ ਰਹੇ ਨੇ?" "ਰਾਜਕੁਮਾਰ! ਇਹ ਬੰਦੇ ਜਿਸ ਨੂੰ ਚੁੱਕੀ ਲਿਜਾ ਰਹੇ ਨੇ, ਇਹ ਬੰਦਾ ਮਰ ਗਿਆ ਹੈ।" "ਕਿਆ ਸਾਰੇ ਹੀ ਮਰ ਜਾਂਦੇ ਨੇ?" "ਹਾਂ, ਸਾਰੇ ਹੀ ਮਰਦੇ ਨੇ।" ਬੱਸ ਇਹ ਚੋਟ ਆਖ਼ਰੀ ਸੀ। ਨਿਰਾਸਤਾ ਪੈਦਾ ਹੋ ਗਈ। ਜਗਿਆਸਾ ਪੈਦਾ ਹੋ ਗਈ ਪਰਮਾਤਮਾ ਨੂੰ ਜਾਣਨ ਦੀ। ਸੰਸਾਰ ਦਾ ਅਸਲੀ ਰੂਪ ਸਾਹਮਣੇ ਆ ਗਿਆ। ਮੌਤ ਆਖ਼ਰੀ ਚੋਟ ਸੀ।

ਕਈ ਦਫ਼ਾ ਦੇਖਿਆ ਗਿਆ ਹੈ ਕਿ ਛੋਟੇ ਛੋਟੇ ਦੁਖ, ਬੁਢੇਪਾ, ਬੀਮਾਰੀ, ਨੁਕਸਾਨ, ਲੜਾਈ-ਝਗੜੇ, ਕਲ-ਕਲੇਸ਼, ਮਨੁੱਖ ਨੂੰ ਨਹੀਂ ਜਗਾਉਂਦੇ, ਲੇਕਿਨ ਮਰਨ ਲੱਗਿਆਂ, ਜੈਸੇ ਹੀ ਮੌਤ ਦੁਆਰ 'ਤੇ ਆ ਕੇ ਦਸਤਕ ਦੇਂਦੀ ਹੈ, ਮਨੁੱਖ ਉਸ ਵਕਤ ਜਾਗ ਪੈਂਦਾ ਹੈ, ਜਗਿਆਸਾ ਜਾਗ ਪੈਂਦੀ ਹੈ। ਭਗਤ ਕਬੀਰ ਜੀ ਕਹਿੰਦੇ ਨੇ:

> **ਕਹੁ ਕਬੀਰ ਤਬ ਹੀ ਨਰੁ ਜਾਗੈ॥**
> **ਜਮ ਕਾ ਡੰਡੁ ਮੂੰਡ ਮਹਿ ਲਾਗੈ॥** *(ਗੋਂਡ ਕਬੀਰ ਜੀ, ਪੰਨਾ 870)*

ਛੋਟੇ ਛੋਟੇ ਦੁਖਾਂ ਨੇ ਇਸ ਨੂੰ ਨਹੀਂ ਜਗਾਇਆ। ਛੋਟੇ ਛੋਟੇ ਦੁਖਾਂ ਨੇ ਮਨੁੱਖ ਦੇ ਅੰਦਰ ਜਗਿਆਸਾ ਪੈਦਾ ਨਹੀਂ ਕੀਤੀ। ਛੋਟੇ ਛੋਟੇ ਦੁਖਾਂ ਕਰਕੇ ਇਹ ਆਪਣੇ ਮਨ ਨੂੰ ਸਮਝਾ ਦਿੰਦਾ ਰਿਹਾ ਹੈ ਕਿ ਸ਼ਾਇਦ ਕੱਲ ਨਾ ਹੋਣ। ਅੱਜ ਦੁਖ ਹੈ, ਸ਼ਾਇਦ ਕੱਲ ਦੁਖ ਨਾ ਹੋਵੇ। ਲੇਕਿਨ ਜਦ ਪਤਾ ਚਲਿਆ ਕਿ ਇਹ ਸਾਰੇ ਹੀ ਮਰਦੇ ਨੇ—'ਮੌਤ'—ਸਿਧਾਰਥ ਨੂੰ ਇਕ ਬਹੁਤ ਵੱਡਾ ਆਘਾਤ ਪਹੁੰਚਿਆ। ਮਰਦਾ ਹੋਇਆ ਮਨੁੱਖ ਜਾਗਦਾ ਹੈ, ਲੇਕਿਨ ਜਗਿਆਸਾ, ਇਸ ਨੂੰ ਪਾਯਹ-ਏ-ਤਕਮੀਲ ਤਕ ਲਿਜਾ ਸਕੇ, ਇਹ ਸੰਤ ਬਣ ਸਕੇ, ਇਹ ਖ਼ਾਲਸਾ ਬਣ ਸਕੇ,

ਹੁਣ ਇਸ ਪਾਸ ਸਮਾਂ ਨਹੀਂ ਹੈ, ਹੁਣ ਵਕਤ ਨਹੀਂ ਹੈ। ਇਸ ਵਾਸਤੇ ਇਕ ਆਲਮ ਦਾ ਕਹਿਣਾ ਹੈ:

ਨਾ ਦੇਖਨੇ ਕੀ ਤਰਹਾ ਹਮ ਨੇ ਜ਼ਿੰਦਗੀ ਦੇਖੀ।
ਚਰਾਗ਼ ਬੁਝਨੇ ਲਗਾ ਤੋ ਰੋਸ਼ਨੀ ਦੇਖੀ।

ਜੀਵਨ ਦਾ ਦੀਵਾ ਜਦ ਅੱਜ ਬੁਝਣ ਲੱਗਾ ਤਾਂ ਅਸਲੀਅਤ ਦਾ ਪਤਾ ਚਲਿਆ। ਮਰਨ ਲੱਗਾ ਤਾਂ ਇਹ ਚਾਨਣਾ ਹੋਇਆ, ਗਿਆਨ ਹੋਇਆ ਕਿ ਜਗਤ ਇਕ ਦੁਖ ਹੈ, ਸੰਸਾਰ ਇਕ ਦੁਖ ਹੈ। ਨਿਰੰਕਾਰ ਦੀ ਜਗਿਆਸਾ ਪੈਦਾ ਹੁੰਦੀ ਹੈ, ਸੰਸਾਰ ਦੇ ਦੁਖ ਤੋਂ; ਪਰਮਾਤਮਾ ਦੀ ਜਗਿਆਸਾ ਪੈਦਾ ਹੁੰਦੀ ਹੈ, ਸੰਸਾਰ ਦੇ ਪਦਾਰਥਾਂ ਤੋਂ, ਔਰ ਕਰਤਾਰ ਦੀ ਚਾਹਤ ਪੈਦਾ ਹੁੰਦੀ ਹੈ, ਪਰਿਵਾਰ ਦੇ ਬੋਧ ਤੋਂ, ਇਸ ਤੋਂ ਬਿਨਾਂ ਨਹੀਂ। ਤੋ ਜਨਮ ਦੁਖ ਹੈ, ਮਰਨ ਦੁਖ ਹੈ, ਪਰਿਵਾਰ ਦੁਖ ਹੈ, ਪਦਾਰਥ ਦੁਖ ਨੇ, ਪ੍ਰਭੁਤਾ ਦੁਖ ਹੈ, ਸਭ ਕੁਛ ਦੁਖ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੀ ਇਹ ਪੰਕਤੀ ਜਦ ਸਾਕਾਰ ਰੂਪ ਹੋ ਕੇ ਵਿਆਪਕ ਦਰਸ਼ਨ ਦੇਂਦੀ ਹੈ:

ਬਾਲੀ ਰੋਵੈ ਨਾਹਿ ਭਤਾਰੁ॥
ਨਾਨਕ ਦੁਖੀਆ ਸਭੁ ਸੰਸਾਰੁ॥

ਤਾਂ ਜਿਸ ਮਨੁੱਖ ਦੇ ਅੰਦਰ ਪ੍ਰਭੂ ਦੀ, ਪਰਮਾਤਮਾ ਦੀ ਜਗਿਆਸਾ ਪੈਦਾ ਹੋ ਜਾਂਦੀ ਹੈ, ਐਸੇ ਮਨੁੱਖ ਨੂੰ ਜਗਿਆਸੂ ਕਹਿੰਦੇ ਨੇ। ਜਗਿਆਸੂ ਤੋਂ ਮੁਰਾਦ ਕਿ ਜਗਿਆਸਾ ਜਾਗ ਪਈ ਹੈ। ਇਹ ਚੱਲਣ ਦੀ ਤਿਆਰੀ ਕਰ ਰਿਹਾ ਹੈ, ਚਲਿਆ ਨਹੀਂ, ਅਜੇ ਪ੍ਰਭੂ ਦੇ ਮਾਰਗ 'ਤੇ ਪੂਰਾ ਨਹੀਂ ਚਲਿਆ, ਤਿਆਰੀ ਕਰ ਰਿਹਾ ਹੈ, ਜਗਿਆਸਾ ਜਾਗ ਪਈ ਹੈ ਚੱਲਣ ਦੀ।

ਸੰਸਾਰ ਭਰ ਦੇ ਐਸ਼ੋ-ਆਰਾਮ ਵਿਚ ਰਹਿਣ ਵਾਲਿਆਂ ਨੂੰ ਕਦੀ ਕਦਾਈਂ ਕਥਾ ਸੁਣਦਿਆਂ, ਕੀਰਤਨ ਸੁਣਦਿਆਂ, ਸਤਿਸੰਗ ਕਰਦਿਆਂ, ਇਹ ਚੋਟ ਲੱਗ ਜਾਂਦੀ ਹੈ। ਕਈ ਦਫ਼ਾ ਇਹ ਚੋਟ ਬੜੇ ਲੰਬੇ ਸਮੇਂ ਬਾਅਦ ਲਗਦੀ ਹੈ। ਕਈ ਦਫ਼ਾ ਸੰਸਾਰੀ ਮਨੁੱਖ ਨੂੰ ਸੰਸਾਰ ਦਾ ਪੂਰਨ ਤੌਰ 'ਤੇ ਗਿਆਨ ਕਈ ਜਨਮਾਂ ਬਾਅਦ ਮਿਲਦਾ ਹੈ। ਇਸ ਵਾਸਤੇ ਸਤਿਸੰਗ ਦੀ ਮਹਿਮਾ ਹੈ, ਮਤਾਂ ਕਿਧਰੇ ਗੁਰੂ ਦਾ ਸ਼ਬਦ ਚੋਟ ਕਰ ਜਾਏ ਤੇ ਸੰਸਾਰ ਦੀ ਅਸਲੀਅਤ ਇਸਦੇ ਸਾਹਮਣੇ ਆ ਜਾਏ। ਗੁਰੂ ਦੀ ਬਾਣੀ ਪਹਿਲੇ ਸੰਸਾਰ ਦਾ ਰੂਪ ਸਾਹਮਣੇ ਰੱਖਦੀ ਹੈ, ਫਿਰ ਨਿਰੰਕਾਰ ਦਾ। ਖੜਾ ਜੁ ਸੰਸਾਰ ਦੇ ਵਿਚ ਹੈ, ਸੰਸਾਰ ਤੋਂ ਬਾਹਰ ਇਹ ਤਾਂ ਹੀ ਨਿਕਲੇਗਾ, ਤਾਂ ਹੀ ਇਸਦਾ ਨਿਕਾਸ ਹੋਵੇਗਾ ਕਿ ਜਿਥੇ ਇਹ ਖੜ੍ਹਾ ਹੈ, ਇਸਦਾ ਇਸਨੂੰ ਬੋਧ ਹੋਵੇ, ਇਸ ਦੀ ਇਸ ਨੂੰ ਸਮਝ ਹੋਵੇ। ਸੰਸਾਰ ਦਾ ਗਿਆਨ ਦੁਖ ਦਾ ਗਿਆਨ ਹੈ, ਕਲੇਸ਼ ਦਾ ਗਿਆਨ ਹੈ, ਇਹ ਗਿਆਨ ਜਗਿਆਸਾ ਪੈਦਾ

ਕਰ ਦੇਂਦਾ ਹੈ ਭਗਵਾਨ ਦੀ; ਇਹ ਸੂਝ-ਬੂਝ ਪਰਮਾਤਮਾ ਦੀ ਜਗਿਆਸਾ ਪੈਦਾ ਕਰ ਦੇਂਦੀ ਹੈ। ਐਸੇ ਬੰਦਿਆਂ ਨੂੰ ਅਸੀਂ ਜਗਿਆਸੂ ਕਹਿ ਸਕਦੇ ਹਾਂ। ਇਹ ਹੁਣ ਟੋਟਲੀ (Totally) ਸੰਸਾਰੀ ਨਹੀਂ ਰਿਹਾ। ਥੋੜ੍ਹਾ ਜਿਹਾ ਮਤਭੇਦ ਹੈ। ਅਜੇ ਕਈ ਅਨਰਥ ਇਸ ਕੋਲੋਂ ਹੁੰਦੇ ਜਾ ਰਹੇ ਨੇ। ਜਗਿਆਸੂ ਹੋ ਕੇ ਅਜੇ ਵੀ ਭੁੱਲਾਂ ਕਰਦਾ ਜਾ ਰਿਹਾ ਹੈ, ਲੇਕਿਨ ਫਿਰ ਵੀ ਭੁੱਲਾਂ ਨੂੰ ਸੁਧਾਰਨ ਦੀ ਜਗਿਆਸਾ ਪੈਦਾ ਹੋ ਗਈ ਹੈ।

ਇਕ ਜੇਲ੍ਹ ਵਿਚ ਬੋਲਦਿਆਂ ਬੋਲਦਿਆਂ (ਦਾਸ ਅਕਸਰ ਜੇਲ੍ਹਾਂ ਵਿਚ ਜਾ ਕੇ ਕਥਾ ਕਰਦਾ ਹੈ) ਮੈਥੋਂ ਕੁਝ ਬੋਲ ਨਿਕਲੇ, ਕੈਦੀਆਂ ਦੇ ਸਾਹਮਣੇ—ਇੱਕੋ ਹੀ ਭੁੱਲ ਹੈ ਈਸ਼ਵਰ ਨੂੰ ਭੁੱਲ ਜਾਣਾ, ਔਰ ਇਹ ਇੱਕੋ ਭੁੱਲ ਫਿਰ ਅਨੇਕਾਂ ਭੁੱਲਾਂ ਕਰਾਉਂਦੀ ਹੈ। ਪਰਮਾਤਮਾ ਨੂੰ ਭੁੱਲ ਜਾਣਾ—ਇਹ ਇੱਕੋ ਭੁੱਲ ਅਨੇਕਾਂ ਭੁੱਲਾਂ ਨੂੰ ਜਨਮ ਦੇਂਦੀ ਹੈ। ਇਹ ਇੱਕੋ ਭੁੱਲ, ਭੁੱਲ-ਭੁਲਈਆਂ ਬਣ ਕੇ ਰਹਿ ਜਾਂਦੀ ਹੈ:

ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ ॥ *(ਤੁਖਾਰੀ ਮਹਲਾ ੧, ਪੰਨਾ 1111)*

ਅਗਰ ਇੱਕੋ ਹੀ ਭੁੱਲ ਹੈ ਪਰਮਾਤਮਾ ਨੂੰ ਭੁੱਲ ਜਾਣਾ, ਤੇ ਇੱਕੋ ਹੀ ਗਿਆਨ ਦਾ ਮਹਾਨ ਦੀਪਕ ਹੈ, ਮਹਾਨ ਸਮਝ ਹੈ ਉਸ ਪ੍ਰਭੂ ਨੂੰ ਯਾਦ ਕਰਨਾ। ਉਸ ਨੂੰ ਯਾਦ ਕਰਨ ਦੀ ਜਗਿਆਸਾ ਜਿਸਦੇ ਅੰਦਰ ਪੈਦਾ ਹੋ ਗਈ, ਉਸ ਨੂੰ ਕਹਿੰਦੇ ਨੇ ਜਗਿਆਸੂ। ਐਸਾ ਮਨੁੱਖ ਫਿਰ ਪਰਮਾਤਮਾ ਦੇ ਮਿਲਾਪ ਲਈ ਆਲਸ ਨਹੀਂ ਕਰੇਗਾ; ਐਸੇ ਮਨੁੱਖ ਦੇ ਮਨ ਦੇ ਅੰਦਰ ਪ੍ਰਭੂ-ਮਿਲਾਪ ਲਈ ਤੜਪ ਪੈਦਾ ਹੋ ਜਾਏਗੀ ਤੇ ਫਿਰ ਉਹ ਆਲਸ ਕਰੇਗਾ ਹੀ ਨਹੀਂ:

ਪ੍ਰਭ ਮਿਲਬੇ ਕੀ ਲਾਲਸਾ ਤਾ ਤੇ ਆਲਸੁ ਕਹਾ ਕਰਉ ਰੀ ॥

(ਆਸਾ ਮ: ੫, ਪੰਨਾ 389)

ਧਾਰਮਿਕ ਅਨੁਭਵੀ ਪੁਰਸ਼ ਐਸੇ ਪੁਰਸ਼ ਨੂੰ ਜਗਿਆਸੂ ਕਹਿੰਦੇ ਨੇ, ਜਿਹੜਾ ਸੰਸਾਰ ਤੋਂ ਥੋੜ੍ਹਾ ਜਿਹਾ ਉੱਚਾ ਉਠਿਆ ਹੈ। ਸਤਿਗੁਰੂ ਜੀ ਮਿਹਰ ਕਰਨ, ਬਖ਼ਸ਼ਿਸ਼ ਕਰਨ, ਇਹ ਵਿਚਾਰਾਂ ਸੁਣ ਕੇ ਸਾਡੇ ਅੰਦਰ ਵੀ ਜਗਿਆਸਾ ਪੈਦਾ ਹੋਵੇ।

•

ਸਾਧੂ

ਜਿਸ ਤਰ੍ਹਾਂ ਕੋਈ ਪਹਿਲਾਂ ਸੰਸਾਰੀ ਹੈ—ਪਰਮਾਤਮਾ ਦੇ ਤਲ 'ਤੇ ਜੋ ਪੂਰਨ ਤੌਰ 'ਤੇ ਸੁੱਤਾ ਹੋਇਆ ਹੈ, ਉਸ ਨੂੰ ਕੁਝ ਵੀ ਸਮਝ ਨਹੀਂ ਹੈ। ਪਰ ਕਦੇ ਕਿਧਰੇ ਸ਼ਬਦ-ਵਿਚਾਰ ਨਾਲ ਮਨ ਅੰਦਰ ਥੋੜ੍ਹੀ ਜਿਹੀ ਜਗਿਆਸਾ ਪੈਦਾ ਹੋ ਜਾਂਦੀ ਹੈ, ਪਰਮਾਤਮਾ ਦੇ ਤਲ 'ਤੇ ਥੋੜ੍ਹਾ ਜਿਹਾ ਜਾਗ ਪੈਂਦਾ ਹੈ। ਤੇ ਐਸਾ ਮਨੁੱਖ ਜੋ ਥੋੜ੍ਹਾ ਜਿਹਾ ਜਾਗਿਆ ਹੈ, ਪਰ ਅਜੇ ਚਲਿਆ ਨਹੀਂ ਹੈ, ਅਜੇ ਚੱਲਣ ਦੀ ਤਿਆਰੀ ਬਾਰੇ ਸੋਚ ਰਿਹਾ ਹੈ, ਉਸ ਨੂੰ ਜਗਿਆਸੂ ਕਹਿੰਦੇ ਹਨ, ਲੇਕਿਨ ਸਫ਼ਰ ਦੀ ਤਿਆਰੀ ਕਰ ਕੇ ਜੋ ਚੱਲ ਪਿਆ ਹੈ, ਬਸ ਉਸੇ ਨੂੰ ਕਹਿੰਦੇ ਨੇ—ਸਾਧੂ। ਔਰ ਧਰਮ ਦੀ ਸਾਰੀ ਸਾਧਨਾ ਮਨ ਦੀ ਸਾਧਨਾ ਹੈ:

ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥
ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥

(ਗਉੜੀ ਕਬੀਰ ਜੀ, ਪੰਨਾ 342)

ਸਾਧੂ ਦੇ ਅਰਥ ਵੀ ਏਹੀ ਨੇ ਕਿ ਜੋ ਸਾਧਨਾ ਕਰ ਰਿਹਾ ਹੈ, ਉਸ ਨੇ ਜਾਗ੍ਰਤੀ ਨੂੰ ਆਪਣੇ ਕੰਮ ਵਿਚ ਲਿਆਂਦਾ ਹੈ, ਚੱਲ ਪਿਆ ਹੈ। ਸਾਧੂ ਦੀ ਜਾਣ-ਪਹਿਚਾਣ ਸਤਿਗੁਰੂ ਜੀ ਇੰਜ ਕਰਾਉਂਦੇ ਨੇ:

ਸਾਧ ਨਾਮ ਨਿਰਮਲ ਤਾ ਕੇ ਕਰਮ॥

(ਗਉੜੀ ਸੁਖਮਨੀ ਮ: ੫, ਪੰਨਾ 296)

ਉਸਦੀ ਸਾਰੀ ਕਿਰਿਆ ਨਿਰਮਲ ਹੋ ਗਈ, ਭਾਵ ਉਸਦਾ ਬੋਲਣਾ ਬੜਾ ਪਵਿੱਤਰ ਹੋਵੇਗਾ, ਉਸਦਾ ਵੇਖਣਾ, ਉਸਦਾ ਸੁਣਨਾ ਬੜਾ ਨਿਰਮਲ ਹੋਵੇਗਾ। ਉਸਦਾ ਸਾਰਾ ਕੰਮ, ਖਾਣਾ-ਪੀਣਾ, ਆਦਿ ਸਭ ਕੁਛ ਸੰਜਮ ਵਿਚ ਹੋਵੇਗਾ:

ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥

(ਆਸਾ ਦੀ ਵਾਰ ਮ: ੧, ਪੰਨਾ 467)

ਉਹ ਸੰਗੀ-ਕੁਸੰਗੀ ਨੂੰ ਚੰਗੀ ਤਰ੍ਹਾਂ ਦੇਖਦਾ ਹੈ ਕਿ ਕਿਥੇ ਬੈਠਣਾ ਹੈ। ਜੋ ਹਰ ਕੰਮ ਵਿਚ ਸਾਵਧਾਨੀ ਵਰਤ ਰਿਹਾ ਹੈ ਔਰ ਇਹ ਚੱਲਣਾ ਜ਼ਮੀਨ ਯਾ ਮੈਦਾਨ ਵਿਚ ਚੱਲਣਾ ਕਤਈ ਨਹੀਂ, ਬਲਕਿ ਇਹ ਇਕ ਕਿਸਮ ਦਾ ਪਹਾੜ

'ਤੇ ਚੱਲਣਾ ਹੈ, ਪਹਾੜ 'ਤੇ ਚੜ੍ਹਨ ਵਾਲੀ ਗੱਲ ਹੈ। ਚੜ੍ਹਾਈ ਚੜ੍ਹੇਗਾ, ਹੋਰ ਬਿਖਮ ਤੋਂ ਬਿਖਮ ਚੜ੍ਹਾਈ। ਤੇ ਜੋ ਚੜ੍ਹ ਰਿਹਾ ਹੈ, ਇਸੇ ਨੂੰ ਹੀ ਸਾਧੂ ਕਹਿੰਦੇ ਨੇ :

ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ॥
ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥

(ਸਲੋਕ ਕਬੀਰ ਜੀ, ਪੰਨਾ 1373)

ਪੰਡਿਤ ਤੋਂ ਮੁਰਾਦ ਹੈ–ਕਰਮ-ਕਾਂਡੀ। ਉਹ ਕਰਮ-ਕਾਂਡੀ, ਜੋ ਕਾਮਨਾ-ਵੱਸ ਹੋ ਕੇ ਧਾਰਮਿਕ ਕਰਮ ਕਰਦੇ ਨੇ ਤੇ ਧਰਮ ਨੂੰ ਵੀ ਬਾਜ਼ਾਰ ਬਣਾ ਦਿੰਦੇ ਨੇ, ਸੰਸਾਰ ਬਣਾ ਦੇਂਦੇ ਨੇ, ਪਦਾਰਥ ਬਣਾ ਦਿੰਦੇ ਨੇ। ਕਬੀਰ ਜੀ ਕਹਿੰਦੇ ਨੇ ਕਿ ਬਹੁਤ ਵੱਡੀ ਭੀੜ ਹੈ। ਪੂਰਨਮਾਸ਼ੀ ਮਨਾਓ ਤੇ ਵਰਤ ਰੱਖੋ, ਐਹ ਮਿਲ ਜਾਏਗਾ, ਔਹ ਮਿਲ ਜਾਏਗਾ। ਬੜੀ ਵੱਡੀ ਭੀੜ ਹੈ। ਮੱਸਿਆ ਲੱਗੀ ਹੈ, ਬੜੀ ਭੀੜ ਹੈ। ਸ਼ਨੀ ਦੀ ਪੂਜਾ ਕਰੋ, ਮੰਗਲ ਦੀ ਪੂਜਾ ਕਰੋ, ਉਸ ਤੀਰਥ ਸਥਲ 'ਤੇ ਜਾਓ, ਮਾਘ ਦਾ ਇਸ਼ਨਾਨ ਕਰੋ, ਐਹ ਕਾਮਨਾ ਪੂਰੀ ਹੋ ਜਾਏਗੀ, ਔਹ ਕਾਮਨਾ ਪੂਰੀ ਹੋ ਜਾਏਗੀ; ਐਹ ਪਦਾਰਥ ਮਿਲ ਜਾਏਗਾ, ਔਹ ਫਲ ਮਿਲ ਜਾਏਗਾ। ਇਸ ਤਰ੍ਹਾਂ ਬਹੁਤ ਸਾਰੇ ਮੰਦਿਰ ਭਗਵਾਨ ਦੇ ਮੰਦਿਰ ਨਹੀਂ, ਬਲਕਿ ਕਾਮ ਦੇ ਮੰਦਿਰ ਨੇ। ਮਨੁੱਖ ਨੇ ਉਨ੍ਹਾਂ ਮੰਦਿਰਾਂ ਨੂੰ ਆਪਣੀਆਂ ਕਾਮਨਾਵਾਂ ਦੀ ਪੂਰਤੀ ਦਾ ਸਾਧਨ ਸਮਝਿਆ ਹੋਇਆ ਹੈ। ਉਹ ਸੰਸਾਰ ਦਾ ਸਭ ਤੋਂ ਵੱਡਾ ਬਦ-ਕਿਸਮਤ ਦਿਹਾੜਾ ਸੀ, ਜਦ ਧਰਮ ਦੀ ਦੁਨੀਆ ਵਿਚ ਐਸੇ ਪ੍ਰਚਾਰਕਾਂ ਦਾ ਜਨਮ ਹੋਇਆ, ਜਿਨ੍ਹਾਂ ਨੇ ਪਰਮਾਤਮਾ ਨੂੰ ਕਾਮਨਾਵਾਂ ਦੀ ਪੂਰਤੀ ਦਾ ਸਾਧਨ ਦੱਸਣਾ ਆਰੰਭ ਕੀਤਾ। ਇਸ ਨਾਲ ਦੋ ਕੰਮ ਹੋਏ–(1) ਪ੍ਰਚਾਰਕਾਂ ਦੀ ਉਪਜੀਵਕਾ ਚਲੀ, (2) ਸਰੋਤਿਆਂ ਦੀ ਕਾਮਨਾ ਦੀ ਪੂਰਤੀ ਦਾ ਸਾਧਨ ਬਣਿਆ। ਤੇ ਧਰਮ ਬਾਜ਼ਾਰ ਬਣ ਕੇ ਰਹਿ ਗਿਆ, ਧਰਮ ਦੁਕਾਨ ਬਣ ਕੇ ਰਹਿ ਗਿਆ, ਧਰਮ ਮਾਰਕੀਟ ਬਣ ਕੇ ਰਹਿ ਗਿਆ।

ਇਸ ਸਮੇਂ ਪ੍ਰਿਥਵੀ 'ਤੇ ਕੋਈ 6 ਅਰਬ ਮਨੁੱਖ ਰਹਿ ਰਹੇ ਨੇ। ਕੁਛ ਹਜ਼ਾਰ ਹੀ ਐਸੇ ਹੋਣਗੇ, ਜੋ ਜਗਿਆਸੂ ਹੋਵਣ ਔਰ ਇਨ੍ਹਾਂ ਹਜ਼ਾਰਾਂ ਵਿਚ ਬਹੁਤ ਥੋੜ੍ਹੇ ਹੋਣਗੇ, ਜੋ ਸਾਧੂ ਹੋਵਣ। ਭੀੜ ਬਹੁਤੀ ਸੰਸਾਰੀਆਂ ਦੀ ਹੀ ਹੈ। ਪਰ ਜਗਿਆਸੂ, ਸਾਧੂ ਤੇ ਸੰਤ ਤਾਂ ਪ੍ਰਿਥਵੀ 'ਤੇ ਹਰ ਵੇਲੇ ਹੁੰਦੇ ਨੇ, ਔਰ ਪਹਿਲਾਂ ਵੀ ਰਹੇ ਨੇ :

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥

(ਆਸਾ ਮ: ੪, ਪੰਨਾ 451)

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥

(ਸਲੋਕ ਵਾਰਾਂ ਤੇ ਵਧੀਕ, ਮ: ੧, ਪੰਨਾ 1411)

ਸਾਧੂ, ਜੋ ਮਨ ਦੀ ਸਾਧਨਾ ਵਿਚ ਲੀਨ ਹੋਇਆ, ਤਨ ਤੋਂ ਬਿਲਕੁਲ

ਬੇ-ਫ਼ਿਕਰ ਹੋ ਗਿਆ ਹੈ, ਉਸ ਨੇ ਤਨ ਦੀ ਚਿੰਤਾ ਬਿਲਕੁਲ ਛੋੜ ਦਿੱਤੀ ਹੈ। ਤਨ ਇਕ ਵਾਹਨ ਹੈ, ਮਾਨੋਂ ਇਕ ਘੋੜਾ ਹੈ। ਔਰ ਮਾਲਕ ਸਾਰੀ ਚਿੰਤਾ, ਸਾਰੀ ਫ਼ਿਕਰ ਘੋੜੇ ਦੀ ਕਰੇ, ਆਪਣੀ ਨਾ ਕਰੇ; ਘੋੜੇ ਨੂੰ ਦਾਨਾ ਖਿਲਾਣਾ ਹੈ, ਘੋੜੇ ਨੂੰ ਘਾਹ-ਪੱਠਾ ਵੀ ਦੇਣਾ ਹੈ। ਫਿਰ ਘੋੜਾ ਚੱਲਦਿਆਂ ਚੱਲਦਿਆਂ ਥੱਕਿਆ ਹੈ, ਫਿਰ ਮਾਲਿਸ਼ ਪਿਆ ਕਰਦਾ ਹੈ। ਉਸ ਨੂੰ ਬੰਨ੍ਹ ਕੇ ਰੱਖਦਾ ਹੈ। ਉਸ ਨੂੰ ਸਰਦੀ ਨਾ ਲੱਗੇ, ਗਰਮੀ ਨਾ ਲੱਗੇ, ਏਹੀ ਬਾਰ ਬਾਰ ਖ਼ਿਆਲ ਰੱਖਦਾ ਹੈ। ਪਰ ਮਾਲਕ ਆਪਣੇ ਤਨ ਦਾ ਖ਼ਿਆਲ ਨਹੀਂ ਰੱਖਦਾ। ਆਪਣੇ ਹੀ ਤਨ ਨੂੰ ਗਰਮੀ-ਸਰਦੀ ਤੋਂ ਬਚਾਉਣਾ ਹੈ; ਭੁੱਖ-ਪਿਆਸ ਲੱਗੀ ਹੈ, ਲੋੜਾਂ ਦੀ ਪੂਰਤੀ ਕਰਨੀ ਹੈ, ਅਗਰ ਕੋਈ ਐਸਾ ਮਾਲਕ ਹੈ ਤਾਂ ਉਹ ਫਿਰ ਬਿਲਕੁਲ ਬੇਵਕੂਫ਼ ਹੈ, ਮੂੜ੍ਹ ਹੈ। ਕੋਈ ਮਨੁੱਖ ਕਾਰ ਵਿਚ ਪੈਟਰੋਲ ਪਾਵੇ, ਪਾਣੀ ਪਾਵੇ, ਸਰਵਿਸ ਕਰਾਵੇ, ਚੰਗੀ ਦੇਖ-ਰੇਖ ਕਰੇ, ਸਫ਼ਾਈ ਵੀ ਕਰੇ, ਲੇਕਿਨ ਕਾਰ ਵਿਚ ਹੀ ਬੈਠਾ ਰਹੇ, ਉਤਰੇ ਹੀ ਨਾ, ਸਿਰਫ਼ ਸਮਝ ਲਏ ਕਿ ਬਸ ਕਾਰ ਮੇਰੀ ਹੈ। ਐਸੇ ਮਨੁੱਖ ਸਰੀਰਵਾਦੀ ਹੁੰਦੇ ਹਨ। ਐਸੇ ਮਨੁੱਖਾਂ ਦਾ ਸਰਮ (ਸ਼੍ਰਮ) ਵੀ, ਧਰਮ ਵੀ, ਸਰੀਰ ਦੇ ਤਲ 'ਤੇ ਹੀ ਹੁੰਦਾ ਹੈ। ਐਸੇ ਮਨੁੱਖਾਂ ਦੇ ਗੁਰੂ, ਪਰਮਾਤਮਾ ਦੇ ਸਰੀਰ ਹੁੰਦੇ ਨੇ। ਔਰ ਸਰੀਰ ਨਾਸਵੰਤ ਹੈ, ਸਰੀਰ ਦੇ ਤਲ ਦਾ ਧਰਮ ਵੀ ਨਾਸਵੰਤ ਹੈ। ਕਿਤਨੇ ਵੀ ਕਪੜੇ, ਕਿਤਨਾ ਵੀ ਭੋਜਨ, ਕਿਤਨੀਆਂ ਵੀ ਸਹੂਲਤਾਂ ਉਪਲਬਧ ਕਰਾਈਏ, ਆਖ਼ਰ ਸਰੀਰ ਕਬਰ ਤਕ ਹੀ ਪਹੁੰਚਦਾ ਹੈ, ਸਰੀਰ ਸਾਥ ਛੋੜਦਾ ਹੀ ਹੈ। ਪਰ ਹੈ ਜੀਵ-ਆਤਮਾ; ਜੀਵ-ਆਤਮਾ ਵੀ ਐਸੀ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਨੇ:

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,
ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿੰਗੇ ॥੧੭॥੮੭॥

(ਅਕਾਲ ਉਸਤਤਿ, ਪਾਤਸ਼ਾਹੀ ੧੦)

ਜੈਸੇ ਇਕ ਚਿੰਗਾਰੀ ਹੈ, ਪਰ ਹਰ ਇਕ ਚਿੰਗਾਰੀ ਦਾ ਕੇਂਦਰ ਸੂਰਜ ਹੈ। ਸਰੀਰ ਮਿੱਟੀ ਹੈ, ਮਿੱਟੀ ਦਾ ਕੇਂਦਰ ਧਰਤੀ ਹੈ, ਔਰ ਆਤਮਾ ਚਿੰਗਾਰੀ ਹੈ, ਇਸ ਦਾ ਕੇਂਦਰ ਪਰਮਾਤਮਾ ਹੈ:

ਕਹੁ ਕਬੀਰ ਇਹੁ ਰਾਮ ਕੀ ਅੰਸੁ ॥
ਜਸ ਕਾਗਦ ਪਰ ਮਿਟੈ ਨ ਮੰਸੁ ॥ *(ਗੋਂਡ ਕਬੀਰ ਜੀ, ਪੰਨਾ 871)*

ਇਹ ਚਿੰਗਾਰੀ, ਜੋ ਮਾਲਕ ਹੈ; ਇਹ ਤਨ ਮਿੱਟੀ ਦਾ ਜੋ ਘੋੜਾ ਹੈ, ਵਾਹਨ ਹੈ, ਕਾਰ ਹੈ; ਇਸ ਦੇ ਆਸਰੇ ਸੰਸਾਰ ਦੀ ਯਾਤਰਾ ਕਰਦਿਆਂ ਹੋਇਆਂ ਸੰਸਾਰ ਤੋਂ ਅੱਗੇ ਚਲੇ ਜਾਣਾ ਹੈ, ਸਰੀਰ ਦਾ ਬੱਸ ਇਤਨਾ ਉਪਯੋਗ ਹੈ। ਇਹ ਘੋੜਾ ਘਰ ਤਕ ਪਹੁੰਚਾ ਸਕਦਾ ਹੈ; ਇਹ ਵਾਹਨ, ਇਹ ਕਾਰ ਘਰ ਤਕ ਪਹੁੰਚਾ

ਸਕਦੀ ਹੈ। ਲੇਕਿਨ ਕਾਰ ਦੀ ਫ਼ਿਕਰ ਕੀਤੀ, ਘੋੜੇ ਦੀ ਫ਼ਿਕਰ ਕੀਤੀ, ਆਤਮਾ ਜੋ ਮਾਲਕ ਹੈ, ਉਸਦੀ ਤਾਂ ਫ਼ਿਕਰ ਹੀ ਨਹੀਂ ਕੀਤੀ।

ਕਰੀਬ-ਕਰੀਬ ਹਰ ਸੰਸਾਰੀ ਜੀਵ, ਸਰੀਰ ਦੀਆਂ ਚਿੰਤਾਵਾਂ, ਸਰੀਰਕ ਸੁਖ, ਸਰੀਰ ਦੀਆਂ ਲੋੜਾਂ ਦੀ ਪੂਰਤੀ, ਇਸੇ ਵਿਚ ਹੀ ਜੁਟਿਆ ਹੋਇਆ ਹੈ। ਲੋੜਾਂ ਦੀ ਪੂਰਤੀ ਹੋਵੇ, ਔਰ ਇਹ ਹੋਣੀ ਚਾਹੀਦੀ ਹੈ, ਕਿਉਂਕਿ ਇਸ ਤੋਂ ਬਿਨਾਂ ਸਰੀਰ ਰਹਿ ਨਹੀਂ ਸਕਦਾ। ਕਹਿੰਦੇ ਨੇ ਕਿ ਭੋਜਨ ਦੀ ਆਪਣੀ ਸੀਮਾ ਹੈ, ਭੁੱਖ ਦੀ ਆਪਣੀ ਸੀਮਾ ਹੈ। ਕੋਈ ਦੋ ਰੋਟੀਆਂ ਖਾ ਲਏਗਾ, ਕੋਈ ਚਾਰ ਰੋਟੀਆਂ ਖਾ ਲਏਗਾ, ਲੇਕਿਨ ਸੁਆਦ ਦੀ ਸੀਮਾ ਨਹੀਂ ਹੈ, ਮਨੁੱਖ ਸੀਮਿਤ ਭੁੱਖ ਹੁੰਦਿਆਂ ਹੋਇਆਂ ਵੀ ਅਸੀਮ ਖਾਣਾ ਖਾ ਜਾਏਗਾ। ਪਦਾਰਥਾਂ ਦੀ ਲੋੜ ਤਾਂ ਹੈ, ਪਰ ਲੋੜ 'ਤੇ ਨਹੀਂ ਰੁਕਿਆ। ਲੋਭ ਦੀ ਕੋਈ ਸੀਮਾ ਨਹੀਂ ਹੈ, ਜੈਸੇ ਸਵਾਦ ਦੀ ਕੋਈ ਸੀਮਾ ਨਹੀਂ ਹੈ। ਲੋਭ ਵਿਚ ਜੀਅ ਰਿਹਾ ਹੈ, ਤੋ ਇਹ ਸੰਸਾਰੀ ਹੈ। ਲੇਕਿਨ ਜੋ ਲੋੜ ਵਿਚ ਜੀਅ ਰਿਹਾ ਹੈ ਔਰ ਉਪਰ ਉਠਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਦੇ ਅੰਦਰ ਜਗਿਆਸਾ ਪੈਦਾ ਹੋ ਗਈ ਹੈ, ਜੋ ਚੱਲ ਪਿਆ ਹੈ, ਉਹ ਸਾਧੂ ਹੋ ਗਿਆ ਹੈ।

ਸਾਧੂ, ਜੋ ਮਨ ਦੀ ਸਾਧਨਾ ਵਿਚ ਜੁਟ ਗਿਆ ਹੈ। ਮਨ ਨੂੰ ਸਾਧਣ ਵਿਚ ਲੀਨ ਹੈ। ਜੋ ਆਪਣੀ ਆਤਮਾ ਨੂੰ ਪਰਮਾਤਮਾ ਤਕ ਪਹੁੰਚਾਣ ਦਾ ਯਤਨ ਕਰ ਰਿਹਾ ਹੈ। ਪਰਮ-ਆਨੰਦ ਤਕ ਪਹੁੰਚਣ ਲਈ ਯਤਨਸ਼ੀਲ ਹੈ, ਜੋ ਪਰਮ ਸੁਖ ਦੀ ਪ੍ਰਾਪਤੀ ਦਾ ਯਤਨ ਕਰ ਰਿਹਾ ਹੈ। ਸਾਧੂ—ਜਿਸਨੇ ਅੱਧਾ ਪੈਂਡਾ ਤਹਿ ਕਰ ਲਿਆ ਹੈ ਯਾ ਅੱਧੇ ਤੋਂ ਜ਼ਿਆਦਾ ਤਹਿ ਕਰ ਲਿਆ ਹੈ। ਇਸਦੀ ਜ਼ਿੰਦਗੀ ਵਿਚ ਪ੍ਰਭੂ-ਮਾਰਗ ਦੇ ਨਵੇਂ ਤੋਂ ਨਵੇਂ ਅਨੁਭਵ ਹੁੰਦੇ ਨੇ। ਨਵੇਂ ਤੋਂ ਨਵਾਂ ਰਸ ਵੀ ਹੁੰਦਾ ਹੈ। ਜੈਸੇ ਯਾਤਰਾ ਕਰਦਿਆਂ ਰਸਤੇ ਵਿਚ ਦਰਿਆ ਨੇ, ਝੀਲਾਂ ਨੇ, ਪਹਾੜ ਨੇ, ਸੋਹਣੇ ਸੋਹਣੇ ਜੰਗਲ ਨੇ, ਜੰਗਲੀ ਫੁੱਲ ਫਲ ਨੇ, ਜੰਗਲੀ ਜਾਨਵਰ ਨੇ, ਇਸ ਜ਼ਮੀਨ 'ਤੇ ਯਾਤਰਾ ਕਰਦਿਆਂ ਹੋਇਆਂ ਇਹ ਸਾਰਾ ਨਜ਼ਾਰਾ ਹੁੰਦਾ ਹੈ। ਧਿਆਨ (ਸੁਰਤਿ) ਜਦ ਧਰਮ ਦੇ ਮਾਰਗ 'ਤੇ ਚੱਲ ਪੈਂਦਾ ਹੈ ਤਾਂ ਵੀ ਰਸਤੇ ਵਿਚ ਨਵੇਂ ਨਵੇਂ ਨਜ਼ਾਰੇ ਨੇ, ਪ੍ਰੇਮ ਦੀਆਂ ਉਮੰਗਾਂ ਪੈਦਾ ਹੁੰਦੀਆਂ ਨੇ, ਨਿਰਵੈਰ ਜਜ਼ਬੇ ਜਨਮ ਲੈਂਦੇ ਨੇ, ਨਿਰਭੈਤਾ ਦਾ ਉਛਾਲ ਆਣ ਲੱਗ ਪੈਂਦਾ ਹੈ ਔਰ ਸਮ-ਦ੍ਰਿਸ਼ਟੀ ਦੀਆਂ ਝਲਕੀਆਂ ਪੈਣ ਲੱਗ ਪੈਂਦੀਆਂ ਨੇ, ਅੰਮ੍ਰਿਤ ਰਸ ਆਣ ਲੱਗ ਪੈਂਦਾ ਹੈ। ਇਹ ਰਸ ਇੰਦ੍ਰਿਆਂ ਦੇ ਰਸ ਤੋਂ ਉੱਚਾ ਹੈ। ਇਸ ਨੂੰ ਹੁਣ ਕੁਝ ਹੋਰ ਰਸ ਆਉਣ ਲੱਗ ਪਿਆ ਹੈ। ਇਹ ਸਾਰਾ ਰਸ, ਇਹ ਖੇੜਾ ਤੇ ਖ਼ੁਸ਼ੀ ਯਾਤਰਾ ਹੀ ਹੈ। ਤੋ ਪਰਮਾਤਮਾ ਦੇ ਮਾਰਗ 'ਤੇ ਚੱਲਣ ਦਾ ਵੀ ਇਕ ਆਨੰਦ ਹੈ। ਇਸ ਵਾਸਤੇ ਗੁਰਬਾਣੀ ਕਹਿੰਦੀ ਹੈ ਕਿ ਜੋ ਸਾਧਨਾ ਕਰ ਰਿਹਾ ਹੈ, ਜੋ ਚੱਲ ਰਿਹਾ ਹੈ, ਉਸਦੀ ਮਹਿਮਾ ਬਿਆਨ ਨਹੀਂ ਕੀਤੀ ਜਾ ਸਕਦੀ:

ਸਾਧ ਕੀ ਮਹਿਮਾ ਬੇਦ ਨ ਜਾਨਹਿ॥
ਜੇਤਾ ਸੁਨਹਿ ਤੇਤਾ ਬਖਿਆਨਹਿ॥

(ਗਉੜੀ ਸੁਖਮਨੀ ਮ: ੫, ਪੰਨਾ 272)

ਉਸਦੀ ਭਾਵਨਾ, ਉਸਦੀ ਕਾਮਨਾ ਮਰ ਕੇ ਭਾਵਨਾ ਬਣ ਗਈ ਹੁੰਦੀ ਹੈ, ਔਰ ਉਸ ਦੇ ਸਾਰੇ ਕਰਮ ਨਿਰਮਲ ਹੋ ਜਾਂਦੇ ਹਨ:

ਸਾਧ ਨਾਮ ਨਿਰਮਲ ਤਾ ਕੇ ਕਰਮ॥ *(ਗਉੜੀ ਸੁਖਮਨੀ ਮ: ੫, ਪੰਨਾ 296)*

ਇਸ ਵਾਸਤੇ ਜਿਸਦੇ ਸਾਰੇ ਕਰਮ ਦਾ ਜੋੜ ਨਿਰਮਲ ਹੋ ਗਿਆ ਹੈ, ਪਾਵਨ ਤੇ ਪਵਿੱਤਰ ਹੋ ਗਿਆ ਹੈ, ਐਸੇ ਪੁਰਸ਼ ਦੀ ਮਹਿਮਾ ਬਿਆਨ ਕਰਨੀ ਬੜੀ ਕਠਿਨ ਹੈ।

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥

(ਬਿਲਾਵਲੁ ਮ: ੫, ਪੰਨਾ 809)

ਗੁਰਬਾਣੀ ਸਾਧੂ ਸੰਗ ਦੀ ਮਹਿਮਾ ਬਹੁਤ ਹੀ ਬਿਆਨ ਕਰਦੀ ਹੈ। ਜੈਸੇ ਕਿਸੇ ਨੂੰ ਰੋਟੀ ਖਾਂਦਿਆਂ ਦੇਖ ਕੇ ਭੁੱਖ ਜਾਗ ਪੈਂਦੀ ਹੈ। ਕਿਸੇ ਦੀ ਧਨ-ਸੰਪਦਾ, ਕਿਸੇ ਦਾ ਰੂਪ-ਰੰਗ ਦੇਖ ਕੇ ਲੋਭ ਜਾਗ ਪੈਂਦਾ ਹੈ, ਵਾਸ਼ਨਾ ਜਾਗ ਪੈਂਦੀ ਹੈ। ਕਿਸੇ ਦੀ ਪ੍ਰਭੁਤਾ, ਚੜ੍ਹਦੀ ਕਲਾ ਦੇਖ ਕੇ ਮਨੁੱਖ ਦੇ ਅੰਦਰ ਦਾ ਅਹੰਕਾਰ ਜਾਗ ਪੈਂਦਾ ਹੈ। ਕਿਸੇ ਨੂੰ ਪ੍ਰਭੂ-ਦਰ 'ਤੇ ਪੁੱਜਣ ਦੀ ਘਾਟੀ 'ਤੇ ਚੜ੍ਹਦਿਆਂ ਦੇਖ ਕੇ, ਰਸ ਵਿਚ ਦੇਖ ਕੇ, ਬੈਰਾਗ ਵਿਚ ਦੇਖ ਕੇ ਮਨ ਵਿਚ ਉਤਸ਼ਾਹ ਉਮਡ ਪੈਂਦਾ ਹੈ, ਚੜ੍ਹਨ ਨੂੰ, ਚੱਲਣ ਨੂੰ ਦਿਲ ਕਰ ਆਉਂਦਾ ਹੈ। ਇਵੇਂ ਹੀ ਸਾਧੂਆਂ ਨੂੰ ਦੇਖ ਕੇ ਪਰਮਾਤਮਾ ਨੂੰ ਮਿਲਣ ਦਾ ਸ਼ੌਕ ਜਾਗ ਪੈਂਦਾ ਹੈ। ਇਸ ਵਾਸਤੇ ਅਸੀਂ ਅਰਦਾਸ ਵਿਚ ਇਹ ਸ਼ਬਦ ਦਰਜ ਕੀਤੇ ਹੋਏ ਨੇ ਕਿ ਹੇ ਪ੍ਰਭੂ ਜੀਓ!

ਸੋਈ ਸੰਤ ਗੁਰਮੁਖ ਪਿਆਰੇ ਮੇਲ,
ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤਿ ਆਵੈ।

ਵਾਕਈ, ਇਹੋ ਜਿਹੇ ਉੱਦਮੀ ਅਤੇ ਉਤਸ਼ਾਹਿਤ ਪੁਰਖਾਂ ਨੂੰ ਦੇਖ ਕੇ ਅੰਦਰ ਪ੍ਰਭੂ-ਮਿਲਾਪ ਦੇ ਜਜ਼ਬੇ ਪੈਦਾ ਹੁੰਦੇ ਨੇ, ਸ਼ੌਕ ਪੈਦਾ ਹੁੰਦੇ ਨੇ। ਸਾਧੂ ਕਰਦਾ ਕੀ ਹੈ:

ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥
ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥

"ਮਨ ਸਾ ਮਿਲਿਆ ਨ ਕੋਇ" ਮਨ ਵਰਗਾ ਸ਼ਕਤੀਸ਼ਾਲੀ ਹੋਰ ਕੋਈ ਨਹੀਂ ਹੈ। ਇਤਨੀ ਛੇਤੀ ਕੋਈ ਵਸਤੂ, ਕੋਈ ਵਾਹਨ, ਇਤਨੀ ਤੀਬਰ ਗਤੀ ਨਾਲ

ਕਿਸੇ ਵੀ ਅਸਥਾਨ 'ਤੇ ਨਹੀਂ ਜਾ ਸਕਦਾ, ਜਿਤਨੀ ਜਲਦੀ ਮਨ। ਖ਼ਿਆਲ ਕੀਤਾ ਤਾਂ ਮਨ ਕਲਕੱਤੇ ਪਹੁੰਚ ਗਿਆ, ਮਨ ਇੱਕੋ ਹੀ ਫੁਰਨੇ ਨਾਲ ਬੰਬਈ ਪਹੁੰਚ ਗਿਆ। ਇਤਨੀ ਤੀਬਰ ਗਤੀ ਨਾਲ ਜਗਤ ਦੀ ਕੋਈ ਵੀ ਚੀਜ਼ ਕਿਤੇ ਨਹੀਂ ਪਹੁੰਚ ਸਕਦੀ। ਪ੍ਰਕਿਰਤੀ ਵਿਚ ਅਸੀਂ ਦੇਖਦੇ ਹਾਂ ਕਿ ਰੌਸ਼ਨੀ ਦੀ ਗਤੀ, ਹਵਾ ਦੀ ਗਤੀ, ਆਵਾਜ਼ ਦੀ ਗਤੀ ਬੜੀ ਤੀਖਣ ਹੈ। ਆਵਾਜ਼ ਇਕ ਥਾਂ ਤੋਂ ਦੂਜੀ ਥਾਂ ਬੜੀ ਤੇਜ਼ੀ ਨਾਲ ਪਹੁੰਚਦੀ ਹੈ। ਸੂਰਜ ਦੀ ਰੌਸ਼ਨੀ ਦੀ ਕਿਰਨ ਦੀ ਰਫ਼ਤਾਰ ਵੀ ਬੜੀ ਤਿੱਖੀ ਹੈ। ਪਵਨ ਵੀ ਬੜੀ ਤੀਖਣ ਗਤੀ ਨਾਲ ਚਲਦੀ ਹੈ, ਪਰ ਜਿਤਨਾ ਤਿੱਖਾ ਮਨ ਹੈ, ਇਤਨਾ ਤਿੱਖਾ ਹੋਰ ਕੋਈ ਨਹੀਂ ਹੈ। ਮਨ ਇਤਨਾ ਸ਼ਕਤੀਸ਼ਾਲੀ ਤੇ ਤੀਬਰ ਗਤੀ ਨਾਲ ਚੱਲਣ ਵਾਲਾ ਹੈ ਕਿ ਇਕ ਸੈਕਿੰਡ ਵਿਚ ਇਹ ਹਜ਼ਾਰਾਂ ਲੱਖਾਂ ਮੀਲ ਦੀ ਵਾਟ ਤਹਿ ਕਰ ਲੈਂਦਾ ਹੈ। ਮਨ ਵਿਚ ਇਤਨੀ ਸ਼ਕਤੀ ਹੈ ਕਿ ਇਹ ਇਕ ਸੈਕਿੰਡ ਵਿਚ ਪਰਮਾਤਮਾ ਤਕ ਵੀ ਪਹੁੰਚ ਸਕਦਾ ਹੈ:

ਏਕ ਚਿਤ ਜਿਹ ਇਕ ਛਿਨ ਧਿਆਇਓ॥
ਕਾਲ ਫਾਸ ਕੇ ਬੀਚ ਨ ਆਇਓ॥ *(ਪਾਤਸ਼ਾਹੀ ੧੦)*

ਇਹੁ ਮਨੁ ਸਕਤੀ ਇਹੁ ਮਨੁ ਸੀਉ॥
ਇਹੁ ਮਨੁ ਪੰਚ ਤਤ ਕੋ ਜੀਉ॥
ਇਹੁ ਮਨੁ ਲੇ ਜਉ ਉਨਮਨਿ ਰਹੈ॥
ਤਉ ਤੀਨਿ ਲੋਕ ਕੀ ਬਾਤੈ ਕਹੈ॥ *(ਗਉੜੀ ਕਬੀਰ ਜੀ, ਪੰਨਾ 342)*

ਪਰ ਅਕਸਰ ਜਿਤਨੀ ਗਤੀ ਨਾਲ ਮਨ ਸੰਸਾਰ 'ਤੇ ਚਲਦਾ ਹੈ, ਪਦਾਰਥਾਂ ਦੀ ਤਰਫ਼ ਦੌੜਦਾ ਹੈ, ਪਰਮਾਤਮਾ ਦੀ ਤਰਫ਼ ਏਨੀ ਤੇਜ਼ ਨਹੀਂ ਦੌੜਦਾ। ਲੱਗਣਾ ਤਾਂ ਚਾਹੀਦਾ ਸੀ ਇਕ ਸੈਕਿੰਡ, ਪਰ ਕਈ ਦਫ਼ਾ 10 ਸਾਲ, ਕਈ ਦਫ਼ਾ 20 ਸਾਲ ਲੱਗ ਜਾਂਦੇ ਨੇ, ਕਈ ਦਫ਼ਾ ਇਕ ਜਨਮ ਲੱਗ ਜਾਂਦਾ ਹੈ ਔਰ ਕਈ ਦਫ਼ਾ ਕਈ ਜਨਮ ਲੱਗ ਜਾਂਦੇ ਨੇ। ਜੈਸੇ ਭਗਤ ਕਬੀਰ ਜੀ ਕਹਿੰਦੇ ਨੇ:

ਪੂਰਬ ਜਨਮ ਹਮ ਤੁਮ੍ਹਰੇ ਸੇਵਕ ਅਬ ਤਉ ਮਿਟਿਆ ਨ ਜਾਈ॥
(ਰਾਮਕਲੀ ਕਬੀਰ ਜੀ, ਪੰਨਾ 970)

ਹੇ ਪ੍ਰਭੂ! ਸਾਧੂ ਤਾਂ ਮੈਂ ਪਿਛਲੇ ਜਨਮ ਵਿਚ ਵੀ ਸੀ; ਸੇਵਕ ਤਾਂ ਮੈਂ ਤੇਰਾ ਪਿਛਲੇ ਜਨਮ ਵਿਚ ਵੀ ਸੀ; ਚਲਦਾ ਰਿਹਾ, ਪਰ ਮੈਂ ਤੇਰੇ ਤਕ ਪਹੁੰਚ ਨਹੀਂ ਸਕਿਆ। ਮੈਂ ਰਸਤੇ ਵਿਚ ਹੀ ਹਾਂ। ਤੋ ਇਹ ਮਨ ਪਰਮਾਤਮਾ ਤਕ ਇਕ ਸੈਕਿੰਡ ਵਿਚ ਵੀ ਪਹੁੰਚ ਸਕਦਾ ਹੈ, ਇਹ ਮਨ ਪਰਮਾਤਮਾ ਤਕ ਪਹੁੰਚਣ ਵਿਚ ਇਕ ਸਾਲ ਵੀ ਲਾ ਸਕਦਾ ਹੈ, ਪੰਜ ਸਾਲ, ਦਸ ਸਾਲ ਵੀ ਲਾ ਸਕਦਾ ਹੈ; ਇਕ ਜਨਮ ਵੀ ਲਗਾ ਸਕਦਾ ਹੈ, ਕਈ ਜਨਮ ਵੀ ਲਗਾ ਸਕਦਾ ਹੈ। ਮਨ ਦੇ

ਪਹੁੰਚਦਿਆਂ ਫਿਰ ਇਸ ਤਨ ਦੀ ਲੋੜ ਨਹੀਂ ਰਹਿੰਦੀ, ਐਸਾ ਮਨੁੱਖ ਜਨਮ-ਮਰਨ ਤੋਂ ਰਹਿਤ ਹੋ ਜਾਂਦਾ ਹੈ ਔਰ ਜੋ ਜਨਮ-ਮਰਨ ਤੋਂ ਰਹਿਤ ਹੋ ਜਾਂਦਾ ਹੈ, ਉੱਚਾ ਉਠ ਜਾਂਦਾ ਹੈ, ਬੱਸ ਉਸੇ ਨੂੰ ਸੰਤ ਕਹਿੰਦੇ ਨੇ। ਇਹ ਸਾਧੂ ਹੁਣ ਸੰਤ ਹੋ ਗਿਐ।

ਜੋ ਸਾਧਨਾ ਵਿਚ ਲੀਨ ਹੈ, ਸਾਧੂ ਹੈ। ਜੈਸੇ ਅਸੀਂ 'ਮਾਰਗ' 'ਤੇ ਦੇਖਦੇ ਹਾਂ ਕਿ ਕੁਛ ਵਾਹਨ ਧੀਮੀ ਗਤੀ ਨਾਲ ਚਲਦੇ ਨੇ, ਕੁਛ ਵਾਹਨ ਤੀਬਰ ਗਤੀ ਨਾਲ ਚਲਦੇ ਨੇ। ਕੋਈ ਬਹੁਤ ਤਿੱਖੇ ਚਲਦੇ ਨੇ, ਕੋਈ ਹੌਲੇ ਚਲਦੇ ਨੇ। ਸਾਧੂਆਂ ਵਿਚ ਵੀ ਅਸੀਂ ਦੇਖ ਸਕਦੇ ਹਾਂ ਕਿ ਕੋਈ ਧੀਰੇ ਧੀਰੇ ਚੱਲ ਰਿਹਾ ਹੈ, ਕੋਈ ਤੀਖਣ ਗਤੀ ਨਾਲ ਚੱਲ ਰਿਹਾ ਹੈ। ਲੇਕਿਨ ਇਹ ਫ਼ਾਸਲਾ ਇਕ ਸੈਕਿੰਡ ਵਿਚ ਤਹਿ ਹੋ ਸਕਦਾ ਹੈ, ਇਹ ਗੱਲ ਵੱਖਰੀ ਹੈ ਕਿ ਹੁਣ ਇਸ ਫ਼ਾਸਲੇ ਨੂੰ ਕਈ ਘੰਟੇ ਲਗਦੇ ਨੇ, ਕਈ ਸਾਲ ਲਗਦੇ ਨੇ ਯਾ ਕਈ ਜਨਮ ਲਗਦੇ ਨੇ। ਇਹ ਸਭ ਕੁਛ ਮਨੁੱਖ ਦੀ ਚਾਲ 'ਤੇ ਨਿਰਭਰ ਹੁੰਦਾ ਹੈ। ਚਾਲ ਸੁਸਤ ਨਾ ਹੋਵੇ, ਇਸੇ ਲਈ ਰੋਜ਼ ਦਾ ਸਤਿਸੰਗ ਦੱਸਿਆ ਗਿਆ ਹੈ। ਇਥੋਂ ਪ੍ਰੇਰਨਾ ਮਿਲਦੀ ਰਹੇ ਤਾਂ ਕਿ ਮਨ ਚਲਦਾ ਰਹੇ:

ਚਲੁ ਰੇ ਬੈਕੁੰਠ ਤੁਝਹਿ ਲੇ ਤਾਰਉ ॥
ਹਿਚਹਿ ਤ ਪ੍ਰੇਮ ਕੈ ਚਾਬੁਕ ਮਾਰਉ ॥ *(ਗਉੜੀ ਕਬੀਰ ਜੀ, ਪੰਨਾ 329)*

ਐ ਮਨ! ਜੇ ਤੂੰ ਰੁਕਿਆ ਤਾਂ ਮੈਂ ਪ੍ਰੇਮ ਦੇ ਚਾਬਕ ਮਾਰ ਮਾਰ ਕੇ ਚਲਾਣਾ ਹੈ। ਤੋ ਇਤਨਾ ਜੋ ਚਲਾ ਰਿਹਾ ਹੈ, ਉਸੇ ਨੂੰ ਸਾਧੂ ਕਹਿੰਦੇ ਨੇ।

•

ਸੰਤ

ਪੂਰਨ ਸੰਤ ਪੂਰਨ ਪੁਰਖ ਹੈ। ਪੂਰਨ ਸੰਤ ਮੁਕੰਮਲ ਇਨਸਾਨ ਹੈ। ਪੂਰਨ ਸੰਤ ਉਹ ਚਿੰਗਾਰੀ ਹੈ, ਜੋ ਸੂਰਜ ਬਣ ਗਈ; ਉਹ ਬੂੰਦ ਹੈ, ਜੋ ਸਾਗਰ ਬਣ ਗਈ; ਆਤਮਾ, ਪਰਮਾਤਮਾ ਬਣ ਗਈ। ਇਨਸਾਨ ਭਗਵਾਨ ਹੋ ਗਿਆ, ਮਨੁੱਖ ਪਰਮਾਤਮਾ ਹੋ ਗਿਆ; ਪੂਰਨ, ਮੁਕੰਮਲ ਹੋ ਗਿਆ :

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥

(ਗਉੜੀ ਕੀ ਵਾਰ, ਮਹਲਾ ੫, ਪੰਨਾ 319)

ਸਾਧੂ ਵੀ ਅਜੇ ਅਧੂਰਾ ਹੈ। ਜਗਿਆਸੂ ਅਜੇ ਬਸ ਚਲਿਆ ਹੀ ਹੈ। ਸੰਸਾਰੀ ਅਨਘੜਿਆ ਪੱਥਰ ਹੈ ਔਰ ਅਨਘੜਿਆ ਪੱਥਰ ਕਿਸੇ ਕੰਮ ਦਾ ਨਹੀਂ ਹੁੰਦਾ। ਹੋ ਸਕਦਾ ਹੈ ਰਸਤੇ ਦਾ ਰੋੜਾ ਹੀ ਬਣ ਜਾਏ। ਜਗਿਆਸੂ ਉਹ ਜਿਸਨੇ ਇਸ ਅਨਘੜੇ ਪੱਥਰ ਨੂੰ ਘੜਨ ਦਾ ਸੋਚ ਲਿਐ। ਇਸ ਨੇ ਇਸ ਨੂੰ ਘੜਨਾ ਹੈ। ਔਰ ਸਾਧੂ ਜੋ ਇਸ ਪੱਥਰ ਨੂੰ ਸਿਮਰਨ ਦੀ ਹਥੌੜੀ ਲੈ ਕੇ, ਜਤ ਦਾ ਛੈਣਾ ਲੈ ਕੇ ਘੜਨ ਲੱਗ ਪਿਐ :

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ *(ਜਪੁ ਜੀ)*

ਜਿਸ ਨੇ ਘੜਨਾ ਆਰੰਭ ਕਰ ਦਿੱਤੈ, ਯਾ ਜਿਸ ਨੇ ਘੜ ਲਿਐ। ਵਾਸਤਵ ਵਿਚ ਘੜਨਾ ਕੀ ਹੈ ? ਕੁਛ ਫਾਲਤੂ ਪੱਥਰ ਨੂੰ ਪਰ੍ਹੇ ਕਰ ਕੇ ਮੂਰਤੀਮਾਨ ਕਰਨਾ ਹੈ। ਔਰ ਜੋ ਘੜਨ ਵਿਚ ਜਿੱਤ ਗਿਆ, ਉਹ ਸਾਧੂ ਹੈ, ਤੇ ਜਿਸ ਨੇ ਘੜ ਕੇ ਪੱਥਰ ਨੂੰ ਪਰਮਾਤਮਾ ਦਾ ਰੂਪ ਬਣਾ ਲਿਆ, ਉਹ ਸੰਤ ਹੈ, ਉਹ ਪੂਰਨ ਸੰਤ ਹੈ। ਐਸਾ ਸੰਤ, ਮਹਾਰਾਜ ਜੀ ਦੀ ਬਾਣੀ ਕਹਿੰਦੀ ਹੈ, "ਸੰਤ ਰਾਮ ਮਹਿ ਭੇਦ ਨ ਭਾਈ ॥" ਰਾਮ ਸੰਤ ਹੈ, ਸੰਤ ਰਾਮ ਹੈ; ਪਰਮਾਤਮਾ ਸੰਤ ਹੈ, ਸੰਤ ਪਰਮਾਤਮਾ ਹੈ। ਗੁਰੂ ਨਾਨਕ ਦੇਵ ਜੀ ਇਸ ਨੂੰ ਇੰਜ ਬਿਆਨ ਕਰਦੇ ਨੇ :

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ... ॥ *(ਰਾਮਕਲੀ ਮ: ੧, ਪੰਨਾ 878)*

ਬੂੰਦ ਅਲੱਗ ਸੀ ਤਾਂ ਅਲੱਗ ਹੁੰਦਿਆਂ ਸਾਗਰ ਦੀ ਬੂੰਦ ਸੀ। ਬੂੰਦ ਸਾਗਰ

ਦੇ ਵਿਚ ਲੀਨ ਹੋ ਗਈ, ਬੂੰਦ ਵੀ ਸਾਗਰ ਬਣ ਗਈ। ਬੂੰਦ ਇਕੱਲੀ ਸੀ ਤਾਂ ਸੀਮਿਤ ਸੀ, ਸਾਗਰ ਵਿਚ ਮਿਲ ਗਈ, ਅਸੀਮ ਹੋ ਗਈ। ਬੂੰਦ ਸੀ, ਸੁੱਕ ਜਾਣ ਦਾ ਡਰ ਸੀ। ਯਾ ਤਾਂ ਇਸ ਬੂੰਦ ਨੂੰ ਧਰਤੀ ਨੇ ਜਜ਼ਬ ਕਰ ਲੈਣਾ ਸੀ ਯਾ ਫਿਰ ਸੂਰਜ ਦੀਆਂ ਕਿਰਨਾਂ ਨੇ ਸੁਕਾ ਕੇ ਰੱਖ ਦੇਣਾ ਸੀ। ਬੂੰਦ ਦੀ ਸਮਰੱਥਾ ਸੀਮਿਤ ਹੈ, ਬੂੰਦ ਨਾਪੀ ਤੋਲੀ ਜਾ ਸਕਦੀ ਹੈ, ਸਾਗਰ ਨਹੀਂ। ਤੋ ਬੂੰਦ ਵਿਚ ਸਾਗਰ ਹੋਣ ਦੀ ਸਮਰੱਥਾ ਛੁਪੀ ਪਈ ਹੈ ਔਰ ਮਨ ਵਿਚ ਪਰਮਾਤਮਾ ਹੋਣ ਦੀ ਸਮਰੱਥਾ ਛੁਪੀ ਹੋਈ ਹੈ ਅਗਰ ਮਨ ਨੂੰ ਗਤੀਮਾਨ ਕਰ ਲਿਆ ਜਾਵੇ। ਬੂੰਦ ਵੀ ਗਤੀਮਾਨ ਹੋ ਸਕਦੀ ਹੈ, ਅਗਰ ਅਨੇਕਾਂ ਬੂੰਦਾਂ ਦਾ ਸਹਾਰਾ ਮਿਲ ਜਾਏ। ਬੂੰਦਾਂ ਤੋਂ ਭਾਵ ਸੰਸਾਰ ਦੇ ਸਮੱਸਤ ਸਤਿ ਭਗਤਾਂ, ਅਵਤਾਰੀ ਪੁਰਸ਼ਾਂ ਦਾ ਸਹਾਰਾ ਪਕੜਨਾ, ਇਨ੍ਹਾਂ ਦੇ ਸਹਾਰੇ ਨਾਲ ਚੱਲਣਾ, ਇਨ੍ਹਾਂ ਦੇ ਬੋਲਾਂ ਦਾ ਸਹਾਰਾ ਪਕੜਨਾ, ਇਨ੍ਹਾਂ ਦੇ ਪੂਰਨਿਆਂ 'ਤੇ ਚੱਲਣਾ, ਇਨ੍ਹਾਂ ਦੇ ਦਰਸਾਏ ਹੋਏ ਮਾਰਗ 'ਤੇ ਚੱਲਣਾ, ਇਨ੍ਹਾਂ ਦੇ ਜਗਤ ਨੂੰ ਦਰਸਾਏ ਗਏ ਸੰਦੇਸ਼ਾਂ ਦਾ ਸਹਾਰਾ ਪਕੜ ਕੇ ਪਹੁੰਚ ਜਾਣਾ; ਔਰ ਜੋ ਪਹੁੰਚ ਗਿਆ, ਉਹ ਸੰਤ ਹੈ। ਸੰਤ ਦੇ ਦਰਸ਼ਨ ਰਾਮ ਦੇ ਦਰਸ਼ਨ ਨੇ। ਜੈਸੇ ਰਾਮ ਦੇ ਦਰਸ਼ਨ ਬੜੇ ਦੁਰਲਭ ਨੇ, ਤਿਵੇਂ ਹੀ:

ਸੰਤ ਕਾ ਸੰਗੁ ਵਡਭਾਗੀ ਪਾਈਐ॥

(ਗਉੜੀ ਸੁਖਮਨੀ ਮ: ੫, ਪੰਨਾ 265)

ਸੰਤ ਦੀ ਸੰਗਤ, ਸੰਤ ਦੇ ਕੋਲ ਬੈਠਣਾ, ਸੰਤ ਦਾ ਦੀਦਾਰ ਕਿਧਰੇ ਭਾਗਾਂ ਨਾਲ ਮਿਲਦਾ ਹੈ। ਕਿਉਂ ?

ਚੰਦਨ ਤਰ ਨਾ ਬਨੁ ਬਨੁ, ਸੰਤ ਨ ਪੁਰ ਪੁਰ ਮਾਹਿ।

ਜੈਸੇ ਚੰਦਨ ਦਾ ਬਿਰਖ ਹਰ ਜਗ੍ਹਾ ਨਹੀਂ ਹੈ। ਸਾਰੀ ਦੁਨੀਆ ਵਿਚ ਇਹ ਚੰਦਨ ਕੇਵਲ ਕਰਨਾਟਕ ਵਿਚ ਮਿਲਦਾ ਹੈ, ਹੋਰ ਕਿਧਰੇ ਵੀ ਨਹੀਂ। ਸਾਰੀ ਦੁਨੀਆ ਵਿਚ ਕੇਸਰ, ਕਸ਼ਮੀਰ ਯਾ ਸਪੇਨ (ਯੂਰਪ) ਵਿਚ ਪੈਦਾ ਹੁੰਦਾ ਹੈ, ਹੋਰ ਕਿਧਰੇ ਵੀ ਨਹੀਂ। ਕੇਸਰ ਉਗਿਆ ਹੋਇਆ ਵੇਖਣਾ ਹੋਵੇ ਤਾਂ ਕਸ਼ਮੀਰ ਜਾਣਾ ਪਏਗਾ, ਸਪੇਨ ਜਾਣਾ ਪਏਗਾ। ਚੰਦਨ ਦੇ ਦਰੱਖ਼ਤ ਦੇਖਣੇ ਹੋਣ ਤਾਂ ਕਰਨਾਟਕ ਭਾਰਤਵਰਸ਼ (ਇੰਡੀਆ) ਵਿਚ ਮਿਲਣਗੇ। ਇਵੇਂ ਹੀ ਅਗਰ ਸੰਤ ਦੇ ਦਰਸ਼ਨ ਕਰਨੇ ਹੋਣ ਤਾਂ ਪ੍ਰਥਮ ਤਾਂ ਐਸੀ ਪ੍ਰਾਰਬਧ ਹੋਣੀ ਚਾਹੀਦੀ ਹੈ, ਐਸੇ ਭਾਗ ਹੋਣੇ ਚਾਹੀਦੇ ਹਨ। ਹਰ ਜਗ੍ਹਾ ਸੰਤ ਵੀ ਨਹੀਂ ਹੈ, ਕਿਧਰੇ ਕਿਧਰੇ ਹੈ। ਕਿਸੇ ਟਾਵੇਂ ਮੁਲਕ ਵਿਚ, ਕਿਸੇ ਟਾਵੇਂ ਸ਼ਹਿਰ ਵਿਚ, ਹਰ ਕਸਬੇ ਵਿਚ ਸੰਤ ਨਹੀਂ ਹੈ। ਸੰਤ ਦੀ ਸੰਗਤ ਉਹ ਹੈ, ਜੋ ਪ੍ਰਭੂ ਚਿੰਤਨ ਕਰਾ ਦੇਵੇ। ਇਨ੍ਹਾਂ ਸੰਤਾਂ ਨੂੰ ਤਿੰਨ ਕੋਟੀਆਂ ਵਿਚ ਵੰਡਿਆ ਜਾ ਸਕਦਾ ਹੈ:

ਪਹਿਲੀ ਸੰਤ ਸ਼੍ਰੇਣੀ

ਕੁਛ ਸੰਤ ਐਸੇ ਨੇ, ਜੋ ਜਨਮ ਤੋਂ ਹੀ ਸੰਤ ਬਿਰਤੀ ਲੈ ਕੇ ਜਨਮੇ ਨੇ। ਸੰਸਾਰੀ, ਜਗਿਆਸੂ, ਸਾਧੂ, ਇਸ ਤਲ ਤੋਂ ਨਹੀਂ ਲੰਘੇ। ਇਹ ਇਸ ਤਰ੍ਹਾਂ ਸਮਝ ਲਵੋ, ਜੈਸੇ ਸਾਗਰ ਤੋਂ ਬੱਦਲ ਉਠੇ ਤੇ ਬੱਦਲ ਸਾਗਰ ਦੇ ਵਿਚ ਹੀ ਬਰਸ ਪਏ। ਬੂੰਦ ਸਿੱਧੀ ਸਾਗਰ ਵਿਚ ਡਿੱਗ ਪਈ। ਅਗਰ ਬੂੰਦ ਪਹਾੜ 'ਤੇ ਡਿਗਦੀ, ਜੰਮ ਕੇ ਬਰਫ਼ ਬਣਦੀ, ਫਿਰ ਪਿਘਲ ਕੇ ਪਾਣੀ ਬਣਦੀ, ਫਿਰ ਅਨੰਤ ਬੂੰਦਾਂ ਦਾ ਸਹਾਰਾ ਲੈ ਕੇ ਚੱਲ ਪੈਂਦੀ, ਫਿਰ ਝਰਨਾ ਬਣ ਕੇ ਤੇ ਅਗਾਂਹ ਹੋਰ ਅਨੇਕਾਂ ਝਰਨਿਆਂ ਦਾ ਸਹਾਰਾ ਲੈ ਕੇ, ਫਿਰ ਲੰਬੀ ਯਾਤਰਾ, ਮਾਰੂਥਲ, ਕਸਬੇ ਤੇ ਸ਼ਹਿਰ, ਜੰਗਲਾਂ ਨੂੰ ਛੂੰਹਦੀ, ਫਿਰ ਕਿਧਰੇ ਸਾਗਰ ਦਾ ਮਿਲਾਪ ਹੈ। ਫਿਰ ਸਾਗਰ ਵਿੱਚੋਂ ਬੱਦਲ ਉਠੇ, ਫਿਰ ਸਾਗਰ ਵਿਚ ਬਰਸੇ। ਇਵੇਂ ਹੀ ਪਰਮਾਤਮਾ ਤੋਂ ਆਤਮਾ ਆਈ, ਫਿਰ ਪਰਮਾਤਮਾ ਵਿਚ ਲੀਨ ਹੋ ਗਈ। ਪਰਮਾਤਮਾ ਦੇ ਵਿੱਚੋਂ ਆਈ, ਪਰਮਾਤਮਾ 'ਤੇ ਛਾਈ ਰਹੀ। ਸਾਗਰ ਵਿੱਚੋਂ ਬੱਦਲ ਉਠੇ, ਸਾਗਰ 'ਤੇ ਹੀ ਛਾਏ ਰਹੇ, ਸਾਗਰ ਦੇ ਵਿਚ ਹੀ ਬਰਸ ਪਏ। ਇਹ ਪਹਿਲੀ ਸ਼੍ਰੇਣੀ ਦੇ ਸੰਤ ਨੇ, ਇਨ੍ਹਾਂ ਨੂੰ ਸੰਤ ਕਹਿੰਦੇ ਨੇ। ਇਹ ਜਨਮ ਤੋਂ ਹੀ ਬ੍ਰਹਮ ਗਿਆਨੀ ਹੁੰਦੇ ਨੇ, ਇਹ ਜਨਮ ਤੋਂ ਹੀ ਰੱਬੀ ਰੂਪ ਹੁੰਦੇ ਹਨ, ਪਰਮਾਤਮਾ ਦਾ ਹੀ ਰੂਪ ਹੁੰਦੇ ਨੇ। ਅਗਰ ਇਹ ਜਨਮ ਤੋਂ ਹੀ ਮੁਕਤ ਨੇ ਤਾਂ ਫਿਰ ਇਹ ਸਾਗਰ ਪਰਮਾਤਮਾ ਤੋਂ ਅਲੱਗ ਕਿਉਂ ਹੋਏ ਨੇ, ਕਿਉਂਕਿ ਇਹ ਸਿਰਫ਼ ਸੰਸਾਰ ਦੀ ਖ਼ਾਤਰ ਆਉਂਦੇ ਨੇ :

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥

(ਸੂਹੀ ਮ: ੫, ਪੰਨਾ 749)

ਇਨ੍ਹਾਂ ਸਾਰੀਆਂ ਬੂੰਦਾਂ ਨੂੰ ਸਾਗਰ ਤਕ ਪਹੁੰਚਾਣਾ ਹੈ ਇਨ੍ਹਾਂ ਨੇ। ਔਰ ਜੋ ਹਰ ਬੂੰਦ ਦਾ ਆਸਰਾ ਬਣਨਾ ਚਾਹੁੰਦੇ ਨੇ, ਉਨ੍ਹਾਂ ਨੂੰ ਅਵਤਾਰ ਕਹਿੰਦੇ ਨੇ। ਜੈਸੇ ਕੁਛ ਬੂੰਦਾਂ ਛੋਟੀਆਂ ਹੁੰਦੀਆਂ ਨੇ, ਕੋਈ ਮੋਟੀਆਂ, ਕੋਈ ਬਹੁਤ ਮੋਟੀਆਂ। ਇਵੇਂ ਹੀ ਅਵਤਾਰਾਂ ਵਿਚ ਵੀ ਬਹੁਤ ਸ਼੍ਰੇਣੀਆਂ ਹੁੰਦੀਆਂ ਨੇ; ਕੋਈ ਦੋ ਕਲਾ ਅਵਤਾਰ ਹੈ, ਕੋਈ ਚਾਰ ਕਲਾ, ਕੋਈ ਅੱਠ ਕਲਾ, ਕੋਈ ਬਾਰਾਂ ਕਲਾ, ਕੋਈ ਚੌਦਾਂ ਕਲਾ, ਕੋਈ ਸੋਲਾਂ ਕਲਾ, ਕੋਈ ਅਨੰਤ ਕਲਾ।

ਤੇ ਅਨੰਤ ਕਲਾ ਸੰਪੂਰਨ ਅਵਤਾਰ ਨੇ, ਔਰ ਇਹ ਨੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ। ਇਹ ਬੂੰਦ ਆਪਣੇ ਅੰਦਰ ਤੜਪ ਰੱਖਦੀ ਏ। ਇਹ ਬੂੰਦ ਬਹੁਤਿਆਂ ਦਾ ਸਹਾਰਾ ਬਣੀ, ਬੜੀਆਂ ਬੂੰਦਾਂ ਨੂੰ ਸਾਗਰ ਰੂਪੀ ਪਰਮਾਤਮਾ ਤਕ ਪਹੁੰਚਾਇਆ ਇਸ ਬੂੰਦ ਨੇ। ਇਹ ਬੂੰਦ ਜੋਗੀਆਂ ਦਾ ਸਹਾਰਾ ਬਣੀ, ਸਿੱਧਾਂ ਦਾ, ਮੱਕੇ ਦੇ ਹਾਜੀਆਂ ਦਾ, ਜੰਗਲ ਦੇ ਡਾਕੂਆਂ ਦਾ ਸਹਾਰਾ ਬਣੀ; ਠੱਗਾਂ ਦਾ, ਸੰਸਾਰੀਆਂ ਦਾ, ਵਿਕਾਰੀਆਂ ਦਾ ਤੇ ਬਾਦਸ਼ਾਹਾਂ ਦਾ, ਕੰਗਾਲਾਂ ਦਾ,

ਕੋਹੜੀਆਂ ਦਾ ਸਹਾਰਾ ਬਣੀ। ਇਤਨੀ ਵੱਡੀ ਬੂੰਦ, ਇਤਨੀ ਵੱਡੀ ਬੂੰਦ! ਇਸ ਵਾਸਤੇ ਇਸ ਬੂੰਦ ਦਾ ਨਾਮ ਪਿਆ ਗੁਰਪੁਰਸ਼ੋਤਮ ਅਵਤਾਰ। ਇਹ ਬੂੰਦ, ਇਹ ਅਵਤਾਰ ਸਿਰਮੌਰ ਹੈ। ਇਤਨੀ ਵੱਡੀ ਬੂੰਦ! ਤੇ ਸੰਤਾਂ ਦੀ ਇਹ ਸਿਰਮੌਰ ਸ਼੍ਰੇਣੀ ਹੈ।

ਦੂਸਰਾ ਸੰਤ ਤਬਕਾ

ਜੋ ਪਹਿਲੇ ਸੰਸਾਰੀ ਸਨ, ਫਿਰ ਜਗਿਆਸੂ ਬਣੇ, ਫਿਰ ਸਾਧੂ ਬਣੇ, ਫਿਰ ਸੰਤ ਹੋ ਗਏ; ਇਹ ਦੂਸਰਾ ਤਬਕਾ। ਜੋ ਚੱਲ ਚੱਲ ਕੇ ਸੰਤ ਬਣੇ, ਜੋ ਸਾਧਨਾ ਕਰ ਕਰ ਕੇ ਸਾਗਰ ਤਕ ਪਹੁੰਚੇ, ਉਹ ਵੀ ਸਾਗਰ ਨੇ, ਅਵਤਾਰ ਵੀ ਸਾਗਰ ਨੇ। ਭਾਵੇਂ ਸਾਗਰ ਵਿਚ ਲੀਨ ਤਾਂ ਹੋ ਗਏ, ਪਰ ਰਸਤਿਆਂ ਵਿਚ ਫ਼ਰਕ ਹੈ, ਜਿਨ੍ਹਾਂ ਜਿਨ੍ਹਾਂ ਮਾਰਗਾਂ 'ਤੇ ਚੱਲ ਕੇ ਕੋਈ ਸੰਤ ਪਹੁੰਚਿਆ ਹੈ, ਜਗਿਆਸੂ ਸਾਧਨਾ ਕਰਕੇ ਪਹੁੰਚਿਆ ਹੈ। ਤੇ ਉਹ ਦੋ ਮਾਰਗ ਪੰਥ ਬਣ ਜਾਂਦੇ ਨੇ, ਸੰਪਰਦਾਵਾਂ ਬਣ ਜਾਂਦੀਆਂ ਨੇ। ਤੇ ਐਸੇ ਸੰਤਾਂ ਕਰਕੇ ਇਹ ਸੰਪਰਦਾਵਾਂ ਬਣਦੀਆਂ ਗਈਆਂ, ਜਿਹੜੇ ਕਿ ਸਾਧਨਾ ਕਰ ਕਰ ਕੇ ਪਹੁੰਚੇ ਨੇ।

ਭਾਵੇਂ ਕਿ ਇਹ ਅਵਤਾਰੀ ਪੁਰਸ਼, ਜੋ ਜਨਮ ਤੋਂ ਅਵਤਾਰੀ ਪੁਰਸ਼ ਸਨ, ਸਰਬੱਤ ਦੇ ਸਾਂਝੇ ਹੁੰਦੇ ਨੇ, ਔਰ ਇਹ ਐਸਾ ਮਾਰਗ ਬਣਾਉਂਦੇ ਨੇ, ਜਿਸ ਉੱਤੇ ਸਾਰੇ ਚੱਲ ਸਕਣ। ਰੂਏ-ਜ਼ਮੀਨ 'ਤੇ ਇਸ ਤਰ੍ਹਾਂ ਦਾ ਮਾਰਗ ਇੱਕੋ ਹੀ ਮਾਰਗ ਹੈ—ਗੁਰੂ ਪੰਥ—ਗੁਰੂ ਦਾ ਰਸਤਾ। ਇਸ ਰਸਤੇ ਹਿੰਦੂ ਚੱਲ ਸਕਦੇ ਨੇ ਔਰ ਚਲਦੇ ਨੇ, ਇਸ ਰਸਤੇ 'ਤੇ ਮੁਸਲਿਮ ਚੱਲ ਸਕਦੇ ਨੇ ਔਰ ਚਲਦੇ ਨੇ; ਇਸ ਰਸਤੇ 'ਤੇ ਸਿਖ ਚਲਦੇ ਨੇ, ਇਸ ਮਾਰਗ 'ਤੇ ਸਾਰੇ ਹੀ ਚਲਦੇ ਨੇ:

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥

(ਮਾਝ ਮ: ੫, ਪੰਨਾ 97)

ਇਹੀ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਨੇ ਬਾਬਾ ਫ਼ਰੀਦ ਨੂੰ, ਭਗਤ ਕਬੀਰ ਨੂੰ, ਰਾਮਾਨੰਦ ਨੂੰ, ਪਰਮਾਨੰਦ ਨੂੰ, ਸਭ ਨੂੰ ਗਲੇ ਲਗਾਇਆ ਹੈ।

ਸਿਖ ਪੰਥ, ਗੁਰੂ ਪੰਥ, ਇਕ ਐਸਾ ਪੰਥ ਹੈ, ਜਿਸ ਉੱਤੇ ਕੋਈ ਵਿਅਕਤੀ ਦਾਅਵਾ ਨਹੀਂ ਕਰ ਸਕਦਾ ਕਿ ਇਹ ਮੇਰਾ ਹੈ। ਸੰਸਾਰ ਦਾਅਵਾ ਕਰ ਸਕਦਾ ਹੈ ਕਿ ਗੁਰੂ ਨਾਨਕ ਮੇਰਾ ਹੈ, ਗੁਰੂ ਗ੍ਰੰਥ ਸਾਹਿਬ ਮੇਰਾ ਹੈ। ਇਸ ਵਾਸਤੇ ਅਸੀਂ ਦੇਖਦੇ ਹਾਂ ਕਿ ਵੱਖ ਵੱਖ ਲੋਕ, ਦਿਨੋ ਦਿਨ ਧੰਨ ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਹੋਈ ਬਾਣੀ ਦਾ ਆਸਰਾ ਪਕੜ ਕੇ, ਪਰਮਾਤਮਾ ਤਕ ਪਹੁੰਚਣ ਦਾ ਵਸੀਲਾ ਉਪਲਬਧ ਕਰਦੇ ਨੇ। ਤੇ ਜਿਹੜੇ ਚੱਲ ਚੱਲ ਕੇ ਪਹੁੰਚੇ ਨੇ, ਉਨ੍ਹਾਂ ਦੇ ਚੱਲਣ ਨਾਲ ਉਨ੍ਹਾਂ ਦੇ ਕਦਮਾਂ ਦੇ ਜੋ ਨਿਸ਼ਾਨ ਨੇ, ਸੰਪਰਦਾਵਾਂ ਬਣਦੀਆਂ

ਨੇ, ਰਸਤੇ ਬਣਦੇ ਨੇ, ਮਾਰਗ ਬਣਦੇ ਨੇ, ਔਰ ਉਨ੍ਹਾਂ ਕਰਕੇ ਭਿੰਨ ਭਿੰਨ ਧਰਮ ਮੰਦਿਰ ਬਣਦੇ ਨੇ, ਧਰਮ ਗ੍ਰੰਥ ਬਣਦੇ ਨੇ ਔਰ ਉਨ੍ਹਾਂ ਦੀਆਂ ਆਪਣੀਆਂ ਮਰਿਆਦਾਵਾਂ ਬਣਦੀਆਂ ਨੇ। ਇਹ ਦੂਸਰੀ ਕੋਟੀ ਦੇ ਸੰਤ ਨੇ, ਜੋ ਚੱਲ ਚੱਲ ਕੇ ਸੰਤ ਬਣ ਗਏ ਨੇ, ਉਨ੍ਹਾਂ ਦੇ ਕਦਮਾਂ ਦੇ ਨਿਸ਼ਾਨ ਬਣਦੇ ਗਏ, ਉਹ ਸਾਗਰ ਹੋ ਗਏ।

ਤੀਸਰੀ ਸੰਤ ਸ਼੍ਰੇਣੀ

ਜਿਨ੍ਹਾਂ ਦੇ ਕਦਮਾਂ ਦੇ ਨਿਸ਼ਾਨ ਨਹੀਂ ਬਣਦੇ, ਲੇਕਿਨ ਸਾਗਰ ਹੋ ਗਏ ਨੇ, ਸਾਗਰ ਤਕ ਪਹੁੰਚ ਗਏ ਨੇ। ਕਦਮਾਂ ਦੇ ਨਿਸ਼ਾਨ ਨਹੀਂ ਬਣਦੇ, ਇਤਨੇ ਜ਼ੋਰ ਦੇ ਕਦਮ ਜ਼ਮੀਨ 'ਤੇ ਰੱਖੇ ਹੀ ਨਹੀਂ ਕਿ ਨਿਸ਼ਾਨ ਬਣਨ, ਭਾਵ ਉਹ ਬੋਲੇ ਨਹੀਂ। ਚਲਦੇ ਰਹੇ, ਪਰ ਬੋਲੇ ਨਹੀਂ। ਚਲਦੇ ਤਾਂ ਰਹੇ, ਪਰ ਆਪਣਾ ਗਿਆਨ, ਆਪਣਾ ਅਨੁਭਵ, ਆਪਣਾ ਰਸ, ਜਗਤ ਦੇ ਸਾਹਮਣੇ ਬੋਲਾਂ ਰਾਹੀਂ ਪ੍ਰਗਟ ਨਾ ਕਰ ਸਕੇ। ਔਰ ਨਾ ਬੋਲਣ ਦੇ ਦੋ ਕਾਰਨ ਨੇ। ਇਕ ਕਾਰਨ ਇਹ ਕਿ ਬੋਲਾਂ ਦਾ ਜਗਤ ਨਾਲ ਕਈ ਦਫ਼ਾ ਤਾਲ-ਮੇਲ ਨਹੀਂ ਬੈਠਦਾ, ਇਹ ਬਹੁਤ ਅੱਗੇ ਲੰਘ ਗਏ ਹੁੰਦੇ ਨੇ। ਇਹ ਜੋ ਕੁਛ ਵੀ ਬੋਲਦੇ ਨੇ, ਪੱਛੜਿਆਂ ਹੋਇਆਂ ਲੋਕਾਂ ਨਾਲ ਉਨ੍ਹਾਂ ਦੇ ਬੋਲਾਂ ਦਾ ਤਾਲ-ਮੇਲ ਨਹੀਂ ਮਿਲਦਾ। ਜੈਸੇ ਚੌਥੀ ਕਲਾਸ ਦਾ ਵਿਦਿਆਰਥੀ ਹੋਵੇ ਤੇ ਉਸਦੇ ਸਾਹਮਣੇ ਦਸਵੀਂ ਕਲਾਸ ਦੀ ਕਿਤਾਬ ਰੱਖ ਦੇਈਏ ਤੇ ਉਸ ਨੂੰ ਆਖੀਏ ਕਿ ਪੜ੍ਹ, ਯਾ ਆਪ ਪੜ੍ਹ ਕੇ ਉਸ ਨੂੰ ਸੁਣਾਈਏ, ਉਸ ਨੂੰ ਕੋਈ ਲਾਭ ਨਹੀਂ ਹੁੰਦਾ। ਜੋ ਕਾਲਜ ਵਿਚ ਚਲਾ ਗਿਆ, ਉਸ ਨੂੰ ਵੀ ਕੋਈ ਲਾਭ ਨਹੀਂ ਹੁੰਦਾ। ਯੂਨੀਵਰਸਿਟੀ ਵਿਚ ਜੋ ਚਲਿਆ ਗਿਆ ਹੈ, ਉਸਨੂੰ ਪੜ੍ਹਾਈਏ ਯਾ ਪੜ੍ਹ ਕੇ ਸੁਣਾਈਏ, ਉਸ ਨੂੰ ਵੀ ਕੋਈ ਲਾਭ ਨਹੀਂ ਹੁੰਦਾ। ਉਹ ਉਸ ਤੋਂ ਅੱਗੇ ਚਲਿਆ ਗਿਐ, ਲਾਭ ਲੈ ਸਕੇ, ਇਹ ਉਸ ਤੋਂ ਥੱਲੇ ਹੈ। ਜਦ ਕੋਈ ਸਾਧੂ ਉਪਦੇਸ਼ ਕਰਦਾ ਹੈ ਤਾਂ ਸੰਤ ਲਈ ਕੁਛ ਭੀ ਲਾਭਦਾਇਕ ਨਹੀਂ ਹੋ ਸਕਦਾ, ਕਿਉਂਕਿ ਸੰਤ ਪਹੁੰਚਿਆ ਹੋਇਆ ਹੈ। ਪਰ ਜਿਹੜਾ ਅਜੇ ਜਗਿਆਸੂ ਹੈ, ਉਸਦਾ ਤਾਂ ਤਾਲ-ਮੇਲ ਨਹੀਂ ਬੈਠਦਾ। ਇਸ ਵਾਸਤੇ ਇਹ ਸ਼੍ਰੇਣੀ ਮੂੰਹੋਂ ਕੁਛ ਨਹੀਂ ਬੋਲਦੀ, ਇਹ ਸਿਰਫ਼ ਇਸ ਤਰ੍ਹਾਂ ਹੈ, ਜਿਵੇਂ ਪ੍ਰਾਇਮਰੀ ਸਕੂਲ ਦੇ ਵਿਦਿਆਰਥੀ ਨੇ।

ਦੂਸਰੇ ਉਹ ਹਨ, ਜਿਨ੍ਹਾਂ ਕੋਲ ਅਨੁਭਵ ਹੈ, ਰਸ ਹੈ, ਆਨੰਦ ਹੈ, ਪ੍ਰਕਾਸ਼ ਹੈ, ਸਾਗਰ ਹੋ ਗਏ ਨੇ, ਸੂਰਜ ਹੋ ਗਏ ਨੇ। ਪਰ ਕੁਛ ਬੋਲ ਕੇ ਦੱਸ ਸਕਣ, ਉਹ ਭਾਸ਼ਾ ਦੇ ਗਿਆਨੀ ਨਹੀਂ ਨੇ, ਉਨ੍ਹਾਂ ਕੋਲ ਸ਼ੈਲੀ ਸ਼ਬਦਾਵਲੀ ਨਹੀਂ ਹੈ, ਉਨ੍ਹਾਂ ਕੋਲ ਦਲੀਲਾਂ ਤੇ ਪ੍ਰਮਾਣ ਨਹੀਂ ਨੇ, ਕਿਉਂਕਿ ਉਨ੍ਹਾਂ ਕੋਲ ਦੁਨਿਆਵੀ

ਪੜ੍ਹਾਈ ਨਹੀਂ ਹੈ। ਉਨ੍ਹਾਂ ਪਾਸ ਪਰਮਾਤਮਾ ਦਾ ਗਿਆਨ ਤਾਂ ਹੈ, ਪਰ ਅੱਖਰਾਂ ਦਾ ਗਿਆਨ ਨਹੀਂ ਹੈ। ਭੋਜਨ ਤਾਂ ਬੜਾ ਏ, ਇਸ ਨੂੰ ਵੰਡ ਸਕਣ, ਭਾਂਡੇ ਨਹੀਂ ਹਨ। ਇਹ ਭਾਸ਼ਾਵਾਂ, ਇਹ ਬੋਲਣਾ, ਸਭ ਭਾਂਡੇ ਨੇ। ਇਹ ਦੂਜੀ ਸ਼੍ਰੇਣੀ ਦੇ ਸੰਤ ਨੇ, ਭੋਜਨ ਦੇ ਇਨ੍ਹਾਂ ਕੋਲ ਅੰਬਾਰ ਨੇ, ਪਰ ਵੰਡ ਸਕਣ, ਭਾਂਡੇ ਨਹੀਂ ਹਨ।

ਇਕ ਐਸੇ ਵੀ ਨੇ, ਭਾਂਡੇ ਵੀ ਬਹੁਤ ਸਾਰੇ ਨੇ, ਭੋਜਨ ਵੀ ਬਹੁਤ ਹੈ, ਇਹ ਅਵਤਾਰ ਕਹਿਲਾਂਦੇ ਨੇ, ਇਹ ਵੰਡਦੇ ਹੀ ਰਹਿੰਦੇ ਨੇ। ਇਕ ਤੀਸਰੀ ਕੋਟੀ ਵੀ ਆ ਜਾਂਦੀ ਹੈ—ਸ਼ੈਲੀ ਵੀ ਹੈ, ਸ਼ਬਦਾਵਲੀ ਵੀ ਹੈ, ਦਲੀਲ ਤੇ ਪ੍ਰਮਾਣ ਵੀ ਹੈ, ਜਾਣਦੇ ਵੀ ਨੇ, ਪਰ ਫਿਰ ਵੀ ਨਹੀਂ ਕਹਿੰਦੇ, ਕਿਉਂਕਿ ਉਹ ਸੋਚਦੇ ਨੇ ਕਿ ਇਹ ਸੰਸਾਰੀ, ਇਹ ਪੱਛੜਿਆ ਹੋਇਆ ਜਗਤ, ਇਹ ਸੁੱਤੇ ਹੋਏ ਲੋਕ ਵੱਟੇ ਮਾਰਨਗੇ, ਪੱਥਰ ਮਾਰਨਗੇ, ਸੂਲੀ 'ਤੇ ਲਟਕਾਉਣਗੇ, ਇਹ ਲੋਕ ਤੱਤੀ ਤਵੀ 'ਤੇ ਬਿਠਾਲਣਗੇ, ਦੀਵਾਰਾਂ ਵਿਚ ਚਿਣ ਦੇਣਗੇ, ਤੋ ਉਹ ਨਹੀਂ ਬੋਲਦੇ। ਉਹ ਸੂਲੀ 'ਤੇ ਚੜ੍ਹਨੋਂ, ਤੱਤੀ ਤਵੀ 'ਤੇ ਬੈਠਣ ਤੋਂ ਬਚੇ ਰਹਿੰਦੇ ਨੇ। ਪਰ ਜਿਨ੍ਹਾਂ ਨੇ ਦ੍ਰਿੜ੍ਹ ਇਰਾਦਾ ਕੀਤਾ ਹੁੰਦਾ ਹੈ, ਉਨ੍ਹਾਂ ਪੱਥਰ ਖਾ ਕੇ ਵੀ ਬੋਲਣਾ ਹੈ, ਤੱਤੀ ਤਵੀ 'ਤੇ ਬੈਠ ਕੇ ਵੀ ਬੋਲਣਾ ਹੈ, ਦੀਵਾਰਾਂ ਵਿਚ ਚਿਣੇ ਜਾਣ 'ਤੇ ਵੀ ਬੋਲਣਾ ਹੈ, ਕਿਉਂਕਿ ਉਹਨਾਂ ਵਿੱਚੋਂ ਸ਼ਾਇਦ ਕੋਈ ਇਕ-ਅੱਧ ਸਮਝਣ ਵਾਲਾ ਵੀ ਹੋਵੇ। ਔਰ ਹਮੇਸ਼ਾ ਇਸ ਕਿਸਮ ਦੇ ਪੁਰਸ਼ ਕਿਸੇ ਇਕ-ਅੱਧ ਪੁਰਸ਼ ਲਈ ਬੋਲਦੇ ਨੇ। ਬੋਲਦੇ ਭਾਵੇਂ ਸਮੂਹ ਵਿਚ ਨੇ, ਲਾਭ ਕਿਸੇ ਇਕ-ਅੱਧ ਨੂੰ ਹੁੰਦਾ ਹੈ। ਅਗਰ ਇਸ ਤਰ੍ਹਾਂ ਦੇ ਅਵਤਾਰੀ ਪੁਰਸ਼ ਸੰਤਾਂ ਦੀ ਤਰ੍ਹਾਂ, ਜੋ ਪਹੁੰਚੇ ਹੋਏ ਨੇ, ਚੁੱਪ ਕਰ ਜਾਣ ਤਾਂ ਜੋ ਇਕ-ਅੱਧ ਪਹੁੰਚ ਸਕਦਾ ਸੀ, ਉਹ ਵੀ ਨਹੀਂ ਪਹੁੰਚੇਗਾ। ਇਸ ਤਰ੍ਹਾਂ ਦੇ ਮਹਾਨ ਅਵਤਾਰੀ ਪੁਰਸ਼ ਕਿਸੇ ਇਕ-ਅੱਧ ਲਈ ਬੋਲਦੇ ਰਹੇ ਨੇ ਔਰ ਉਹ ਇਕ-ਅੱਧ ਮਨੁੱਖ ਪਹੁੰਚ ਜਾਂਦਾ ਹੈ। ਸਿਰਫ਼ ਉਨ੍ਹਾਂ ਅਵਤਾਰਾਂ ਦਾ ਸਦਕਾ ਜੋ ਪੱਥਰ ਖਾ ਕੇ, ਤੱਤੀ ਤਵੀ 'ਤੇ ਬੈਠ ਕੇ, ਬੰਦ ਬੰਦ ਕਟਵਾ ਕੇ ਵੀ ਬੋਲੇ, ਦੀਵਾਰਾਂ ਵਿਚ ਚਿਣੇ ਜਾਣ 'ਤੇ ਵੀ ਬੋਲੇ, ਸੂਲੀ 'ਤੇ ਲਟਕ ਕੇ ਵੀ ਬੋਲੇ ਔਰ ਚਾਂਦਨੀ ਚੌਕ ਦਿੱਲੀ ਵਿਚ ਸ਼ਹੀਦ ਹੋ ਕੇ ਵੀ ਬੋਲੇ। ਇਹ ਸੰਤ ਤਿੰਨ ਕੋਟੀਆਂ ਦੇ ਵਿਚ ਆ ਜਾਂਦੇ ਨੇ—ਪ੍ਰਥਮ, ਦੁਇਮ ਤੇ ਸੋਮ, ਭਾਵ ਪਹਿਲਾ, ਦੂਜਾ ਤੇ ਤੀਜ਼ਾ ਦਰਜਾ। ਇਹ ਸੰਤ ਸਿਖਰ 'ਤੇ ਪਹੁੰਚੇ ਹੁੰਦੇ ਨੇ, ਬੁਲੰਦੀਆਂ 'ਤੇ ਹੁੰਦੇ ਨੇ, ਪੂਰਨ ਸੂਰਜ ਹੋ ਗਏ ਹੁੰਦੇ ਨੇ, ਇਹ ਪੂਰਨ ਸਾਗਰ ਹੋ ਗਏ ਹੁੰਦੇ ਨੇ, ਜਿਸ ਨੂੰ ਗੁਰਬਾਣੀ ਇੰਜ ਬਿਆਨ ਕਰਦੀ ਹੈ:

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥

(ਬਿਲਾਵਲੁ ਮ: ੫, ਪੰਨਾ 846)

ਇਹ ਸੰਤ ਉਹ ਨੇ, ਜੋ ਪੂਰਨ ਹੋ ਗਏ ਨੇ; ਇਹ ਉਹ ਚਿੰਗਾਰੀ ਹੈ, ਜੋ ਸੂਰਜ ਹੋ ਗਈ; ਇਹ ਉਹ ਬੂੰਦ ਹੈ, ਜੋ ਸਾਗਰ ਹੋ ਗਈ। ਜੋ ਰਸਤੇ ਵਿਚ ਹੈ, ਉਹ ਸਾਧੂ ਹੈ; ਜੋ ਚੱਲਣ ਦੀ ਜਗਿਆਸਾ ਪੈਦਾ ਕਰ ਚੁੱਕਿਆ ਹੈ, ਜਗਿਆਸੂ ਹੈ। ਔਰ ਜਿਸਦੇ ਅੰਦਰ ਚੱਲਣ ਦੀ ਜਗਿਆਸਾ ਹੀ ਅਜੇ ਪੈਦਾ ਨਹੀਂ ਹੋਈ, ਬਸ ਉਹ ਹੀ ਸੰਸਾਰੀ ਹੈ। ਸੰਸਾਰੀਆਂ ਦੀ ਬਹੁਤ ਵੱਡੀ ਭੀੜ ਹੈ। ਇਨ੍ਹਾਂ ਵਿਚ ਕੋਈ ਇਕ-ਅੱਧ ਜਗਿਆਸੂ ਹੈ। ਜਗਿਆਸੂਆਂ ਦੀ ਵੀ ਬਹੁਤ ਵੱਡੀ ਭੀੜ ਹੈ, ਇਨ੍ਹਾਂ ਵਿਚ ਵੀ ਕੋਈ ਇਕ-ਅੱਧ ਸਾਧੂ ਹੈ, ਤੇ ਸਾਧੂਆਂ ਦੀ ਵੀ ਬਾਕਾਇਦਾ ਜਗਤ ਵਿਚ ਛੋਟੀ ਜਿਹੀ ਭੀੜ ਹੈ, ਪਰ ਸਮੁੱਚੇ ਜਗਤ ਵਿਚ ਇਕ-ਅੱਧ ਹੀ ਸੰਤ ਹੈ, ਜੋ ਪਹੁੰਚਿਆ ਹੋਇਆ ਹੈ। ਔਰ ਐਸੇ ਪਹੁੰਚੇ ਹੋਏ ਕਈ ਦਫ਼ਾ ਕਹਿ ਉਠਦੇ ਨੇ ਕਿ ਅਸੀਂ ਸਾਗਰ ਹੋ ਗਏ ਹਾਂ:

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥

(ਸੋਰਠਿ ਮ: ੯, ਪੰਨਾ 633)

ਐਸੇ ਸੰਤ ਇਸ ਤਰ੍ਹਾਂ ਵੀ ਕਹਿ ਦਿੰਦੇ ਨੇ:

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥
ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥

(ਰਾਮਕਲੀ ਕਬੀਰ ਜੀ, ਪੰਨਾ 969)

ਹਰ ਇਕ ਦੀ ਮੰਜ਼ਿਲ ਰਾਮ ਹੈ, ਖ਼ੁਦਾ ਹੈ, ਵਾਹਿਗੁਰੂ ਹੈ ਔਰ ਜਦ ਕੋਈ ਪਹੁੰਚ ਜਾਂਦਾ ਹੈ, ਗੁਰਮਤਿ ਵਿਚ ਕਹਿੰਦੇ ਨੇ ਖ਼ਾਲਸਾ; ਪ੍ਰਾਚੀਨ ਸੰਸਕ੍ਰਿਤ ਭਾਸ਼ਾ ਵਿਚ ਕਹਿੰਦੇ ਨੇ ਸੰਤ। ਮਾਂ-ਬਾਪ ਦੇ ਸਰੀਰ ਵਿਚ ਜੋ ਤੱਤ ਹੈ, ਉਹ ਸੁਤ ਹੈ, ਪਰ ਸਤਿ ਦਾ ਜੋ ਤੱਤ ਹੈ, ਉਹ ਸੰਤ ਹੈ, ਜਿਸਦੇ ਰੋਮ ਰੋਮ ਵਿੱਚੋਂ ਸਤਿ ਨਿਕਲਦਾ ਹੈ। ਜਿਸਦਾ ਵੇਖਣਾ ਸਤਿ, ਜਿਸਦਾ ਸੁਣਨਾ ਸਤਿ, ਜਿਸਦਾ ਬੋਲਣਾ ਸਤਿ, ਜਿਸਦਾ ਸੋਚਣਾ ਸਤਿ, ਜਿਸਦਾ ਜੀਵਣਾ ਸਤਿ, ਜਿਸਦਾ ਜਨਮ ਸਤਿ, ਜਿਸਦਾ ਮਰਨ ਸਤਿ—ਉਹ ਸੰਤ ਹੈ। ਸੰਤ ਕਹਿਲਾਣ ਵਾਲੇ ਤਾਂ ਬਹੁਤ ਨੇ, ਪਰ ਅਸਲੀ ਸੰਤ ਕੋਈ ਕੋਈ ਹੈ। ਕੋਈ ਇਕ-ਅੱਧ ਹੀ ਹੈ, ਜਿਸ ਨੂੰ ਅਸੀਂ ਸੰਤ ਕਹਿ ਸਕਦੇ ਹਾਂ। ਸੰਤ ਤੇ ਰਾਮ ਵਿਚ ਜ਼ਰਾ ਜਿੰਨਾ ਵੀ ਭੇਦ ਨਹੀਂ ਹੈ: "ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥"

ਸੰਤ ਕਾ ਸੰਗੁ ਵਡਭਾਗੀ ਪਾਈਐ॥

(ਗਉੜੀ ਸੁਖਮਨੀ ਮ: ੫, ਪੰਨਾ 265)

ਐਸੇ ਸੰਤ ਦਾ ਸੰਗ, ਕਦੀ ਕਦਾਈਂ ਭਾਗਾਂ ਅਨੁਸਾਰ ਨਸੀਬ ਹੁੰਦਾ ਹੈ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥

(ਗਉੜੀ ਮ: ੫, ਪੰਨਾ 204)

ਜਨਮਾਂ-ਜਨਮਾਂਤਰਾਂ ਦੀ ਸੁੱਤੀ ਹੋਈ ਚੇਤਨਾ ਜਾਗ ਪਈ ਹੈ, ਕਿਉਂਕਿ ਰਸ ਨਾਲ ਭਰਿਆ ਹੋਇਆ ਜਗਤ ਦਾ ਕੋਈ ਐਸਾ ਬੈਰਾਗੀ, ਪੂਰਨ ਤੌਰ 'ਤੇ ਜਾਗਿਆ ਹੋਇਆ, ਉਸ ਦੀ ਭੇਟ ਨਸੀਬ ਹੋ ਗਈ, ਉਸਦੇ ਦੀਦਾਰ ਨਸੀਬ ਹੋ ਗਏ, ਉਸਦਾ ਮਿਲਣਾ ਨਸੀਬ ਹੋ ਗਿਆ। ਇਸ ਤਰ੍ਹਾਂ ਪੂਰਨ ਤੌਰ 'ਤੇ ਸੁੱਤੀ ਹੋਈ ਚੇਤਨਾ, ਪੂਰਨ ਤੌਰ 'ਤੇ ਜਾਗ ਪਈ।

ਸੰਤ ਦੇ ਵੀ ਲੱਛਣ ਹੁੰਦੇ ਨੇ, ਸੰਤ ਦਾ ਕੁਛ ਸੁਭਾਅ ਹੁੰਦਾ ਹੈ ਔਰ ਸੰਤ ਦਾ ਸੁਭਾਅ ਉਹ ਹੀ ਹੁੰਦਾ ਹੈ, ਜੋ ਪਰਮਾਤਮਾ ਦਾ ਸੁਭਾਅ ਹੁੰਦਾ ਹੈ। ਪਰਮਾਤਮਾ ਸਾਰਿਆਂ ਦਾ ਇਕ ਹੈ ਔਰ ਉਸ ਦੀ ਦ੍ਰਿਸ਼ਟੀ ਵਿਚ ਸਾਰੇ ਇਕ ਨੇ, ਸੰਤ ਦੀ ਦ੍ਰਿਸ਼ਟੀ ਵਿਚ ਵੀ ਸਾਰੇ ਇਕ ਨੇ। ਪਰਮਾਤਮਾ ਪ੍ਰੇਮ ਦਾ ਸਾਗਰ ਹੈ, ਸੰਤ ਵੀ ਪ੍ਰੇਮ ਦਾ ਸਾਗਰ ਹੈ। ਪਰਮਾਤਮਾ ਨਿਰਵੈਰ ਹੈ, ਨਿਰਭੈ ਹੈ; ਸੰਤ ਵੀ ਨਿਰਭੈ ਅਤੇ ਨਿਰਵੈਰ ਹੁੰਦਾ ਹੈ, ਵੈਰ ਤੋਂ ਰਹਿਤ ਹੁੰਦਾ ਹੈ। ਪਰਮਾਤਮਾ ਰਸ ਦਾ ਸਾਗਰ ਹੈ, ਆਨੰਦ ਦਾ ਸੋਮਾ ਹੈ; ਸੰਤ ਵੀ ਆਨੰਦ ਦਾ ਸੋਮਾ ਹੈ, ਸੰਤ ਵੀ ਰਸ ਦਾ ਸਾਗਰ ਹੈ। ਪਰਮਾਤਮਾ ਰਸ ਦਾ ਦਾਤਾ ਹੈ, ਭਿਖਾਰੀ ਨਹੀਂ; ਸੰਤ ਵੀ ਦਾਤਾ ਹੈ।

ਓਇ ਦਾਤੇ ਦੁਖ ਕਾਟਨਹਾਰ॥ *(ਗਉੜੀ ਮ: ੫, ਪੰਨਾ 285)*

ਉਹ ਤਾਂ ਦੁਖਾਂ ਨੂੰ ਕੱਟਣ ਵਾਲੇ ਹੁੰਦੇ ਨੇ, ਉਹ ਸੁਖਾਂ ਦੇ ਦੇਣ ਵਾਲੇ ਹੁੰਦੇ ਨੇ, ਉਹ ਵੀ ਦਾਤੇ ਹੁੰਦੇ ਨੇ। ਪਰਮਾਤਮਾ ਜਨਮ ਤੇ ਮਰਨ ਵਿਚ ਨਹੀਂ ਹੈ, ਸੰਤ ਵੀ ਜਨਮ-ਮਰਨ ਤੋਂ ਰਹਿਤ ਹੈ:

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥

(ਸੂਹੀ ਮ: ੫, ਪੰਨਾ 749)

ਪਰਮਾਤਮਾ ਦੀ ਮਹਿਮਾ ਬਿਆਨ ਨਹੀਂ ਕੀਤੀ ਜਾ ਸਕਦੀ, ਕਿਉਂਕਿ ਪਰਮਾਤਮਾ ਸੰਤ ਹੈ, ਸੰਤ ਪਰਮਾਤਮਾ ਹੈ। ਸਾਗਰ ਬੂੰਦ ਹੈ, ਬੂੰਦ ਸਾਗਰ ਹੈ, ਅਗਰ ਬੂੰਦ ਸਾਗਰ ਵਿਚ ਲੀਨ ਹੋ ਜਾਏ, ਇਹ ਸਾਰਥਕ ਪੰਕਤੀ ਮੈਂ ਫਿਰ ਦੁਹਰਾਵਾਂ:

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥

•